


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# *The Spoken Word*

*By*

**WILLIAM MARRION BRANHAM**

# ਮੋਹਰਾਂ ਉੱਤੇ ਪ੍ਰਸ਼ਨ ਅਤੇ ਉੱਤਰ

**(QUESTIONS AND ANSWERS ON THE SEALS)**

24 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਮੋਹਰਾਂ ਉੱਤੇ ਪ੍ਰਸ਼ਨ ਅਤੇ ਉੱਤਰ
## (QUESTIONS AND ANSWERS ON THE SEALS)

**WILLIAM MARRION BRANHAM**

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org

425 ਔਹ, ਕੀ ਇਹ ਵਧੀਆ ਨਹੀਂ ਹੈ। [ਸੰਗਤ ਅਨੰਦ ਨਾਲ ਭਰੀ ਹੋਈ ਆਖਦੀ ਹੈ, "ਆਮੀਨ। "-ਸੰਪਾ]ਮੈਂ ਇਹ ਪ੍ਰਤੀਤ ਕਰਦਾ ਹਾਂ ਕਿ ਜੇ ਹਰ ਇੱਕ ਮਨੁੱਖ ਇਸ ਸਵੇਰ ਇੱਥੇ ਉਸ ਸ਼ਾਨਦਾਰ ਮਸ੍ਹਾ ਦੇ ਹੇਠਾਂ ਹੋ ਕੇ ਆਇਆ ਹੈ, ਮੈਂ ਨਿਹਚਾ ਕਰਦਾ ਹਾਂ ਕਿ, ਜੇ ਤੁਸੀਂ ਬਸ ......ਹੁਣ ਤੁਸੀਂ ਕਿਸੇ ਮਹਾਨ ਚੀਜ ਵੱਲ ਉਤਾਂਹ ਨਾ ਵੇਖੋ । ਪਰ ਤੁਸੀਂ ਉਸਦੇ ਵਾਦੇ ਤੇ ਨਿਹਚਾ ਕਰਨ ਦੀ ਸਧਾਰਨ ਗੱਲ ਯਾਦ ਰੱਖੋ।

426 ਹੁਣ,ਆਓ ਇਸਨੂੰ ਸਾਰੇ ਇਕੱਠੇ ਕਹੀਏ। ਅਸੀਂ [ਸੰਗਤ ਆਖਦੀ ਹੈ,"ਅਸੀਂ "-ਸੰਪਾ] ਕਿਸੇ ਮਹਾਨ ਘਟਨਾ ["ਕਿਸੇ ਮਹਾਨ ਘਟਨਾ"] ਲਈ ਨਹੀਂ ਵੇਖਦੇ ਹਾਂ [ਲਈ ਨਹੀਂ ਵੇਖਦੇ ਹਾਂ] ਪ੍ਰੰਤੂ ਅਸੀਂ ਤਾਂ ਪ੍ਰਭੂ ਯਿਸੂ ਦੇ ਨਾਮ ਵਿੱਚ [ਪ੍ਰੰਤੂ ਅਸੀਂ ਤਾਂ ਪ੍ਰਭੂ ਯਿਸੂ ਦੇ ਨਾਮ ਵਿੱਚ] ਉਸਦੇ ਵਾਅਦੇ ਨੂੰ ਕਬੂਲ ਕਰਦੇ ਹਾਂ [ਉਸਦੇ ਵਾਅਦੇ ਨੂੰ ਕਬੂਲ ਕਰਦੇ ਹਾਂ]

427 ਇਹ ਹੀ ਇਸਨੂੰ ਤਹਿ ਕਰਦਾ ਹੈ। ਇਹ ਹੀ ਇਹਨੂੰ ਪੂਰਾ ਕਰਦਾ ਹੈ [ਸੰਗਤ ਉੱਚੀ ਅਵਾਜ਼ ਨਾਲ ਅਨੰਦ ਮਨਾਉਂਦੀ ਹੈ ਅਤੇ ਆਮੀਨ ਆਖਦੀ ਹੈ-ਸੰਪਾ] ਆਮੀਨ!ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ!

# ਮੋਹਰਾਂ ਉੱਤੇ ਪ੍ਰਸ਼ਨ ਅਤੇ ਉੱਤਰ
# (QUESTIONS AND ANSWERS ON THE SEALS)

[ਇੱਕ ਭਾਈ ਪਰਾਈ ਭਾਖਿਆ ਬੋਲਦਾ ਹੈ ਅਤੇ ਕੋਈ ਹੋਰ ਭਾਈ ਉਸਦਾ ਅਨੁਵਾਦ ਕਰਦਾ ਹੈ। ਸੰਗਤ ਉੱਚੀ ਅਵਾਜ ਵਿੱਚ ਦੁਆ ਕਰਦੀ ਹੈ-ਸੰਪਾ]

ਸਾਡੇ ਸੁਰਗੀ ਪਿਤਾ, ਅਸੀਂ ਯਕੀਨਨ ਹੀ ਇਸ ਸਮੇਂ ਲਈ ਤੇਰੇ ਧੰਨਵਾਦੀ ਹਾਂ ਕਿ ਅਸੀਂ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ,ਪ੍ਰਮੇਸ਼ੁਰ ਦੇ ਵਚਨ ਦੇ ਦੁਆਲੇ ਸੰਗਤੀ ਕਰ ਸੱਕਦੇ ਹਾਂ। ਅਸੀਂ ਬੜੇ ਹੀ ਧੰਨਵਾਦੀ ਹਾਂ ਕਿ ਤੂੰ ਇਸ ਸਵੇਰ ਸਾਡੀ ਸਹਾਇਤਾ ਕਰਨ ਲਈ ਅਤੇ ਸਾਨੂੰ ਬਰਕਤ ਦੇਣ ਲਈ ਸਾਡੇ ਨਾਲ ਹੈਂ। ਅਸੀਂ ਤੇਰੇ ਕੋਲੋਂ ਆਪਣੇ ਪਾਪਾਂ ਦੀ ਮਾਫੀ ਮੰਗਦੇ ਹਾਂ ਤਾਂ ਕਿ ਸਾਡੇ ਚਰਾਗ ਤੇਲ ਨਾਲ ਭਰੇ ਰਹਿਣ ਅਤੇ ਸਾਫ-ਸੁਥਰੇ ਅਤੇ ਜਲਦੇ ਰਹਿਣ ਤਾਂ ਕਿ ਤੂੰ ਆਪਣੇ ਮਹਾਨ ਨਾਮ ਨੂੰ ਆਦਰ ਦੇਣ ਲਈ ਸਾਨੂੰ ਇਸਤੇਮਾਲ ਕਰੇਂ। ਅਸੀਂ ਇਹ ਬੇਨਤੀ ਪਰਮੇਸ਼ੁਰ ਦੇ ਪਿਆਰੇ ਪੁੱਤਰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

ਤੁਸੀਂ ਬੈਠ ਸੱਕਦੇ ਹੋ।

2 ਮੈਂ ਜਿਵੇਂ ਹੀ ਅੰਦਰ ਆ ਰਿਹਾ ਸੀ ਤਾਂ ਮੈਂ ਉਸ ਸੰਦੇਸ਼ ਨੂੰ ਸੁਣਿਆ ਜਿਹੜਾ ਚੱਲ ਰਿਹਾ ਸੀ। ਇਸ ਲਈ ਮੈਂ .....ਇਹ ਸੱਚ ਹੈ ਕਿ ਸਾਨੂੰ ਇਹਦੀ ਲੋੜ ਹੈ ਕਿ ਸਾਡੇ ਦੀਵੇ ਬਲਦੇ ਰਹਿਣ, ਅਸੀਂ ਆਪਣੇ ਵਿੱਚ ਰੱਖੀਏ ......ਤੁਸੀਂ ਜਾਣਦੇ ਹੋ ਕਿ ਜਦ ....ਜਦੋਂ ਤੁਸੀਂ ਆਪਣਾ ਦੀਵਾ ਬਾਲਦੇ ਹੋ ਤਾਂ ਤੁਸੀਂ ਉਹ ਕਰਦੇ ਨਹੀਂ ਰਹਿ ਸੱਕਦੇ ਜੋ ਤੁਸੀਂ ਪਹਿਲਾਂ ਕੀਤਾ ਸੀ। ਸਮਝੇ? ਕਿਉਂਕਿ ਉਹ ਅੱਗ ਜਿਹੜੀ ਤੇਲ ਦੇ ਬਲਣ ਨਾਲ ਪੈਦਾ ਹੋ ਰਹੀ ਹੈ ਕਾਰਬਨ ਬਣਾਉਂਦੀ ਹੈ। ਇਹੋ ਹੀ ਕਾਰਨ ਹੈ ਕਿ ਸਫਾਈ .....ਤੁਹਾਨੂੰ ਆਪਣਾ ਦੀਵਾ ਸਾਫ ਕਰਨਾ ਪੈਂਦਾ ਹੈ ਕਿਉਂਕਿ ਬੱਤੀ ਦੇ ਉੱਤੇ ਕਾਰਬਨ ਇਕੱਠਾ ਹੋ ਜਾਂਦਾ ਹੈ। ਤੁਹਾਡੇ ਵਿੱਚੋਂ ਬਹੁਤ ਸਾਰੇ ਜਿਹੜੇ ਮੇਰੀ ਉਮਰ ਦੇ ਹਨ ਜਾਣਦੇ ਹਨ ਕਿ ਜਦੋਂ ਅਸੀਂ ਕੋਲ ਲੈਂਪ ਵਰਤਦੇ ਸੀ ਤਾਂ ਕਾਰਬਨ ਬੱਤੀ ਦੇ ਉੱਤੇ ਜਮਾਂ ਹੋ ਜਾਂਦਾ ਹੈ, ਜਿੱਥੇ ਬੱਤੀ ਜਲਦੀ ਹੈ, ਇਸ ਲਈ ਇਹ ਰੋਸ਼ਨੀ ਵਿੱਚ ਵਿਘਨ ਪਾਉਂਦੀ ਹੈ। ਇਸ ਲਈ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਸ ਕਾਰਬਨ ਨੂੰ ਸਾਫ ਕਰ ਦਿਓ ਅਤੇ ਆਪਣੇ ਦੀਵੇ ਨੂੰ ਠੀਕ ਕਰ ਲਓ ਤਾਂ ਕਿ ਅਸੀਂ, " ਮਸੀਹ ਵਿੱਚ ਮਹਾਨ ਸੱਦੇ ਦੀ ਬੁਲਾਹਟ ਦੇ ਵੱਲ ਅਗਾਂਹ ਨਿਸ਼ਾਨੇ ਵੱਲ ਵੱਧਦੇ ਜਾਈਏ।"

3 ਹੁਣ ਜਿਉਂ-ਜਿਉਂ ਇਹ ਈਸਟਰ ਦਾ ਮੌਸਮ ਨੇੜੇ ਆ ਰਿਹਾ ਹੈ ਬਾਹਰ ਅਤੇ ਅੰਦਰ ਬਹੁਤ ਹੀ ਸੁੰਦਰ ਸਵੇਰ ਹੈ।

4 ਅਤੇ ਜੇ ਅੱਜ ਰਾਤ ਪ੍ਰਮੇਸ਼ੁਰ ਦੀ ਮਰਜੀ ਹੋਈ ਤਾਂ ਅਸੀਂ ਆਖਰੀ ਮੋਹਰ ਤੇ ਆਵਾਂਗੇ। ਅਤੇ ਇਹ ਬੜੀ ਭੇਤਭਰੀ ਮੋਹਰ ਹੈ, ਇਹ ਬਹੁਤ -ਬਹੁਤ ਹੀ ਗੁਪਤ ਮੋਹਰ ਹੈ ਕਿਉਂਕਿ ਲਿਖਤਾਂ ਵਿੱਚ ਕਿਤੇ ਵੀ ਨਾ ਤਾਂ ਨਮੂਨੇ ਦੇ ਤੌਰ ਤੇ ਨਾ ਕਿਸੇ ਹੋਰ ਢੰਗ ਨਾਲ ਵਰਣਨ ਪਾਇਆ ਜਾਂਦਾ ਹੈ। ਇਹ ਤਾਂ ਸਿੱਧੀ ਹੀ ਸੁਰਗ ਤੋਂ ਆਉਣੀ ਹੈ। ਸਮਝੇ?

5 ਅਤੇ ਇਹ ਇੱਕ ਤਰ੍ਹਾਂ ਨਾਲ ਮੇਰੇ ਲਈ ਬੜਾ ਹੀ ਤਨਾਵ ਵਾਲਾ ਸਮਾਂ ਹੈ। ਸਾਰਾ ਹਫਤਾ ਹੀ ਮੇਰੇ ਨਾਲ ਇਸੇ ਤਰ੍ਹਾਂ ਹੀ ਰਿਹਾ ਹੈ। ਹੁਣ ਇਹ ਮੇਰਾ ......ਮੈਂ ਅੱਠ ਦਿਨ ਹੋ ਗਏ ਆਪਣੇ ਕਮਰੇ ਵਿੱਚ ਹੀ ਹਾਂ। ਅਤੇ ਮੈਂ ਇੱਥੇ ਇਨ੍ਹਾਂ ਬੇਨਤੀਆਂ ਤੇ ਧਿਆਨ ਦਿੱਤਾ ਅਤੇ ਮੈਂ ਇਹਨਾਂ ਵਿੱਚੋਂ ਕੁਝ ਕੁ ਨੂੰ ਚੁਣਨਾ ਹੈ। ਬਹੁਤ ਸਾਰੀਆਂ ਅਜਿਹੀਆਂ ਬੇਨਤੀਆਂ ਸਨ ਜਿਹਦੇ ਵਿੱਚ ਲੋਕਾਂ ਨੇ ਮੇਰੇ ਨਾਲ ਮੁਲਾਕਾਤ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ। ਮੁਲਾਕਾਤਾਂ ਕਰਨਾ ਮੈਨੂੰ ਚੰਗਾ ਲੱਗਦਾ ਹੈ। ਮੈਂ ਇਹ ਹੁਣੇ ਹੀ ਕਰਨਾ ਚਾਹੁੰਦਾ ਹਾਂ, ਪਰ ਮੈਂ ਇਹ ਹੁਣ ਨਹੀਂ ਕਰ ਸੱਕਦਾ ਹਾਂ ਕਿਉਂਕਿ ਤੁਸੀਂ ਸਮਝਦੇ ਹੋ ਕਿ ਹੁਣ ਅਸੀਂ ਸੱਭ ਕੁਝ ਜੋ ਕਰਨਾ ਚਾਹੁੰਦੇ ਹਾਂ ਉਹ ਪ੍ਰਭੂ ਦੀ ਇੱਛਾ ਦੇ ਪ੍ਰਕਾਸ਼ ਨੂੰ ਜਾਨਣਾ। ਤੁਸੀਂ ਵੇਖੋ, ਜੇ ਅਸੀਂ ਅਜਿਹੇ ਵਿੱਚ ਮੁਲਾਕਾਤਾਂ ਕਰਦੇ ਹਾਂ ਤਾਂ ਇਹ ਤੁਹਾਨੂੰ ਵੱਖਰੇ ਹੀ ਕਰ ਦਿੰਦਾ ਹੈ, ਇਹ ਤੁਹਾਨੂੰ ਕਿਸੇ ਹੋਰ ਗੱਲ ਵੱਲ ਕਿਸੇ ਹੋਰ ਪਾਸੇ ਲੈ ਜਾਂਦਾ ਹੈ।

6 ਅਤੇ ਫਿਰ ਇਹ ਵੀ ਹੈ ਕਿ ਬਿਮਾਰਾਂ ਲਈ ਬੇਨਤੀ ਕਰਨਾ, ਇਹ ਪੂਰੀ ਤਰ੍ਹਾਂ ਹੀ ਵੱਖਰਾ ਹੈ। ਤੁਸੀਂ .....ਇਹ ਤਾਂ ਦਰਸ਼ਨ ਅਤੇ ਹੋਰ ਦੂਸਰੀਆਂ ਗੱਲਾਂ ਹੁੰਦੀਆਂ ਹਨ, ਤੁਹਾਡਾ ਅਧਿਐਨ ਵੱਖ ਹੁੰਦਾ ਹੈ ਅਤੇ ਤੁਹਾਡੇ ਤੇ ਜਿਹੜਾ ਮਸ੍ਹਾ ਹੁੰਦਾ ਹੈ ਉਹ ਵੀ ਵੱਖਰਾ ਹੁੰਦਾ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਬਾਈਬਲ ਆਖਦੀ ਹੈ, "ਇੱਕ ਬ੍ਰਿਛ ਜਿਹੜਾ ਨਦੀਆਂ ਦੇ ਪਾਣੀ ਕਿਨਾਰੇ ਲਗਾਇਆ ਗਿਆ ਹੈ। " "ਨਦੀਆਂ ਦਾ ਪਾਣੀ ਤਾਂ ਇੱਕ ਹੀ ਪਾਣੀ ਹੁੰਦਾ ਹੈ ਪਰ ਇੱਕ ਨਿਕਾਸ ਹੁੰਦਾ ਹੈ ਜੋ *ਇਸ* ਰਾਹ ਥਾਣੀਂ ਆਉਂਦਾ ਹੈ; *ਇਸ* ਰਾਹ ਥਾਣੀਂ ਆਉਂਦਾ ਹੈ ਅਤੇ *ਇਸ* ਰਾਹ ਤੋਂ ਆਉਂਦਾ ਹੈ। ਪਰ ਇਹ ਹੁੰਦਾ ਤਾਂ ਇੱਕ ਹੀ ਆਤਮਾ ਹੈ ਪ੍ਰੰਤੂ ਇਸਤੇ ਨਿਰਭਰ ਕਰਦਾ ਹੈ ਕਿ ਇਹ ਕਿਸ ਨਿਕਾਸ ਥਾਣੀਂ ਆ ਰਿਹਾ ਹੈ।

7 ਪਹਿਲਾ ਕੁਰਿੰਥੀਆਂ 12 ਵਿੱਚ ਪੋਲੁਸ ਨੇ ਇਸੇ ਗੱਲ ਦੇ ਬਾਰੇ ਵਿੱਚ ਹੀ ਕਿਹਾ ਸੀ, " ਦਾਤਾਂ ਤਾਂ ਕਈ ਤਰ੍ਹਾਂ ਦੀਆਂ ਹਨ ਪ੍ਰੰਤੂ ਆਤਮਾ ਇੱਕ ਹੀ ਹੈ। "

8 ਇਸ ਲਈ ਜੇ ਤੁਸੀਂ ਕਿਸੇ ਇੱਕ ਗੱਲ ਤੇ ਕੰਮ ਕਰ ਰਹੇ ਹੋ ਅਤੇ ਫਿਰ ਤੁਸੀਂ ਉੱਥੇ ਹੀ ਕਿਸੇ ਦੂਸਰੀ ਗੱਲ ਤੇ ਆਉਂਦੇ ਹੋ ਤਾਂ ਫਿਰ ਇੱਕ ਪ੍ਰੀਵਰਤਨ ਆ ਜਾਂਦਾ ਹੈ। ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ। ਤੁਸੀਂ ਉਸ ਲਾਈਨ ਤੇ ਅਧਿਐਨ ਕਰਦੇ ਜਾ ਰਹੇ ਹੋ ਤੁਸੀਂ ਲੋਕਾਂ ਨੂੰ ਲਿਆਉਂਦੇ ਹੋ .....ਅਤੇ ਹੁਣ ਉਨ੍ਹਾਂ ਦੇ ਦਿਲ ਪੂਰੀ ਤਰ੍ਹਾਂ ਬਿਵਸਥਾ ਵਿੱਚ ਹਨ। ਇਹ ਮੋਹਰਾਂ ਕੀ ਹਨ?ਉਹਨਾਂ ਦਾ ਪੂਰਾ ਧਿਆਨ ਇਸੇ ਉੱਤੇ ਹੀ ਲੱਗਾ ਹੋਇਆ ਹੈ ਕਿ "ਇਹ ਕੀ ਹੈ?" ਇੱਕ ਰਾਤ ਤੋਂ ਬਾਦ ਦੂਜੀ ਰਾਰ ਜਦ ਮੈਂ ਇੱਥੇ ਆਉਂਦਾ ਹਾਂ ਤਾਂ ਮੈਂ ਏਨਾ ਜਿਆਦਾ ਤਨਾਓ ਵਿੱਚ ਹੁੰਦਾ ਹਾਂ ਕਿ ਮੈਨੂੰ ਕਿਸੇ ਹੋਰ ਗੱਲ ਦੇ ਬਾਰੇ ਵਿੱਚ ਤਦ ਤੱਕ ਗੱਲ ਕਰਨੀ ਪੈਂਦੀ ਹੈ ਜਦ ਤੱਕ ਪਵਿੱਤਰ ਆਤਮਾ ਹੀ ਉਸ ਮੋਹਰ ਨੂੰ ਨਹੀਂ ਖੋਲ੍ਹਦਾ ਹੈ, ਤਾਂ ਕਿ ਮੈਂ ਇੱਕ ਤਰ੍ਹਾਂ ਨਾਲ ਉਸ ਤਨਾਓ ਨੂੰ ਸ਼ਾਂਤ ਕਰ ਸਕਾਂ । ਅਤੇ ਫਿਰ -ਮੈਨੂੰ ਇਸ ਤਰ੍ਹਾਂ ਹਰੇਕ ਰਾਤ ਕਰਨਾ ਪੈਂਦਾ ਹੈ। ਫਿਰ ਜਦੋਂ ਅਸੀਂ ਇਹਨੂੰ ਚੰਗਾਈ ਜਾਂ ਕਿਸੇ ਹੋਰ ਕੰਮ ਵਿੱਚ ਤਬਦੀਲ ਕਰ ਦੇਈਏ ਤਾਂ ਤੁਸੀਂ ਵੇਖੋ ਕਿ .....ਲੋਕਾਂ ਦਾ ਧਿਆਨ ਪੂਰੀ ਤਰ੍ਹਾਂ ਇੱਕ ਪਾਸੇ ਹੀ ਲੱਗਾ ਹੋਇਆ ਹੈ ; ਤੁਸੀਂ ਮੁਸ਼ਕਿਲ ਨਾਲ ਵੀ ਉਨ੍ਹਾਂ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ ਲਿਜਾ ਸੱਕਦੇ ਹੋ।

9 ਅਤੇ ਫਿਰ ਮੈਂ ਇਹ ਵੀ ਜਾਣਦਾ ਹਾਂ ਕਿ ਠੀਕ ਤੁਹਾਡੇ ਵਿੱਚਕਾਰ ਬਹੁਤ ਸਾਰੀਆਂ ਘ ਟਨਾਵਾਂ ਹੋ ਰਹੀਆਂ ਹਨ। ਜਿਨ੍ਹਾਂ ਨੂੰ ਮੈਂ ਬਸ .....ਮੈਂ ਜਾਣਦਾ ਹਾਂ ਕਿ ਤੁਸੀਂ ਇਹਨੂੰ ਨਹੀਂ ਦੇਖਦੇ



ਭਾਈ ਵੀਰਟਸ, ਯਿਸੂ ਮਸੀਹ ਕੋਲੋਂ ਤੂੰ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭੈਣ, ਯਿਸੂ ਮਸੀਹ ਤੋਂ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਪਤ ਕਰ .....?.........

ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਤੁਸੀਂ ਆਪਣੀ ਚੰਗਾਈ ਪ੍ਰਾਪਤ ਕਰ ਲਵੋ।

ਮੇਰੀ ਭੈਣ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਯਿਸੂ ਮਸੀਹ ਦੇ ਨਾਮ ਵਿੱਚ ......?.......

419 [ਭਾਈ ਬਿਲੀ ਪਾੱਲ ਮਾਈਕ ਤੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ, " ਕੀ ਸਾਰੇ ਇੱਨੇ ਹੀ ਹਨ ਜਿਨ੍ਹਾਂ ਲਈ ਦੁਆ ਦੀ ਕੀਤੀ ਜਾਣੀ ਸੀ?"-ਸੰਪਾ]

420 [ਭਾਈ ਲੀ ਵੇਲ,ਭਾਈ ਬ੍ਰਾਨਹਾਮ ਨਾਲ ਗੱਲ ਕਰਦੇ ਹਨ -ਸੰਪਾ] ਭਾਈ ਵੇਲ, ਇਸ ਤਰ੍ਹਾਂ ਹੋਵੇ ਕਿ ਪ੍ਰਭੂ ਯਿਸੂ ਦੇ ਨਾਮ ਵਿੱਚ, ਪ੍ਰਭੂ ਯਿਸੂ ਦਾ ਹੱਥ ਤੁਹਾਡੇ ਪਿਆਰੇ ਦੀ ਬੇਨਤੀ ਕਬੂਲ ਕਰੇ।

421 [ਭਾਈ ਬਿਲੀ ਪਾੱਲ, ਭਾਈ ਬ੍ਰਾਨਹਾਮ ਨਾਲ ਗੱਲ ਕਰਦੇ ਹਨ-ਸੰਪਾ] ਬਿਲੀ ਪਾੱਲ,ਜਿੰਨੇ ਲੋਕਾਂ ਨੂੰ ਤੂੰ ਪ੍ਰਾਰਥਨਾ ਕਾਰਡ ਦਿੱਤੇ ਸਨ ਉਹ ਸਾਰੇ ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰਨ।

ਉਹ ਮਹਾਨ ਵੈਦ ਹੁਣ ਹੈ ਨੇੜੇ
ਉਹ ਹਮਦਰਦੀ ਕਰਨ ਵਾਲਾ ਯਿਸੂ ਹੁਣ ਹੈ ਨੇੜੇ
ਉਹ ਟੁੱਟੇ ਦਿਲ ਵਾਲੇ ਨਾਲ ਗੱਲ ਕਰਦਾ ਹੈ ਕਿ ਉਹ ਜਾਵੇ ਖਿੜ੍ਹ
ਆਓ, ਯਿਸੂ ਦੀ ਅਵਾਜ ਸੁਣੋ।

ਆਓ ਮਿਲ ਕੇ ਗਾਈਏ :

ਸਰਾਫ ਦੇ ਗੀਤ ਵਿੱਚ ਮਿੱਠਾ ਨਾਮ
ਮਰਨਹਾਰ ਜ਼ੁਬਾਨ ਤੇ ਮਿੱਠਾ ਨਾਮ
ਕਦੇ ਵੀ ਗਾਏ ਗੀਤ ਦਾ ਮਿੱਠਾ ਗੀਤ

422 ਖੁਦਾ, ਇਸ ਪਿਆਰੇ ਜਵਾਨ ਜੋੜੇ ਤੇ ਜਿਹਨੂੰ ਕਿ ਦੁਨੀਆਂ ਵਿੱਚ ਲਿਆਂਦਾ ਗਿਆ ਹੈ, ਇੱਕ .....?......ਹੋਣ ਦੇ ਕਿ ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਦੁਆ ਪ੍ਰਾਪਤ ਕਰਨ।

423 .....?......ਯਿਸੂ ਮਸੀਹ ਦੇ, ਹੋਣ ਦੇ ਕਿ ਸਾਡੀ ਭੈਣ ਦਾ ਉਹ ਵਿਅਕਤੀ ਜੋ ਉਸਦੇ ਦਿਮਾਗ ਵਿੱਚ ਹੈ, ਹੋਣ ਦੇ ਕਿ ਪ੍ਰਮੇਸ਼ੁਰ ਦੀ ਸ਼ਕਤੀ ਇਸ ਬੇਨਤੀ ਦੇ ਨਾਲ ਜਾਵੇ। ਹੋਣ ਦੇ ਕਿ ਉਹ ਛੁਟਕਾਰਾ ਪ੍ਰਾਪਤ ਕਰਨ। ਆਮੀਨ।

424 ਪ੍ਰਭੂ ਯਿਸੂ, ਯਿਸੂ ਮਸੀਹ ਦੇ ਨਾਮ ਵਿੱਚ ਇਸ ਆਦਮੀ ਦੀ ਬੇਨਤੀ ਕਬੂਲ ਕਰ। ਪ੍ਰਭੂ, ਮੈਂ ਆਪਣੀ ਦੁਆ ਦੇ ਨਾਲ ਇਨ੍ਹਾਂ ਲਈ ਦੁਆ ਕਰਦਾ ਹਾਂ। ਆਮੀਨ।

ਯਿਸੂ ਮਸੀਹ ਦੇ ਨਾਮ ਵਿੱਚ ਭਾਈ ਆਪਣੀ ਚੰਗਾਈ ਪ੍ਰਾਪਤ ਕਰ।

ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਯਿਸੂ ਮਸੀਹ ਦੇ ਨਾਮ ਵਿੱਚ ਭਾਈ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭੈਣ , ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਭੈਣ , ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਮੇਰੇ ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ

ਭੈਣ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਮੇਰੇ ਭਾਈ, ਚੰਗਾਈ ਪ੍ਰਾਪਤ ਕਰ।

ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਆਪਣੀ ਚੰਗਾਈ ਕਬੂਲ ਕਰੋ।

ਭੈਣ, ਚੰਗਾਈ ਪ੍ਰਾਪਤ ਕਰ।

ਭੈਣ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਤੁਸੀਂ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

416 [ਭਾਈ ਬਿਲੀ ਪਾੱਲ ਮਾਈਕ ਤੇ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਕੋਈ ਹੋਰ ਦੁਆ ਦੀ ਕਤਾਰ ਵਿੱਚ ਆਉਣਾ ਚਾਹੁੰਦਾ ਹੈ? ਕੀ ਤੁਸੀਂ ਕਿਰਪਾ ਕਰਕੇ ਦੁਆ ਦੀ ਕਤਾਰ ਵਿੱਚ ਆਉਗੇ? ਕੀ ਕੋਈ ਹੋਰ ਹੈ ਜੋ ਪ੍ਰਾਰਥਨਾ ਦੀ ਕਤਾਰ ਵਿੱਚ ਆਉਣਾ ਚਾਹੁੰਦਾ ਹੈ ਤਾਂ ਉਹ ਕਿਰਪਾ ਕਰਕੇ ਪ੍ਰਾਰਥਨਾ ਦੀ ਕਤਾਰ ਵਿੱਚ ਆ ਜਾਵੇ। -ਸੰਪਾ]

ਮੇਰੇ ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਮੇਰੀ ਭੈਣ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲਓ।

417 ਭੈਣ ਵੁੱਡ, ਯਿਸੂ ਮਸੀਹ ਦੇ ਹੱਥ ਨਾਲ ਤੂੰ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਆਪਣੀ ਚੰਗਾਈ ਕਬੂਲ ਕਰੋ ......?......

ਚੰਗਾਈ ਕਬੂਲ ਕਰੋ ......?........

418 ਭੈਣ, ਰੋਬਰਸਨ ਯਿਸੂ ਮਸੀਹ ਦੇ ਹੱਥ ਨਾਲ ਤੂੰ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਮੇਰੇ ਭਾਈ, ਯਿਸੂ ਮਸੀਹ ਦੇ ਹੱਥ ਨਾਲ ਤੂੰ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਪੁੱਤਰ, ਯਿਸੂ ਮਸੀਹ ਤੋਂ ਆਪਣੀ ਚੰਗਾਈ ਪ੍ਰਾਪਤ ਕਰ ਲੈ।



ਹੋ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਤੁਸੀਂ ਇਹਨੂੰ ਨਹੀਂ ਵੇਖ ਰਹੇ ਹੋ। ਅਤੇ ਤੁਸੀਂ ਆਖਦੇ ਹੋ, "ਭਾਈ ਬ੍ਰਾਨਹਾਮ ਤੁਹਾਡੇ ਲਈ ਇਸ ਤਰ੍ਹਾਂ ਕਰਨਾ ਬੜੀ ਮੁਸ਼ਕਿਲ ਗੱਲ ਹੈ। " ਮੈਂ ਜਾਣਦਾ ਹਾਂ ਕਿ ਇਸੇ ਤਰ੍ਹਾਂ ਹੀ ਹੈ।

10 ਪਰ ਧਿਆਨ ਦਿਓ ਮੈਂ ਬਸ ਇਹ ਕਹਿੰਦਾ ਹਾਂ। ਮੈਂ ਸੋਚਦਾ ਹਾਂ ਕਿ ਇਹ ਟੇਪ ਆਦਿ ਸਾਡੇ ਲਈ ਹੀ ਹੁੰਦਾ ਹੈ। ਪਰ ਮੈਂ ਇਹ ਕਹਿੰਦਾ ਹਾਂ ਕਿ ਤੁਸੀਂ ਨਹੀਂ ......ਤੁਹਾਨੂੰ ਇਹ ਨਹੀਂ ਮਿਲਦਾ ਹੈ ਅਤੇ ਨਾ ਤੁਹਾਡੇ ਕੋਲੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਹਾਨੂੰ ਇਹ ਮਿਲੇ। ਇਸ ਲਈ ਤੁਸੀਂ ਕਿਸੇ ਵੀ ਗੱਲ ਦਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਇਹਦੇ ਵਿੱਚ ਆਪਣਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ, ਇਸ ਤਰ੍ਹਾਂ ਕਰਕੇ ਤੁਸੀਂ ਤਾਂ ਦੂਰ ਹੀ ਚਲੇ ਜਾਂਦੇ ਹੋ। ਜੇ ਤੁਸੀਂ ਮੇਰੇ ਤੇ ਵਿਸ਼ਵਾਸ਼ ਕਰਦੇ ਹੋ ਤਾਂ --ਜੇ ਪ੍ਰਮੇਸ਼ੁਰ ਨੇ ਤੁਹਾਡੀਆਂ ਅੱਖਾਂ ਵਿੱਚ ਮੈਨੂੰ ਕਿਰਪਾ ਬਖਸ਼ੀ ਹੈ ਤਾਂ ਤੁਸੀਂ ਬਸ ਮੇਰੀ ਸਲਾਹ ਮੰਨ ਲਓ।

11 ਅਤੇ ਤੁਸੀਂ ਇਹਨਾਂ ਗੱਲਾਂ ਅਤੇ ਪ੍ਰਕਾਸ਼ਾਂ ਦੇ ਬਾਰੇ ਵਿੱਚ ਜਾਣਦੇ ਹੋ। ਮੈਂ ਤੁਹਾਡੇ ਨਾਲ ਇੱਕ ਲੰਬੇ ਸਮੇਂ ਤੋਂ ਹਾਂ ਅਤੇ ਇਹ ਹਮੇਸ਼ਾਂ ਹੀ ਸੱਚਾ ਨਿੱਕਲਿਆ ਹੈ। ਅਤੇ ਹੁਣ ਇਹਨੂੰ ਦੋਹਰਾ ਸੱਚਾ ਸਾਬਤ ਕਰਨ ਲਈ ਇਹ ਬਿਲਕੁੱਲ ਠੀਕ ਵਚਨ ਦੇ ਵਿੱਚ ਪਾਇਆ ਜਾਂਦਾ ਹੈ। ਸਮਝੇ? ਇਸ ਲਈ ਤੁਸੀਂ ਜਾਣਦੇ ਹੋ ਕਿ ਇਹ *ਯਹੋਵਾਹ ਇਝ ਫਰਮਾਉਂਦਾ* ਹੈ ਵਾਲੀ ਬਾਣੀ ਹੈ। ਇਹ ਬਿਲਕੁੱਲ ਠੀਕ ਹੈ। ਇਹ ਤੁਹਾਡੇ ਤੇ ਸਿੱਧ ਹੋਇਆ ਹੈ।

12 ਤੁਹਾਡਾ ਭਾਈ ਹੋਣ ਦੇ ਨਾਤੇ ਤੁਸੀਂ ਮੇਰੀ ਸਲਾਹ ਮੰਨ ਲਓ। ਤੁਸੀਂ ਕਿਸੇ ਵੀ ਗੱਲ ਵਿੱਚ ਆਪਣਾ ਨਿੱਜੀ ਅਨੁਵਾਦ ਨਾ ਕਰੋ। ਤੁਸੀਂ ਬਸ ਠੀਕ ਢੰਗ ਦੇ ਨਾਲ ਚੱਲਦੇ ਜਾਓ ਅਤੇ ਇੱਕ ਚੰਗਾ ਮਸੀਹੀ ਜੀਵਨ ਜੀਓ। ਕਿਉਂਕਿ ਜਦ ਤੁਸੀਂ ਉਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਬਸ ਆਪਣੇ ਆਪ ਨੂੰ ਅਸਲੀ ਗੱਲ ਤੋਂ ਦੂਰ ਕਰ ਲੈਂਦੇ ਹੋ। ਸਮਝੇ?ਤੁਸੀਂ ਫਿਰ ਆਪਣੇ ਰਾਹ ਦੀ ਦਿਸ਼ਾ ਅਸਲੀ ਗੱਲ ਤੋਂ ਮੋੜ ਲਵੋਗੇ।

13 ਅਤੇ ਤੁਸੀਂ ਸੱਭ ਚੇਤੰਨ ਹੋ ਅਤੇ ਤੁਸੀਂ ਜਾਣਦੇ ਹੋ ਕਿ ਕੋਈ ਭੇਤਭਰੀ ਘਟਨਾ ਵਾਪਰ ਰਹੀ ਹੈ ਤੇ ਇਹ ਵਾਪਰ ਰਹੀ ਹੈ। ਅਤੇ ਮੈਂ ਜਾਣਦਾ ਹਾਂ ਕਿ ਇਹ ਕੀ ਹੈ। ਹੁਣ,ਮੈਂ ਇਹ ਆਪਣੇ ਆਪ ਤੋਂ ਹੀ ਨਹੀਂ ਕਹਿ ਰਿਹਾ ਹਾਂ। ਇਹ ਤਾਂ ਪ੍ਰਮੇਸ਼ੁਰ ਦੀ ਕਿਰਪਾ ਹੈ ਜਿਹੜੀ ਮੈਨੂੰ ਇਹ ਜਾਣ ਲੈਂਦੀ ਦਿੰਦੀ ਹੈ ਕਿ ਇਹ ਕੀ ਹੈ। ਇਹ ਕੋਈ ਅਜਿਹੀ ਗੱਲ ਹੈ ਜੋ ਬੜੀ ਹੀ ਵਧੀਆ ਹੈ। ਅਤੇ ਇਹ ਠੀਕ ਹੁਣੇ ਹੀ ਘਟੀ ਹੈ ਅਤੇ ਜਗਤ ਵਿੱਚ ਕੋਈ ਵੀ ਅਜਿਹਾ ਤਰੀਕਾ ਨਹੀਂ ਹੈ ਕਿ ਤੁਸੀਂ ਇਸਨੂੰ ਵੇਖ ਸਕੋ। ਅਤੇ ਇਹ ਹੈ-ਮੈਂ....ਪਰ ਮੇਰੀ ਬੜੀ ਮੱਦਦ ਕੀਤੀ ਹੈ ਅਤੇ ਮੈਂ ਇਹ ਗੱਲ ਬਾਈਬਲ ਨੂੰ ਆਪਣੇ ਹੱਥ ਵਿੱਚ ਫੜ ਕੇ ਕਹਿੰਦਾ ਹਾਂ ਕਿ ਮੈਂ ਜਾਣਦਾ ਹਾਂ ਕਿ ਇਹ ਕੀ ਹੈ। ਇਹ ਤੁਹਾਨੂੰ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ। ਇਸ ਲਈ ਤੁਸੀਂ ਕੋਈ ਵੀ ਅਪਣਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ ਪਰ ਤੁਸੀਂ ਮੇਰੇ ਉੱਤੇ ਆਪਣੇ ਭਾਈ ਵਾਂਗੂੰ ਵਿਸ਼ਵਾਸ਼ ਕਰੋ। ਸਮਝੇ? ਅਸੀਂ ਬਹੁਤ ਹੀ ਮਹਾਨ ਸਮੇਂ ਵਿੱਚ ਰਹਿ ਰਹੇ ਹਾਂ। ਅਸੀਂ ਉਸ ਸਮੇਂ ਵਿੱਚ ਰਹਿ ਰਹੇ ਹਾਂ ਜਿੱਥੇ .......ਠੀਕ ਹੈ, ਅਸੀਂ ਹਾਂ....

14 ਹੁਣ, ਤੁਸੀਂ ਸੱਚੇ ਨਮਰ ਅਰ ਇੱਕ ਸੱਚੇ ਮਸੀਹੀ ਬਣੇ ਰਹੋ ਅਤੇ ਖ਼ੁਦਾ ਲਈ ਜੀਉਣ ਦਾ ਯਤਨ ਕਰੋ। ਅਤੇ ਆਪਣੇ ਨਾਲ ਦੇ ਲੋਕਾਂ ਲਈ ਇਮਾਨਦਾਰੀ ਨਾਲ ਰਹੋ ਅਤੇ ਉਨ੍ਹਾਂ ਦੇ ਨਾਲ

ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਨਹੀਂ ਕਰਦੇ ਹਨ। ਤੁਸੀਂ ਕੋਸ਼ਿਸ਼ ਨਾ ਕਰੋ ......ਕੁਝ ....ਨਾ ਕਰੋ ....ਤੁਸੀਂ ਵੇਖੋ, ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਇਹਨੂੰ ਕੋਈ ਭੇਤਭਰੀ ਗੱਲ ਬਣਾ ਸੁੱਟਦੇ ਹੋ ਅਤੇ ਪ੍ਰਮੇਸ਼ੁਰ ਦੇ ਅਸਲੀ ਕੰਮ ਵਿੱਚ ਗੜਬੜ ਪੈਦਾ ਕਰ ਦਿੰਦੇ ਹੋ। ਸਮਝੇ?

15 ਕੱਲ ਦੁਪਹਿਰ ਤੋਂ ਬਾਦ ਮੇਰੇ ਕਮਰੇ ਵਿੱਚ ਕੁਝ ਵਾਪਰਿਆ ਸੀ ਜਿਹਨੂੰ ਮੈਂ ਕਦੇ ਵੀ ਭੁੱਲ ਨਹੀਂ ਸੱਕਾਂਗਾ। ਅਤੇ ਇਸ ਲਈ ਤੁਸੀਂ ......ਅਤੇ ਲੱਗ-ਭੱਗ ਦੋ ਹਫਤੇ ਪਹਿਲਾਂ ਕੁਝ ਵਾਪਰਿਆ ਸੀ ਜਿਹਨੂੰ ਮੈਂ ਕਦੇ .....ਜਦ ਤੱਕ ਮੈਂ ਇਸ ਧਰਤੀ ਤੇ ਰਹਿੰਦਾ ਹਾਂ ਮੈਂ ਉਸ ਤੋਂ ਕਦੇ ਵੀ ਦੂਰ ਨਹੀਂ ਹੋ ਸਕਾਂਗਾ। ਸਮਝੇ?

16 ਅਤੇ ਕਲੀਸਿਯਾ, ਤੈਨੂੰ ਇਹਨਾਂ ਗੱਲਾਂ ਨੂੰ ਜਾਨਣ ਦੀ ਲੋੜ ਨਹੀਂ ਹੈ ਇਸ ਲਈ ਤੁਸੀਂ ਕਿਸੇ ਵੀ ਗੱਲ ਦਾ ਕੋਈ ਅਨੁਵਾਦ ਨਾ ਕਰੋ। ਸਮਝੇ?ਤੁਸੀਂ ਬਸ ਅੱਗੇ ਵਧੋ ਅਤੇ ਇਹ ਯਾਦ ਰੱਖੋ ਜੋ ਤੁਹਾਨੂੰ ਦੱਸਿਆ ਗਿਆ ਹੈ। ਤੁਸੀਂ ਬਸ ਇੱਕ ਅਸਲੀ ਮਸੀਹੀ ਜੀਵਨ ਬਤੀਤ ਕਰੋ। ਤੁਸੀਂ ਅਪਣੀ ਕਲੀਸਿਯਾ ਵਿੱਚ ਜਾਓ। ਤੁਸੀਂ ਜਿੱਥੇ ਕਿਤੇ ਵੀ ਹੋਵੋ, ਤੁਸੀਂ ਇੱਕ ਸੱਚਾ ਪ੍ਰਕਾਸ਼ ਬਣੋ ਅਤੇ ਸਿਰਫ ਮਸੀਹ ਲਈ ਹੀ ਚਾਨਣ ਦਿਓ ਅਤੇ ਲੋਕਾਂ ਨੂੰ ਦੱਸੋ ਕਿ ਤੁਸੀਂ ਉਸਦੇ ਨਾਲ ਕਿੰਨਾ ਪਿਆਰ ਕਰਦੇ ਹੋ। ਅਤੇ ਹਮੇਸ਼ਾਂ ਤੁਹਾਡੀ ਗਵਾਹੀ ਪਿਆਰ ਦੇ ਨਾਲ ਭਰੀ ਹੋਵੇ। ਸਮਝੇ?ਕਿਉਂਕਿ ਜੇ ਤੁਸੀਂ ਇਸ ਤਰ੍ਹਾਂ ਨਹੀਂ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਕਿਸੇ ਹੋਰ ਪਾਸੇ ਲੈ ਜਾਵੋਗੇ ਅਤੇ ਤਦ ਤੁਸੀਂ ਸੱਚਾਈ ਦੇ ਮਾਰਗ ਤੋਂ ਹੀ ਭਟਕ ਜਾਓਗੇ। ਵੇਖੋ, ਜਦ ਕਦੇ ਤੁਸੀਂ ਇੰਜ ਕਰਨ ਦਾ ਯਤਨ ਕੀਤਾ ਤਾਂ ਤੁਸੀਂ ਹਰੇਕ ਬਾਰ ਇਹੋ ਹੀ ਕੀਤਾ। ਸਮਝੇ? ਇਸ ਲਈ ਤੁਸੀਂ ਕੋਈ ਵੀ ਅਨੁਵਾਦ ਕਰਨ ਦੀ ਕਦੇ ਕੋਸ਼ਿਸ਼ ਨਾ ਕਰੋ।

17 ਅਤੇ ਖਾਸ ਤੌਰ ਤੇ, ਤੁਸੀਂ ਅੱਜ ਰਾਤ ਉਸ ਮੋਹਰ ਦਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ,ਜਦ ਅੱਜ ਰਾਤ ਉਹ ਮੋਹਰ ਤੁਹਾਡੇ ਸਾਹਮਣੇ ਪ੍ਰਗਟ ਕੀਤੀ ਜਾਂਦੀ ਹੈ। ਤੁਸੀਂ ਬਸ ਅਗਾਂਹ ਵਧੋ ਅਤੇ ਦੀਨ ਬਣੇ ਰਹੋ ਅਤੇ ਇਸ ਸਾਦਾ ਸੰਦੇਸ਼ ਤੇ ਚੱਲਦੇ ਰਹੋ।

18 ਹੁਣ ਤੁਸੀਂ ਕਹਿੰਦੇ ਹੋ,"ਭਾਈ ਬ੍ਰਾਨਹਾਮ, ਕੀ ਇਸੇ ਤਰ੍ਹਾਂ ਹੀ ਹੈ ....ਸਾਨੂੰ ਜੀਉਂਦੇ ਖੁਦਾ ਦੀ ਕਲੀਸਿਯਾ ਹੋ ਕੇ ਵੀ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ ...। "ਚੰਗਾ, ਜਿਵੇਂ ਕਿ ਮੈਂ ਕੋਸ਼ਿਸ਼ ਕਰ ਰਿਹਾ ਸੀ .....ਇੱਧਰ ਵੇਖੋ,ਮੈਂ ਕਹਿਣਾ ਚਾਹੁੰਦਾ ਹਾਂ ....ਤੁਸੀਂ ਕਹਿੰਦੇ ਹੋ,"ਚੰਗਾ ਮੈਂ ਇਸ ਤਰ੍ਹਾਂ ਨਹੀਂ ਕਰ ਸੱਕਦਾ ਹਾਂ?ਮੈਨੂੰ ਤਾਂ ਇਸ ਤਰ੍ਹਾਂ ਕਰਨਾ ਚਾਹੀਦਾ ਹੈ....। " ਨਹੀਂ,ਤੁਸੀਂ ਇਸ ਤਰ੍ਹਾਂ ਨਾ ਕਰੋ।

19 ਤੁਸੀਂ ਯਾਦ ਰੱਖੋ ਕਿ ਇਹ ਮੈਂ ਤੁਹਾਡੀ ਭਲਾਈ ਲਈ ਕਹਿ ਰਿਹਾ ਹਾਂ । ਵੇਖੋ ਮੈਂ ਇਹ ਇਸ ਲਈ ਕਹਿ ਰਿਹਾ ਹਾਂ ਤਾਂ ਕਿ ਤੁਸੀਂ ਸਮਝ ਜਾਓ। ਹੁਣ ਜੇ ਤੁਸੀਂ ਮੇਰੇ ਤੇ ਵਿਸਵਾਸ਼ ਕਰਦੇ ਹੋ ਤਾਂ ਤੁਸੀਂ ਉਹ ਸੁਣੋ ਜੋ ਮੈਂ ਤੁਹਾਨੂੰ ਦੱਸਦਾ ਹਾਂ। ਸਮਝੇ?ਵੇਖਿਆ?

20 ਹੁਣ, ਇੱਥੇ ਇੱਕ ਖੰਭਾ ਹੈ ਅਤੇ ਅਸੀਂ ਉਸਨੂੰ ਸੁਣਨ ਵਾਲਾ ਖੰਭਾ ਕਹਿੰਦੇ ਹਾਂ (ਸਮਝੇ?) ਅਤੇ ਇਸ ਵਿੱਚ ਇੱਕ ਰੇਡੀਓ ਹੁੰਦਾ ਹੈ । ਵੇਖਿਆ? ਅਤੇ ਇਹਦੇ ਰਾਹੀਂ ਚੇਤਾਵਨੀ ਦਿੱਤੀ ਜਾ ਸੱਕਦੀ ਹੈ ਅਤੇ ਇਸੇ ਤਰ੍ਹਾਂ ਦੂਸਰੇ ਕੰਮ ਕੀਤੇ ਜਾ ਸੱਕਦੇ ਹਨ। ਜਿਵੇਂ ਕਿ ਤੁਹਾਡੇ ਹੱਥ ਵਿੱਚ ਇੱਕ



413 [ਭਾਈ ਬ੍ਰਾਨਹਾਮ ਦੇ ਸ਼ਬਦ ਠੀਕ ਢੰਗ ਨਾਲ ਨਹੀਂ ਸੁਣੇ ਜਾਂਦੇ ਹਨ ਜਦ ਉਹ ਦੁਆ ਕਰਦੇ ਹਨ ਅਤੇ ਉਹ ਛਪਣ ਲਈ ਸਾਫ ਨਹੀਂ ਹਨ। ਇੱਥੇ ਇਹ ਦੁਆ ਦੀ ਕਤਾਰ ਛੇ ਮਿੰਟ ਅਤੇ ਪੱਚੀ ਸੈਕਿੰਡ ਚੱਲਦੀ ਰਹਿੰਦੀ ਹੈ-ਸੰਪਾ]

ਯਿਸੂ ਮਸੀਹ ਦੇ ਨਾਮ ਵਿੱਚ ......?......

ਯਿਸੂ ਮਸੀਹ ਦੇ ਨਾਮ ਵਿੱਚ, ਮੈਂ ਆਪਣੇ ਹੱਥ ਰੱਖਦਾ ਹਾਂ ......?......

ਯਿਸੂ ਮਸੀਹ ਦੇ ਨਾਮ ਵਿੱਚ, ਚੰਗਆਈ ....?........

ਯਿਸੂ ਮਸੀਹ ਦੇ ਨਾਮ ਵਿੱਚ ......?..........

ਯਿਸੂ ਮਸੀਹ ਦੇ ਨਾਮ ਵਿੱਚ .......?.......

ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਕਬੂਲ ਕਰ ਲੈ ....?.....

ਯਿਸੂ ਮਸੀਹ ਦੇ ਨਾਮ ਵਿੱਚ ਦੇ ਚੰਗੇ ਹੋ ਜਾਓ।

ਪ੍ਰਮੇਸ਼ੁਰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਸਾਡੀ ਭੈਣ ਨੂੰ ਚੰਗਾਈ ਦੇ।

ਯਿਸੂ ਮਸੀਹ ਦੇ ਨਾਮ ਵਿੱਚ ਇਹ ਬੱਚਾ ਚੰਗਾਈ ਪ੍ਰਾਪਤ ਕਰੇ। ਪ੍ਰਮੇਸ਼ੁਰ ਦੀ ਮਹਿਮਾਂ ਹੋਵੇ!

414 [ਦੁਆ ਲਗਾਤਾਰ ਜਾਰੀ ਰਹਿੰਦੀ ਹੈ-ਸੰਪਾ]

415 [ਟੇਪ ਵਿੱਚ ਖਾਲੀ ਜਗ੍ਹਾ ਹੈ। ਭਾਈ ਬਿਲੀ ਪਾੱਲ ਬ੍ਰਾਨਹਾਮ ਮਾਈਕ ਦੇ ਨੇੜੇ ਆਉਂਦੇ ਹਨ ਅਤੇ ਕਹਿੰਦੇ ਹਨ,"ਕੀ ਕਿਰਪਾ ਕਰਕੇ ਤੁਸੀਂ ਵਾਪਸ ਚਲੇ ਜਾਓਗੇ? ਤੁਸੀਂ ਜਿਹੜੇ ਗੈਲਰੀ ਦੇ ਰਾਹ ਵਿੱਚ ਖੜ੍ਹੇ ਹੋ ਕੀ ਤੁਸੀਂ ਬਾਲਕੋਨੀ ਦੇ ਰਸਤੇ ਬਾਹਰ ਚਲੇ ਜਾਓਗੇ ਅਤੇ ਵਾਪਸ ਚਲੇ ਜਾਓਗੇ? ਕਿਰਪਾ ਕਰਕੇ ਤੁਸੀਂ ਵਾਪਸ ਮੁੜਦੇ ਰਹੋ। ਧੰਨਵਾਦ। ਤੁਸੀਂ ਜਿਹੜੇ ਗੈਲਰੀ ਦੇ ਵਿੱਚਕਾਰ ਖੜ੍ਹੇ ਹੋ, ਕੀ ਤੁਸੀਂ ਵੀ ਆਲੇ-ਦੁਆਲੇ ਚਲੇ ਜਾਓਗੇ?"-ਸੰਪਾ]

ਯਿਸੂ ਮਸੀਹ ਦੇ ਨਾਮ ਵਿੱਚ ਇਹ ਬੇਨਤੀ ਸਵੀਕਾਰ ਕੀਤੀ ਜਾਵੇ। ਖੁਦਾ ਬਰਕਤ ਦੇਵੇ।

ਯਿਸੂ ਮਸੀਹ ਦੇ ਨਾਮ ਵਿੱਚ ਭਾਈ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭਾਈ ਮਿਚਲ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ।

ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭੈਣ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਲੈ।

ਭੈਣ, ਯਿਸੂ ਮਸੀਹ ਦੇ ਕੋਲੋਂ ਚੰਗਾਈ ਪ੍ਰਾਪਤ ਕਰ ਲੈ।

ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਗ੍ਰਹਿਣ ਕਰ।

ਯਿਸੂ ਮਸੀਹ ਦੇ ਨਾਮ ਵਿੱਚ ਭੈਣ, ਆਪਣੀ ਚੰਗਾਈ ਪ੍ਰਾਪਤ ਕਰ ਲੈ।

ਭਾਈ, ਯਿਸੂ ਮਸੀਹ ਦੇ ਨਾਮ ਵਿੱਚ ਆਪਣੀ ਚੰਗਾਈ ਪ੍ਰਾਪਤ ਕਰ ।

407 ਹੁਣ ਸੁਣੋ। ਹੁਣ ਜਦਕਿ ਇਨ੍ਹਾਂ ਲਈ ਦੁਆ ਕੀਤੀ ਜਾਂਦੀ ਹੈ, ਤੁਸੀਂ ਇਨ੍ਹਾਂ ਲਈ ਦੁਆ ਕਰੋ। ਅਤੇ ਫਿਰ ਜਦ ਤੁਹਾਡੇ ਲਈ ਦੁਆ ਕੀਤੀ ਜਾਵੇਗੀ ਤਾਂ ਉਹ ਤੁਹਾਡੇ ਲਈ ਦੁਆ ਕਰਨਗੇ। ਹੁਣ, ਤੁਸੀਂ ਜਿਹੜੇ ਇੱਥੇ ਸੇਵਾਦਾਰ ਹੋ ਉਹ ਖੜ੍ਹੇ ਹੋ ਜਾਣ। ਅਤੇ ਮੈਂ ਤੁਹਾਥੋਂ ਚਾਹੁੰਦਾ ਹਾਂ ਕਿ ਜਦ ਉਹ ਇੱਥੇ ਆਉਂਦੇ ਹਨ ਤਾਂ ਤੁਸੀਂ ਉਨ੍ਹਾਂ ਤੇ ਆਪਣੇ ਹੱਥ ਰੱਖੋ।

408 ਹੁਣ, ਹਰ ਕੋਈ ਆਪਣਾ ਸਿਰ ਝੁਕਾਓ ਅਤੇ ਤੁਸੀਂ; ਆਪਣਾ ਸਿਰ ਝੁਕਾਏ ਰੱਖੋ। ਅਤੇ ਜਦ ਤੁਸੀਂ ਇੱਥੋਂ ਦੀ ਹੋ ਕੇ ਲੰਘੋਗੇ ਤਾਂ ਰੱਖਿਆ ਜਾਵੇਗਾ ......ਤੁਹਾਡੇ ਉੱਤੇ ਹੱਥ ਰੱਖੇ ਜਾਣਗੇ। ਯਾਦ ਰੱਖੋ ਕਿ ਇਹ ਖੁਦਾ ਦਾ ਵਾਦਾ ਹੈ ਕਿ ਉਹ ਅਪਣੀ ਪੋਥੀ ਦੇ ਗੁਪਤ ਭੇਤ ਪ੍ਰਗਟ ਕਰਦਾ ਹੈ, ਉਹ ਮਨੁੱਖਾਂ ਦੇ ਦਿਲਾਂ ਦੇ ਗੁਪਤ ਵਿਚਾਰ ਪ੍ਰਗਟ ਕਰਦਾ ਹੈ। ਇਹ ਪ੍ਰਮੇਸ਼ੁਰ ਹੈ ਜੋ ਇਸਦਾ ਸਬੂਤ ਦੇਵੇਗਾ, ਜੇ ਤੁਸੀਂ ਇਸਦੀ ਪ੍ਰਤੀਤ ਕਰੋਗੇ। ਸਮਝੇ? ਹੁਣ ਹਰੇਕ ਦੁਆ ਦੀ ਹਾਲਤ ਵਿੱਚ ਰਹੇ।

ਹੁਣ ਤੁਸੀਂ ਸੇਵਕ ਭਾਈ ਇੱਥੇ ਖੜ੍ਹੇ ਹੋ ਜਾਓ, ਕੀ ਤੁਸੀਂ ਇੱਥੇ ਖੜ੍ਹੇ ਹੋ ਜਾਓਗੇ। ਠੀਕ ਹੈ ਆਓ ਅਸੀਂ ਅਪਣੇ ਸਿਰ ਦੁਆ ਲਈ ਝੁਕਾਈਏ।

409 ਹੁਣ ਪ੍ਰਭੂ ਯਿਸੂ ਇਸ ਤਰ੍ਹਾਂ ਹੋਵੇ ਕਿ ਜਦੋਂ ਇਹ ਲੋਕ ਇੱਥੋਂ ਦੀ ਹੋ ਕੇ ਲੰਘਣ ਤਾਂ ਸਰਵਸ਼ਕਤੀਮਾਨ ਪ੍ਰਮੇਸ਼ੁਰ ਦੀ ਸ਼ਕਤੀ ਉਸੇ ਵੇਲੇ ਹੀ ਇਨ੍ਹਾਂ ਦਾ ਵਿਸ਼ਵਾਸ਼ ਜਗਾਏ, ਅਸੀਂ ਇਹ ਸੱਭ ਕੁਝ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ।

410 ਹੁਣ,ਸੱਭ ਠੀਕ ਹੈ, ਹੁਣ ਦੁਆ ਵਾਲੀ ਕਤਾਰ ਇਸ ਪਾਸੇ ਤੋਂ ਸ਼ੁਰੂ ਹੋਵੇ। ਹੁਣ ਜਦੋਂ ਇਹ ਲੋਕ ਇੱਥੋਂ ਦੀ ਲੰਘ ਕੇ ਅੱਗੇ ਵੱਧਦੇ ਹਨ ਤਾਂ ਹਰ ਇੱਕ ਸੇਵਕ ਉਨ੍ਹਾਂ ਉੱਤੇ ਆਪਣੇ ਹੱਥ ਰੱਖੇ।

411 [ਭਾਈ ਬ੍ਰਾਨਹਾਮ ਅਤੇ ਸੇਵਾਦਾਰ ਉਨ੍ਹਾਂ ਸਭਨਾਂ ਲਈ ਦੁਆ ਕਰਨਾ ਅਤੇ ਹੱਥ ਰੱਖਣੇ ਜਾਰੀ ਕਰਦੇ ਹਨ ਜਿਹੜੇ ਦੂਈ ਕਤਾਰ ਵਿੱਚ ਦੀ ਹੋ ਕੇ ਲੰਘਦੇ ਹਨ ਅਰ ਸੰਗੀਤਵਾਦਕ, *"ਉਹ ਮਹਾਨ ਵੈਦ ਹੁਣ ਹੈ ਨੇੜੇ,"* ਗੀਤ ਦੀ ਧੁਨ ਵਜਾਉਂਦੇ ਹਨ। -ਸੰਪਾ]

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ........ਮੈਂ ਆਪਣੇ ਭਾਈ ਤੇ ਯਿਸੂ ਮਸੀਹ ਦੇ ਨਾਮ ਵਿੱਚ ਹੱਥ ਰੱਖਦਾ ਹਾਂ। ਪ੍ਰਭੂ ਯਿਸੂ ਦੇ ਨਾਮ ਵਿੱਚ ਮੈਂ ਆਪਣੇ ਹੱਥ ਰੱਖਦਾ ਹਾਂ ........

ਪ੍ਰਮੇਸ਼ੁਰ, ਮੇਰੀ ਭੈਣ ਰੋਸੇਲਾ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਇਹ ਬਖਸ਼ ਦੇ।

ਯਿਸੂ ਮਸੀਹ ਦੇ ਨਾਮ ਵਿੱਚ
ਯਿਸੂ ਮਸੀਹ ਦੇ ਨਾਮ ਵਿੱਚ

412 [ਭਾਈ ਬ੍ਰਾਨਹਾਮ ਕਿਸੇ ਦੇ ਨਾਲ ਗੱਲਾਂ ਕਰਦੇ ਹਨ । ਤੁਸੀਂ ਇੱਥੇ ਰੁਕ ਕੇ ਇਸਨੂੰ ਤਦ ਤੱਕ ਵੇਖਦੇ ਰਹੋ ਜਦ ਤੱਕ ਦੁਆ ਦੀ ਕਤਾਰ ਖਤਮ ਨਹੀਂ ਹੋ ਜਾਂਦੀ ਹੈ। -ਸੰਪਾ]

ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ .......

ਯਾਦ ਰੱਖੋ, ਉਹ ਹਲੀਮ ਹੈ । ਤੁਸੀਂ ਵੀ ਹਲੀਮੀ ਨਾਲ ਆਓ।



ਤਲਵਾਰ ਹੁੰਦੀ ਹੈ, ਵੇਖੋ, ਇਹ ਬੁਰਾਈ ਲਈ ਚੁੱਕੀ ਜਾ ਸੱਕਦੀ ਹੈ ਜਾਂ ਇਹਨੂੰ ਉਸੇ ਤਰ੍ਹਾਂ ਲਿਆ ਜਾ ਸੱਕਦਾ ਹੈ .......ਇਹ ਆਪਣਾ ਸੰਦੇਸ਼ ਪ੍ਰਾਪਤ ਕਰਦੀ ਹੈ।

21 ਪ੍ਰੰਤੂ ਹੁਣ ਉਦਾਹਰਨ ਲਈ ਵੇਖੋ, ਪਵਿੱਤਰ ਆਤਮਾ ਦੇ ਥੋੜੇ ਜਿਹੇ ਹੀ ਉਡੇਲੇ ਜਾਣ ਦੇ ਕਾਰਨ ਇੱਕ ਸਧਾਰਨ ਮਨੁੱਖ ਦੇ ਲਈ ਤਾਂ ਬਹੁਤ ਸਾਰੇ ਸਮੁਦਾਇ ਆਦਿ ਹੋ ਗਏ ਹਨ ਕਿ ਲੋਕ ਫਾਲਤੂ ਦੇ ਹੀ ਝੂੰਢ ਵਿੱਚ ਰੁੱਝੇ ਰਹਿੰਦੇ ਹਨ, ਉਹ ਬਾਹਰ ਜਾਂਦੇ ਹਨ ਅਰ ਕੋਈ ਦੂਸਰਾ ਛੋਟਾ ਜਿਹਾ ਗਰੁੱਪ ਸ਼ੁਰੂ ਕਰ ਦਿੰਦੇ ਹਨ। ਸਮਝੇ? ਹੁਣ ਤੁਹਾਨੂੰ ਇਸ ਤਰ੍ਹਾਂ ਕਰਨ ਦੀ ਕੋਈ ਲੋੜ ਨਹੀਂ ਹੈ। ਸਮਝੇ? ਹੁਣ ਤੁਸੀਂ ਯਾਦ ਰੱਖੋ ਕਿ ਤੁਸੀਂ ਜਿਸ ਤਰ੍ਹਾਂ ਹੋ ਉਸੇ ਤਰ੍ਹਾਂ ਹੀ ਰਹੋ।

22 ਅਤੇ ਤੁਸੀਂ ਕਹਿੰਦੇ ਹੋ, " ਚੰਗਾ, ਪ੍ਰਭੂ ਵਿਖਾਉਂਦਾ ਹੈ ......" ਨਹੀਂ । ਵੇਖੋ ਹੁਣ ਤੁਸੀਂ ਬਸ ਸਾਵਧਾਨ ਰਹੋ।

23 ਹੁਣ ਇੱਧਰ ਵੇਖੋ ਮੈਂ ਤੁਹਾਨੂੰ ਕੁਝ ਵਿਖਾਉਂਦਾ ਹਾਂ। ਕੀ ਤੁਸੀਂ ਜਾਣਦੇ ਹੋ ਕਿ ਇਸ ਹਾਲ ਵਿੱਚ ਠੀਕ ਇਸ ਸਮੇਂ ਇੱਥੇ ਲੱਖਾਂ ਹੀ ਅਵਾਜ਼ਾਂ ਹਨ। [ਸਭਾ ਆਖਦੀ ਹੈ। "ਆਮੀਨ। "-ਸੰਪਾ] ਇੱਥੇ ਅਸਲ ਰੂਪ ਵਿੱਚ ਲੋਕਾਂ ਦੀਆਂ ਉਹ ਅਵਾਜਾਂ ਹਨ ਜਿਹੜੀਆਂ ਰੇਡੀਓ ਦੀਆਂ ਬਿਜਲਈ(ਇਲੈਕਟ੍ਰੋਨਿਕ) ਤਰੰਗਾਂ ਦੇ ਦੁਆਰਾ ਆ ਰਹੀਆਂ ਹਨ। ਤੁਸੀਂ ਉਹਨਾਂ ਨੂੰ ਕਿਉਂ ਨਹੀਂ ਸੁਣਦੇ ਹੋ? ਉਹ ਅਵਾਜ਼ਾਂ ਹਨ। ਕੀ ਇਹ ਠੀਕ ਹੈ? [ਸਭਾ ਆਖਦੀ ਹੈ। "ਆਮੀਨ। "-ਸੰਪਾ]ਉਹ ਇਸ ਵੇਲੇ ਇੱਥੇ ਠੀਕ ਤਰੰਗਾਂ ਦੇ ਰੂਪ ਵਿੱਚ ਘੁੰਮ ਰਹੀਆਂ ਹਨ। ਉਹ ਲੋਕਾਂ ਦੇ ਰੂਪ ਅਤੇ ਦੇਹਾਂ ਹਨ ਜਿਹੜੀਆਂ ਠੀਕ ਇਸ ਵੇਲੇ ਹਾਲ ਦੇ ਵਿੱਚ ਦੀ ਹੋ ਕੇ ਲੰਘ ਰਹੀਆਂ ਹਨ। ਕੀ ਇਹ ਠੀਕ ਹੈ?["ਆਮੀਨ। "]ਅੱਛਾ, ਤੁਸੀਂ ਉਹਨਾਂ ਨੂੰ ਕਿਉਂ ਨਹੀਂ ਵੇਖਦੇ ਹੋ?ਸਮਝੇ ? ਉਹ ਇੱਥੇ ਹਨ, ਉਹ ਮੇਰੀ ਅਵਾਜ਼ ਵਾਂਗ ਹੀ ਅਸਲੀ ਅਵਾਜ਼ਾਂ ਹਨ। ਚੰਗਾ, ਤੁਸੀਂ ਉਹਨਾਂ ਨੂੰ ਕਿਉਂ ਨਹੀਂ ਸੁਣਦੇ?ਸਮਝੇ? ਕਿਉਂਕਿ ਕਿਸੇ ਅਜਿਹੀ ਚੀਜ਼ ਦੀ ਲੋੜ ਹੈ ਜਿਹਦੇ ਨਾਲ ਉਹ ਟਕਰਾਉਣ ਤਾਂ ਕਿ ਉਹ ਪ੍ਰਗਟ ਹੋ ਸਕਣ। ਸਮਝੇ? ਹੁਣ ਕੀ ਤੁਸੀਂ ਇਹਨੂੰ ਸਮਝ ਗਏ?[ਸਭਾ ਆਖਦੀ ਹੈ। "ਆਮੀਨ। "-ਸੰਪਾ]

24 ਹੁਣ ਤੁਸੀਂ ਕਿਸੇ ਵੀ ਗੱਲ ਦਾ ਅਰਥ ਨਾ ਸਮਝਾਓ। ਜੇ ਖੁਦਾ ਚਾਹੁੰਦਾ ਹੈ ਕਿ ਤੁਹਾਨੂੰ ਕਿਸੇ ਗੱਲ ਦਾ ਪਤਾ ਲੱਗੇ ਤਾਂ ਉਹ ਉਹਨੂੰ ਤੁਹਾਡੇ ਕੋਲ ਭੇਜ ਦੇਵੇਗਾ। ਸਮਝੇ?ਇਸ ਲਈ ਹੁਣ ਤੁਸੀਂ ਇੱਕ ਸੱਚੇ ਅਤੇ ਮਜਬੂਤ ਮਸੀਹੀ ਬਣੇ ਰਹੋ,ਕੀ ਤੁਸੀਂ ਸਮਝ ਗਏ ਮੇਰੇ ਕਹਿਣ ਦਾ ਕੀ ਅਰਥ ਹੈ? [ਸਭਾ ਆਖਦੀ ਹੈ। "ਆਮੀਨ। "-ਸੰਪਾ]ਅਤੇ ਤੁਸੀਂ ਬਸ .....ਤੁਸੀਂ ਇੱਕ ਮਸੀਹੀ ਬਣਨ ਲਈ ਆਪਣੇ ਆਪ ਨੂੰ ਅਲੱਗ ਜਿਹਾ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਕਿਉਂਕਿ ਇਸ ਤਰ੍ਹਾਂ ਕਰਕੇ ਤਾਂ ਤੁਸੀਂ ਆਪਣੇ ਆਪ ਨੂੰ ਪ੍ਰਮੇਸ਼ੁਰ ਕੋਲੋਂ ਦੂਰ ਲੈ ਜਾਓਗੇ। ਅਤੇ ਤੁਸੀਂ-ਤੁਸੀਂ .........

25 ਜੇ ਤੁਸੀਂ ਇਹਨੂੰ ਸਮਝ ਸੱਕਦੇ ਹੋ ਤਾਂ ਇਹ ਹੀ ਤੀਜੀ ਖਿੱਚ ਹੈ। ਸਮਝੇ?ਤੁਹਾਨੂੰ ਇਹਨੂੰ ਕਿਸੇ ਹੋਰ ਦਿਨ ਪਕੜ ਲੈਣਾ ਚਾਹੀਦਾ ਸੀ। ਸਮਝੇ? ਇਸ ਲਈ ਬਸ .....ਤੁਸੀਂ ਬਸ ਇਹ ਯਾਦ ਰੱਖੋ ਕਿ ਇਹਦੀ ਕੋਈ ਨਕਲ ਨਹੀਂ ਹੋਵੇਗੀ ਜਿਵੇਂ ਉਹਨਾਂ ਦੋਨਾਂ ਦੀ ਨਕਲ ਹੋ ਗਈ ਸੀ। ਸਮਝੇ?ਇਸ ਲਈ ਜਿੱਥੋਂ ਤੱਕ ਹੈ ਤੁਹਾਨੂੰ ਇਹਦਾ ਹੁਣ ਤੱਕ ਪਤਾ ਲੱਗ ਜਾਣਾ ਚਾਹੀਦਾ ਹੈ। ਹੁਣ ਬਸ ਇਹ ਯਾਦ ਰੱਖੋ ਕਿ ......

26 ਤੁਸੀਂ ਵੇਖੋ ਕਿ ਇਸ ਕਮਰੇ ਵਿੱਚ ਕੁਝ ਵਾਪਰ ਰਿਹਾ ਹੈ ਅਤੇ ਇਸ ਵੇਲੇ ਇੱਥੇ ਕੋਈ ਹੈ। ਇੱਥੇ ਇਸ ਕਮਰੇ ਵਿੱਚ ਅਸਲ ਵਿੱਚ ਸਵਰਗ ਦੂਤ ਹਨ-ਪ੍ਰਮੇਸ਼ੁਰ ਦੀ ਅਵਾਜ਼ ਹੈ। ਸਮਝੇ?ਪ੍ਰੰਤੂ ਤੁਸੀਂ ਕਿਵੇਂ .......ਜੇ ਤੁਸੀਂ ਸ਼ਰੀਰਕ ਅਥਵਾ ਸੁਭਾਵਿਕ ਅਵਾਜ਼ ਨੂੰ ਇਸ ਤਦ ਤੱਕ ਨਹੀਂ ਸੁਣ ਸੱਕਦੇ ਹੋ ਜਦ ਤੱਕ ਕਿ ਕੋਈ ਚੀਜ਼ ਉਹਨੂੰ ਬਾਹਰ ਨਾ ਭੇਜੇ ਤਾਂ ਫਿਰ ਤੁਸੀਂ ਆਤਮਿਕ ਅਵਾਜ਼ ਕਿਸ ਤਰ੍ਹਾਂ ਸੁਣੋਗੇ ?

27 ਤੁਸੀਂ ਹੋ ਸੱਕਦਾ ਹੈ ਕਿ ਵਿਸ਼ਵਾਸ਼ ਕਰਨ ਦਾ ਪਖੰਡ ਕਰੋ ਕਿ ਕੋਈ ਆਦਮੀ ਇਸ ਖਾਸ ਗੀਤ ਨੂੰ ਗਾ ਰਿਹਾ ਹੈ। ਵੇਖੋ ਹੋ ਸੱਕਦਾ ਹੈ ਕਿ ਇੱਥੇ ਉਸ ਗੀਤ ਦੀਆਂ ਤਰੰਗਾਂ ਹੀ ਨਾ ਹੋਣ। ਪ੍ਰੰਤੂ ਜਦ ਇਹ ਉਸ ਕ੍ਰਿਸਟਲ ਦੇ ਨਾਲ ਟਕਰਾਉਂਦੀ ਹੈ ਜਿਹਦੇ ਨਾਲ ਇਹਨੂੰ ਟਕਰਾਉਣਾ ਚਾਹੀਦਾ ਹੈ ਤਾਂ ਇਹ ਇਸਦਾ ਅਸਲੀ ਮਤਲਬ ਦੱਸਦੀ ਹੈ ਅਤੇ ਇਹਨੂੰ ਵਿਖਾਉਂਦੀ ਹੈ ਇਹਦੀ ਤਸਵੀਰ ਵਿਖਾਉਣ ਰਾਹੀਂ ਇਹਨੂੰ ਸਾਬਤ ਕਰਦੀ ਹੈ। ਕੀ ਤੁਸੀਂ ਸਮਝੇ ਮੇਰੇ ਕਹਿਣ ਦਾ ਮਤਲਬ ਕੀ ਹੈ? [ਸਭਾ ਆਖਦੀ ਹੈ। "ਆਮੀਨ। "-ਸੰਪਾ]

28 ਹੁਣ ਜਦ ਪ੍ਰਮੇਸ਼ੁਰ ਦਾ ਆਤਮਾ ਸੱਚੇ ਵਚਨ ਦੇ ਵਿੱਚ ਦੀ ਹੋ ਕੇ ਬੋਲਦਾ ਹੈ ਤਾਂ ਇਹ ਆਪਣੀ ਪਛਾਣ ਕਰਾਉਂਦਾ ਹੈ ਤਾਂ ਕਿ ਆਪਣੇ ਆਪ ਨੂੰ ਵਿਖਾਵੇ ਕਿ ਉਹ ਸੱਚਾ ਹੈ। ਹੁਣ ਕੀ ਤੁਸੀਂ ਇਹਨੂੰ ਸਮਝ ਗਏ ਹੋ? [ਸਭਾ ਆਖਦੀ ਹੈ। "ਆਮੀਨ। "-ਸੰਪਾ] ਠੀਕ ਹੈ।

ਆਓ ਅਸੀਂ ਫਿਰ ਦੁਆ ਕਰੀਏ।

29 ਸੁਰਗੀ ਪਿਤਾ, ਅਸੀਂ ਇਸ ਪੋਥੀ ਦੇ ਪਰਦਿਆਂ ਨੂੰ ਖੋਲ੍ਹਣ ਵਾਲੇ ਹਾਂ, ਅਤੇ ਜਿਵੇਂ ਕਿ ਸ਼ਰਰਿਕ ਭਾਗ ਉਸਨੂੰ ਮੋੜਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਹਨੂੰ ਤੂੰ ਸਾਡੇ ਲਈ ਆਤਮਿਕ ਭਾਗ ਵਿੱਚ ਖੋਲ੍ਹਿਆ ਸੀ। ਅਤੇ ਖੁਦਾ ਹੁਣ ਮੈਂ ਬੇਨਤੀ ਕਰਦਾ ਹਾਂ ਕਿ ਇਹਨਾਂ ਪ੍ਰਸ਼ਨਾਂ ਦਾ ਠੀਕ ਅਨੁਵਾਦ ਦੇਣ ਲਈ ਤੂੰ ਮੇਰੀ ਮੱਦਦ ਕਰ। ਹੋਣ ਦੇ ਕਿ ਇਹ ਇਸ ਢੰਗ ਦੇ ਨਾਲ ਦੱਸੇ ਜਾਣ ਕਿ ......ਇਹ ਲੋਕਾਂ ਲਈ ਇੱਕ ਸਹਾਇਤਾ ਹੋਵੇ। ਇਹ ਉਹਨਾਂ ਨੂੰ ਸਮਝ ਬਖਸ਼ਣ ਲਈ ਹੋਣ। ਅਤੇ ਮੈਂ ਦੁਆ ਕਰਦਾ ਹਾਂ ਕਿ ਤੂੰ ਮੈਨੂੰ ਸਮਝ ਦੇ ਤਾਂ ਕਿ ਮੈਂ ਇਹਨੂੰ ਤੇਰੇ ਲੋਕਾਂ ਤੱਕ ਭੇਜ਼ ਸਕਾਂ ਕਿ ਉਹਨਾਂ ਦੇ ਕੋਲ ਸਮਝ ਹੋਵੇ, ਤਾਂ ਕਿ ਹੋਣ ਦੇ ਕਿ ਅਸੀਂ ਸਾਰੇ ਰਲ ਕੇ ਪ੍ਰਮੇਸ਼ੁਰ ਦੀ ਵਡਿਆਈ ਅਤੇ ਆਦਰ ਲਈ ਆਪਣੇ ਜੀਵਨ ਬਤੀਤ ਕਰੀਏ। ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

30 ਹੁਣ ਮੈਂ ਬਸ ਇਹ ਕਹਿਣਾ ਚਾਹੁੰਦਾ ਹਾਂ ।

31 ਅਤੇ ਮੈਂ ਸੋਚਿਆ ਸੀ ਕਿ *ਇੱਥੇ* ਜਿਹੜੀ ਇਹ ਚੀਜ਼ ਹੈ ਉਹ ਉਹਨਾਂ ਟੇਪ ਰਿਕਾਡਾਂ ਨੂੰ ਕੰਟਰੋਲ ਕਰਦੀ ਹੈ। ਪ੍ਰੰਤੂ ਇਹ ਉਨ੍ਹਾਂ ਨੂੰ ਕੰਟਰੋਲ ਨਹੀਂ ਕਰਦੀ ਹੈ। ਇਹ ਤਾਂ ਡੈਸਕ ਲਾਈਟ ਹੈ। ਅਤੇ ਮੈਂ ਸੋਚਿਆ ਸੀ ਕਿ ਟੇ ਰਿਕਾਡਾਂ ਨੂੰ ਕੰਟਰੋਲ ਕਰਨ ਵਾਲਾ ਇੱਥੇ ਹੁੰਦਾ ਸੀ। ਪ੍ਰੰਤੂ ਮੈਨੂੰ ਕਿਹਾ ਗਿਆ ਸੀ ਕਿ ਮੈਂ ਉਹਨਾਂ ਭਾਈਆਂ ਨੂੰ ਜਿਹੜੇ ਟੇਪ ਰੂਮ ਵਿੱਚ ਹਨ ਇਸ਼ਾਰਾ ਕਰ ਦਿਆਂ ਤਾਂ ਕਿ ਉਹਨਾਂ ਨੂੰ ਇਹ ਪਤਾ ਲੱਗ ਜਾਵੇ ਕਿ ਟੇਪਾਂ ਨੂੰ ਕਦੋਂ ਬੰਦ ਕਰਨਾ ਹੈ ਅਤੇ ਕਦੋਂ ਨਹੀਂ ਕਰਨਾ ਹੈ।



ਵੈਦ ਹੁਣ ਹੈ ਨੇੜੇ ",ਗੀਤ ਤੇ ਸੰਗੀਤ ਦਿਓ। ਅਤੇ ਪਿਆਨੋ ਬਜਾਉਣ ਵਾਲੇ ਜਿੱਥੇ ਕਿਤੇ ਹੋਣ ਤੁਸੀਂ ਉਸ ਦੇ ਨਾਲ ਸੰਗੀਤ ਦਿਓ, ਕੀ ਤੁਸੀਂ ਇਸ ਤਰ੍ਹਾਂ ਕਰੋਗੇ।

402 ਸੁਣੋ, ਕੀ ਤੁਹਾਨੂੰ ਯਾਦ ਹੈ ਜਦੋਂ ਇੱਥੇ ਉਹ ਪਿਆਨੋ ਬਜਾ ਰਹੀ ਸੀ ਅਤੇ ਇੱਕ ਛੋਟੇ ਜਿਹੇ ਮੁੰਡੇ ਨੂੰ ਇੱਥੇ ਮੰਚ ਤੇ ਲਿਆਂਦਾ ਗਿਆ ਸੀ?ਇੱਕ ਜਵਾਨ ਅਮਿਸ਼ ਕੁੜੀ ਪਿਆਨੋ ਤੇ ਧੁਨ ਵਜਾ ਰਹੀ ਸੀ, "ਉਹ ਮਹਾਨ ਵੈਦ ਹੁਣ ਹੈ ਨੇੜੇ । " ਉਸਦੇ ਵਾਲ ਕਾਲੇ ਅਤੇ ਲੰਬੇ ਸਨ ਜੋ ਲੰਬੇ ਅਤੇ ਸੁਨਹਿਰੇ ਸਨ, ਉਹ ਮਨੋਨਾਈਟ ਜਾਂ ਅਮਿਸ਼ ਲੜਕੀ ਸੀ।

403 ਅਤੇ ਪਵਿੱਤਰ ਆਤਮਾ ਨੇ ਉਸ ਛੋਟੇ ਮੁੰਡੇ ਨੂੰ ਛੂਹਿਆ ਜੋ ਆਪਣੇ ਹੱਥ ਦੇ ਸਹਾਰੇ ਲੰਮਾ ਪਿਆ ਹੋਇਆ ਸੀ ਅਤੇ ਉਸਦੇ ਪੈਰ ਲੰਗੜੇ ਸਨ। ਅਤੇ ਉਹ ਮੇਰੀਆਂ ਬਾਹਾਂ ਵਿੱਚ ਉੱਛਲ ਪਿਆ ਅਤੇ ਮੰਚ ਤੋਂ ਹੋ ਕੇ ਹੇਠਾਂ ਭੱਜਿਆ। ਉਸਦੀ ਮਾਂ ਉੱਪਰ ਉੱਠੀ ਅਤੇ ਹੇਠਾਂ ਡਿੱਗ ਪਈ। ਮੇਰਾ ਯਕੀਨ ਹੈ ਕਿ ਉਹ ਕੁੜੀ ਸ਼ੁਰੂ ਤੋਂ ਹੀ ਮਨੋਨਾਈਟ ਸੀ।

404 ਅਤੇ ਪਵਿੱਤਰ ਆਤਮਾ ਨੇ ਇਸ ਛੋਟੀ ਮਨੋਨਾਈਟ ਲੜਕੀ ਜਾਂ ਅਮਿਸ਼ ਲੜਕੀ ਨੂੰ ਛੂਹਿਆ ਜਾਂ ਉਹ ਜੋ ਕੋਈ ਵੀ ਸੀ ਉਸਨੂੰ ਛੂਹਿਆ। ਉਸਦਾ ਡੈਡੀ ਅਤੇ ਉਹ ਉੱਥੇ ਬੈਠੇ ਹੋਏ ਸਨ ....ਉਨ੍ਹਾਂ ਨੇ ਮਨੋਨਾਈਟ ਲੋਕਾਂ ਵਰਗੇ ਕੱਪੜੇ ਪਾਏ ਹੋਏ ਸਨ ਜਾਂ ਉਹ ਜੋ ਕੋਈ ਵੀ ਸੀ। ਅਤੇ ਉਹ ਆਪਣੇ ਹੱਥਾਂ ਨੂੰ ਹਵਾ ਵਿੱਚ ਉਤਾਂਹ ਉਠਾ ਕੇ ਪਿਆਨੋ ਤੋਂ ਉੱਠ ਖੜ੍ਹੀ ਹੋਈ। ਅਤੇ ਉਸਦੇ ਵਾਲ ਉਸਦੇ ਮੋਢਿਆਂ ਤੇ ਲਟਕ ਰਹੇ ਸਨ ਅਤੇ ਉਹ ਸਵਰਗ ਦੂਤ ਵਰਗੀ ਵਿਖਾਈ ਦੇ ਰਹੀ ਸੀ। ਅਤੇ ਉਸਨੇ ਆਤਮਾ ਵਿੱਚ ਗੀਤ ਗਾਉਣਾ ਸ਼ੁਰੂ ਕੀਤਾ ਅਤੇ ਜਦ ਉਸਨੇ ਇਸ ਤਰ੍ਹਾਂ ਕੀਤਾ ਤਾਂ ਪਿਆਨੋ ਆਪਣੇ ਆਪ " ਉਹ ਮਹਾਨ ਵੈਦ ਹੁਣ ਹੈ ਨੇੜੇ, ਉਹ ਤਰਸ ਖਾਣ ਵਾਲਾ ਯਿਸੂ ਹੁਣ ਨੇੜੇ ਹੈ ", ਵਜਾਉਣਾ ਜਾਰੀ ਰੱਖਿਆ।

405 ਹਰ ਇੱਕ ਵਿਅਕਤੀ ਉੱਪਰ ਖੜ੍ਹਾ ਹੋ ਗਿਆ ਅਤੇ ਹਜ਼ਾਰਾਂ ਲੋਕ ਉਨ੍ਹਾਂ ਕੁੰਜੀਆਂ ਨੂੰ ਉੱਪਰ ਹੇਠ ਹੁੰਦਾ ਵੇਖ ਰਹੇ ਸਨ ਜਿਹੜੀ ਉਹ ਧੁੰਨ ਕੱਢ ਰਹੀਆਂ ਸਨ, "ਉਹ ਮਹਾਨ ਵੈਦ ਹੁਣ ਹੈ ਨੇੜੇ ਉਹ ਤਰਸ ਖਾਣ ਵਾਲਾ ਯਿਸੂ ਹੁਣ ਨੇੜੇ ਹੈ। " ਲੋਕ ਪਹੀਆਂ ਵਾਲੀਆਂ ਕੁਰਸੀਆਂ ਤੋਂ, ਸਟਰੈਚਰਾਂ ਤੋਂ ਅਤੇ ਚਾਰਪਾਈਆਂ ਤੋਂ ਉੱਠ ਖੜ੍ਹੇ ਹੋਏ ਅਤੇ ਤੁਰਨ ਲੱਗ ਪਏ।

406 ਉਹ ਹੀ ਪ੍ਰਭੂ ਯਿਸੂ ਅੱਜ ਸਵੇਰ ਇੱਥੇ ਬਿਲਕੁੱਲ ਉਸੇ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਦਾ ਉਹ ਉਸ ਸਮੇਂ ਸੀ। ਹੁਣ ਤੁਸੀਂ ਬਸ ਸਿਰਫ ਭਰੋਸਾ ਰੱਖੋ।

ਹੁਣ ਤੁਸੀਂ ਉਸ ਗੀਤ ਤੇ ਧੁੰਨ ਦਿਓ, ਕੀ ਤੁਸੀਂ *ਉਹ ਮਹਾਨ ਵੈਦ ਹੁਣ ਹੈ ਨੇੜੇ,* ਗੀਤ ਤੇ ਧੁੰਨ ਦਿਓਗੇ। ਹੁਣ ਆਓ ਹਰ ਕੋਈ ਦੁਆ ਕਰੇ।

ਹੁਣ ਉਹ ਇਸ ਕਮਰੇ ਵਿੱਚ ਦੀ ਹੋ ਕੇ ਲੰਘਣ ਅਤੇ ਇਸ ਰਸਤੇ ਰਾਹੀਂ ਹੋ ਕੇ ਹੇਠਾਂ ਪਹੁੰਚਣ ਅਤੇ ਆਪਣੀ ਸੀਟ ਤੇ ਜਾਂ ਤੁਸੀਂ ਜਿੱਥੇ ਕਿਤੇ ਜਾਣਾ ਚਾਹੁੰਦੇ ਹੋ ਤੁਸੀਂ ਆਪਣਾ ਰਸਤਾ ਲਓ। ਜਿਹੜੇ ਲੋਕ ਉੱਥੇ ਪਿੱਛੇ ਹਨ ਕੀ ਤੁਹਾਨੂੰ ਇਹ ਗੱਲ ਸਮਝ ਆ ਗਈ ਹੈ ?ਠੀਕ ਹੈ। ਇਸ ਲਈ ਤੁਸੀਂ ਆਪਣੀ ਸੀਟ ਤੇ ਵਾਪਸ ਜਾਓ, ਇਸ ਤੋਂ ਬਾਦ ਅਸੀਂ ਖੜ੍ਹੇ ਹੋਵਾਂਗੇ।

397 ਪ੍ਰਭੂ ਇਹ ਲੋਕ ਜਿਹੜੇ ਖੜ੍ਹੇ ਹੋਏ ਹਨ ਉਨ੍ਹਾਂ ਸੇਵਕਾਂ ਦੇ ਹੱਥਾਂ ਦੇ ਹੇਠ ਦੀ ਲੰਘਣ ਜਾ ਰਹੇ ਹਨ ਜਿਨ੍ਹਾਂ ਨੇ ਪਵਿੱਤਰ ਆਤਮਾ ਪਾਇਆ ਹੈ,ਅਤੇ ਇਹ ਸੇਵਕ ਬਿਮਾਰਾਂ ਉੱਤੇ ਹੱਥ ਰੱਖਣ ਲਈ ਤਿਆਰ ਹਨ। ਅਤੇ ਪਿਤਾ,ਅਸੀਂ ਜਾਣਦੇ ਹਾਂ ਕਿ ਕਾਸ਼ ਕਿ ਇਹ ਲੋਕ ਸਿਰਫ ਵਿਸ਼ਵਾਸ਼ ਕਰਨ। ਹਰੇਕ ਉਹ ਵਚਨ ਜਿਹਦਾ ਤੂੰ ਵਾਅਦਾ ਕੀਤਾ ਹੈ,ਉਸਨੇ ਪੂਰਾ ਹੋਣਾ ਹੀ ਹੈ,ਇਸ ਲਈ ਉਹ ਪ੍ਰਤੀਤ ਕਰਨ ......ਅਤੇ ਇਹ ਪ੍ਰਤੀਤ ਤੋਂ ਬਿਨਾਂ ਨਹੀਂ ਹੋ ਸੱਕਦਾ ਹੈ ਕਿਉਂਕਿ ਬਿਨਾਂ ਵਿਸ਼ਵਾਸ਼ ਦੇ ਪ੍ਰਮੇਸ਼ੁਰ ਨੂੰ ਪ੍ਰਸੰਨ ਕਰਨਾ ਅਣਹੋਣਾ ਹੈ। ਅਸੀਂ ਵਿਸ਼ਵਾਸ਼ ਤੋਂ ਬਿਨਾਂ ਇਸ ਤਰ੍ਹਾਂ ਕਰ ਹੀ ਨਹੀਂ ਸੱਕਦੇ ਹਾਂ।

398 ਹੁਣ ਇਸ ਵਾਅਦੇ ਦੇ ਰਾਹੀਂ ਜਿਹੜਾ ਸਾਡੇ ਸਾਹਮਣੇ ਰੱਖਿਆ ਹੋਇਆ ਹੈ ਅਤੇ ਸਾਡੇ ਉੱਤੇ ਬਾਈਬਲ ਦੀਆਂ ਮੋਹਰਾਂ ਖੋਲ੍ਹਣ ਦੇ ਰਾਹੀਂ ਨਿਹਚਾ ਨਾਲ ਇਹ ਪ੍ਰਤੀਤ ਕਰ ਰਹੇ ਹਨ ਕਿ ਪ੍ਰਮੇਸ਼ੁਰ ਆਪਣਾ ਵਚਨ ਪੂਰਾ ਕਰਦਾ ਹੈ। ਪ੍ਰਭੂ ,ਹੋਣ ਦੇ ਕਿ ਇਹ ਬੇਸ਼ਕੀਮਤ ਲੋਕ ਜਿਹੜੇ ਬਿਮਾਰ ਹਨ ....ਅਤੇ ਇੱਕ ਮਨੁੱਖ ਹੋਣ ਦੇ ਕਾਰਨ ਮੇਰੀ ਨਾਸ਼ਵਾਨ ਦੇਹ ਵਿੱਚ ਬਿਲਕੁੱਲ ਉਹ ਹੀ ਭਾਵਨਾ ਹੈ ਜਿਹੜੀ ਕਿ ਉਨ੍ਹਾਂ ਦੀ ਹੈ। ਅਤੇ ਪ੍ਰਭੂ, ਹੁਣ ਉਨ੍ਹਾਂ ਦੀ .....ਉਹ ਹੀ ਪਵਿੱਤਰ ਆਤਮਾ ਜਿਹੜਾ ਸਾਡੇ ਵਿੱਚ ਵਾਸ ਕਰਦਾ ਹੈ, ਇਨ੍ਹਾਂ ਦੇ ਅੰਦਰ ਵਾਸ ਕਰੇ। ਅਤੇ ਅਸੀਂ ਇੱਕ ਦੂਜੇ ਲਈ ਦੁਖੀ ਹੁੰਦੇ ਹਾਂ। ਅਤੇ ਅਸੀਂ ਜਾਣਦੇ ਹਾਂ ਕਿ ਇਹ ਨਵਾਂ ਨੇਮ ਜੋ ਕਿ ਲਹੂ ਵਿੱਚ ਹੈ ......ਜੇ ਉਹ ਪੁਰਾਣਾ ਨੇਮ ਚੰਗਾਈ ਦਿੰਦਾ ਸੀ ਤਾਂ ਇਹ ਨਵਾਂ ਅਤੇ ਉੱਤਮ ਨੇਮ ਉਸ ਤੋਂ ਵੱਧ ਕਿੰਨਾ ਕੁਝ ਕਰੇਗਾ?ਪਿਤਾ, ਇਸ ਤਰ੍ਹਾਂ ਹੋਣ ਦੇ ਕਿ ਇਹ ਲੋਕ ਫੇਲ ਨਾ ਹੋਣ ਪ੍ਰੰਤੂ ਜਦ ਇਹ ਤੇਰੇ ਸੇਵਕਾਂ ਦੇ ਹੱਥਾਂ ਦੇ ਹੇਠ ਦੀ ਲੰਘਦੇ ਹਨ ਤਾਂ ਇਹ ਆਪਣੀ ਚੰਗਾਈ ਪ੍ਰਾਪਤ ਕਰ ਸਕਣ, ਅਸੀਂ ਇਹ ਬੇਨਤੀ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

399 ਹੁਣ ਅਸੀਂ ਇਹ ਕਰਾਂਗੇ ਕਿ ਇਸ ਪਾਸੇ ਦੇ ਲੋਕ ਬੈਠ ਜਾਣਗੇ ਅਤੇ ਇਸ ਪਾਸੇ ਦੇ ਲੋਕ ਅੱਗੇ ਆਉਣਗੇ ਅਤੇ ਫਿਰ ਇਸ ਤੋਂ ਬਾਦ ਇਸ ਪਾਸੇ ਦੇ ਲੋਕ ਮੁੜ ਜਾਣਗੇ ਅਤੇ ਦੂਸਰੇ ਪਾਸੇ ਦੇ ....ਹੁਣ, ਤੁਹਾਡੇ ਵਿੱਚੋਂ ਕੁਝ ਭਾਈ ਜੋ ਇੱਥੇ ਹਨ ਖੜ੍ਹੇ ਹੋ ਜਾਣਗੇ। ਮੈਂ ਸੋਚਦਾ ਹਾਂ ਕਿ ਤੁਸੀਂ ਜਿਹੜੇ ਇੱਥੇ ਹੋ, ਤੁਸੀਂ ਸਾਰੇ ਜਿਹੜੇ ਇੱਥੇ ਹੋ ਸੇਵਾਦਾਰ ਹੋ। ਡਾਕਟਰ ਭਾਈ ਨੈਡ ਕਿੱਥੇ ਹਨ? ਭਾਈ ਨੈਡ, ਤੁਸੀਂ ਦੁਆ ਦੀ ਕਤਾਰ ਵਿੱਚ ਆਉਣ ਵਾਲੇ ਸਾਓ? [ਭਾਈ ਨੈਡ ਇਵਰਸਨ ਕਹਿੰਦੇ ਹਨ, "ਜੀ ਹਾਂ। ਮੈਂ ਕਿਸੇ ਹੋਰ ਆਦਮੀ ਲਈ ਕਤਾਰ ਵਿੱਚ ਖੜ੍ਹਾ ਹੋਇਆ ਹਾਂ"-ਸੰਪਾ] ਠੀਕ ਹੈ, ਭਾਈ ਨੈਡ ਠੀਕ ਹੈ। ਜਿਵੇਂ ਹੀ ਤੁਹਾਡੇ ਲਈ ਬੇਨਤੀ ਹੋ ਜਾਂਦੀ ਹੈ ਤੁਸੀਂ ਦੁਆ ਦੀ ਕਤਾਰ ਵਿੱਚੋਂ ਬਾਹਰ ਨਿੱਕਲ ਆਉਣਾ।

400 ਹੁਣ ਜਿਹੜੇ ਇੱਥੇ ਇਸ ਪਾਸੇ ਹਨ ਉਹ ਇੱਕ ਪਲ ਲਈ ਬੈਠ ਜਾਣ ਅਤੇ ਮੈਂ ਇਸ ਪਾਸੇ ਦੇ ਲੋਕਾਂ ਨੂੰ ਪ੍ਰਾਰਥਨਾ ਲਈ ਸੱਦਾਂਗਾ। ਇਸ ਤੋਂ ਬਾਦ ਅਸੀਂ ਹੇਠਾਂ ਜਾਵਾਂਗੇ ਅਤੇ ਵਿਚਕਾਰਲੇ ਗੈਲਰੀ ਵਾਲੇ ਲੋਕਾਂ ਲਈ ਦੁਆ ਕਰਾਂਗੇ ਅਤੇ ਫਿਰ ਉਨ੍ਹਾਂ ਨੂੰ ਇਸ ਰਸਤੇ ਵਾਪਸ ਭੇਜ ਦਿਆਂਗੇ ਅਤੇ ਅਸੀਂ ਹਰੇਕ ਲਈ ਦੁਆ ਕਰਾਂਗੇ।

401 ਮੈਂ ਭਾਈ ਟੈਡੀ ਤੋਂ ਪੁੱਛਣ ਜਾ ਰਿਹਾ ਹਾਂ .....ਉਹ ਕਿੱਥੇ ਹਨ? [ਭਾਈ ਟੈਡੀ ਇਨਰੋਟ ਕਹਿੰਦੇ ਹਨ, "ਇੱਥੇ ਹਾਂ । "-ਸੰਪਾ]ਠੀਕ ਹੈ । ਮੈਂ ਤੁਹਾਡੇ ਤੋਂ ਚਾਹੁੰਦਾ ਹਾਂ ਕਿ ਤੁਸੀਂ, "ਉਹ ਮਹਾਨ



32 ਵੇਖੋ, ਟੇਪਾਂ ਦੀ ਇਹ ਸੇਵਕਾਈ ਸਾਰੀ ਦੁਨੀਆਂ ਵਿੱਚ ਹੈ, ਇਹ ਟੇਪਾਂ ਸੱਭ ਜਗ੍ਹਾ ਜਾਂਦੀਆਂ ਹਨ। ਇਹਨਾਂ ਦਾ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਬਾਕੀ ਹੋਰ ਕੁਝ ਹੁੰਦਾ ਹੈ। ਇਸ ਲਈ ਜਿਹੜੀਆਂ ਗੱਲਾਂ ਹੁਣ ਅਸੀਂ ਇੱਥੇ ਕਹੀਆਂ ਹਨ ਅਸੀਂ ਉਹਨਾਂ ਗੱਲਾਂ ਨੂੰ ਕਿਤੇ ਹੋਰ ਨਹੀਂ ਕਹਿ ਸਕਾਂਗੇ ਅਤੇ ਇਹ ਹੀ ਕਾਰਨ ਹੈ ਕਿ ਅਸੀਂ ਟੇਪਾਂ ਦੀ ਰਿਕਾਰਡਿੰਗ ਨੂੰ ਬੰਦ ਕਰਦੇ ਹਾਂ।

33 ਹੁਣ, ਪ੍ਰਸ਼ਨਾਂ ਦੇ ਜਵਾਬ ਦੇਣੇ ਇੱਕ ਬਹੁਤ ਵਧੀਆ ਚੀਜ਼ ਹੈ। ਇਸ ਲਈ ਹੁਣ ਮੈਂ .....ਇਹਨਾਂ ਪ੍ਰਸ਼ਨਾਂ ਉੱਤਰਾਂ ਵਿੱਚ ਬਹੁਤ ਸਾਰੇ ਪ੍ਰਸ਼ਨ ਤਾਂ ਬਾਹਰ ਦੇ ਹਨ .....ਹੁਣ, ਹਰੇਕ ....ਉਹਨਾਂ ਵਿੱਚੋਂ ਬਹੁਤ ਸਾਰੇ ਪ੍ਰਸ਼ਨਾਂ ਦਾ ਤਾਂ ਸੰਦੇਸ਼ ਦੇ ਨਾਲ ਕੋਈ ਵੀ ਮਤਲਬ ਨਹੀਂ ਹੈ। ਪ੍ਰੰਤੂ ਮੈਂ ਦੇਣ ਜਾ ਰਿਹਾ ਹਾਂ .......ਉਹਨਾਂ ਵਿੱਚੋਂ ਕੁਝ ਪ੍ਰਸ਼ਨਾਂ ਦਾ ਤਾਂ ਮੋਹਰਾਂ ਦੇ ਨਾਲ ਬਿਲਕੁੱਲ ਵੀ ਸਬੰਧ ਨਹੀਂ ਹੈ ;ਪਰ ਮੈਂ ਉਹਨਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨ ਜਾ ਰਿਹਾ ਹਾਂ। ਅਤੇ ਜਿਵੇਂ ਕਿ ਲੋਕਾਂ ਨੂੰ ਦੱਸਿਆ ਗਿਆ ਸੀ, ਉਹ ਪ੍ਰਸ਼ਨ ਮੈਨੂੰ ਦਿੱਤੇ ਗਏ ਹਨ । ਮੈਨੂੰ ਉਹਨਾਂ ਵਿੱਚੋਂ ਕਈਆਂ ਦੇ ਬਾਰੇ ਵਿੱਚ ਦੱਸਿਆ ਗਿਆ। ਉਹਨਾਂ ਵਿੱਚੋਂ ਬਹੁਤ ਜਿਆਦਾ ਗਿਣਤੀ ਵਿੱਚ ਤਾਂ ਬਿਮਾਰਾਂ ਅਤੇ ਦੁਖੀ ਲੋਕਾਂ ਲਈ ਦੁਆ ਕਰਨ ਦੀ ਬੇਨਤੀ ਕੀਤੀ ਗਈ ਹੈ। ਅਤੇ ਇਸੇ ਤਰ੍ਹਾਂ ਹੋਰ ਕਈ ਗੱਲਾਂ ਤੇ ਪ੍ਰਸ਼ਨ ਹਨ ;ਇਸ ਲਈ ਇਹ ਉਹ ਹੈ ਜਿਹਦਾ ਸਬੰਧ ਕਿਸੇ ਉਸ ਪ੍ਰਸ਼ਨ ਨਾਲ ਨਹੀਂ ਹੈ ਜਿਹਦਾ ਕਿ ਉੱਤਰ ਦਿੱਤਾ ਜਾਵੇ। ਅਤੇ ਫਿਰ ਉਹ ......ਮੈਨੂੰ ਪ੍ਰਸ਼ਨਾਂ ਦਾ ਇੱਕ ਬੰਡਲ ਦਿੱਤਾ ਗਿਆ ਜੋ ਅਲੱਗ-ਅਲੱਗ ਗੱਲਾਂ ਅਤੇ ਵਚਨ ਦੀਆਂ ਲਿਖਤਾਂ ਅਤੇ ਦੂਸਰੀਆਂ ਗੱਲਾਂ ਦੇ ਬਾਰੇ ਵਿੱਚ ਹੈ। ਪਰ ਜੇ ਸਾਡੇ ਕੋਲ ਸਮਾਂ ਹੋਇਆ ਤਾਂ ਅਸੀਂ ਇਹਨਾਂ ਪ੍ਰਸ਼ਨਾਂ ਦੇ ਜਵਾਬ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਹੁਣ, ਜੇ ਮੈਂ ਕੋਈ ਗਲਤੀ ਕਰਦਾ ਹਾਂ ਤਾਂ ਤੁਸੀਂ ਯਾਦ ਰੱਖੋ ਕਿ ਮੇਰਾ ਮਤਲਬ ਗਲਤੀ ਕਰਨ ਦਾ ਨਹੀਂ ਹੈ।

34 ਕੀ ਹਰ ਕੋਈ ਚੰਗਾ ਮਹਿਸੂਸ ਕਰ ਰਿਹਾ ਹੈ?[ਸਭਾ ਆਖਦੀ ਹੈ। "ਆਮੀਨ। "-ਸੰਪਾ] ਆਮੀਨ। ਕੀ ਇਹ ਇਸ ਤਰ੍ਹਾਂ ਨਹੀਂ ਹੈ .....ਜਿਵੇਂ ਮਸੀਹ ਯਿਸੂ ਵਿੱਚ ਸੁਰਗੀ ਸਥਾਨਾਂ ਦੇ ਬਾਰੇ ਵਿੱਚ ਗੱਲਾਂ ਕਰਨੀਆਂ, ਕਿੰਨਾ ਸ਼ਾਨਦਾਰ ਸਮਾਂ ਹੈ, ਕਿੰਨਾ ਹੀ ਵਧੀਆ ਸਮਾਂ ਹੈ।

35 ਉਹਨਾਂ ਸਾਰਿਆਂ ਸਮਿਆਂ ਵਿੱਚ ਜਿਹਨਾਂ ਵਿੱਚ ਮੈਂ ਇਸ ਭਵਨ ਵਿੱਚ ਪੁਲਪਿਟ ਦੇ ਪਿੱਛੇ ਰਿਹਾ ਹਾਂ, ਆਪਣੀ ਸੇਵਾ ਦੇ ਕਿਸੇ ਵੀ ਸਮੇਂ ਜਿਹਦੇ ਵਿੱਚ ਮੈਂ ਪ੍ਰਮੇਸ਼ੁਰ ਦੇ ਅਯਾਮਾਂ(ਸਥਾਨਾਂ) ਵਿੱਚ ਕੰਮ ਕੀਤਾ ਹੈ, ਮੇਰਾ ਕਦੇ ਵੀ ਅਜਿਹਾ ਸਮਾਂ ਨਹੀਂ ਰਿਹਾ ਜਿਵੇਂ ਕਿ ਹੁਣ ਇਹ ਸਮਾਂ ਰਿਹਾ ਹੈ। ਮੇਰਾ ਇਹ ਸਮਾਂ ਕਿਸੇ ਵੀ ਉਸ ਸਮੇਂ ਤੋਂ ਵੱਧ ਕੇ ਹੈ ਜਿਹਦੇ ਵਿੱਚ ਮੈਂ ਕਦੇ ਕੁਝ ਕੀਤਾ ਸੀ। ਮੇਰੀ ਇਸ ਤਰ੍ਹਾਂ ਦੀ ਸੰਗਤੀ ਕਿਸੇ ਵੀ ਉਸ ਸੰਗਤੀ ਤੋਂ ਵੱਧ ਕੇ ਹੈ ਜਿਹੜੀ ਕਦੇ ਕੀਤੀ ਹੋਈ ਹੋਵੇ। ਮੇਰੀਆਂ ਜਿਆਦਾ ਸਭਾਵਾਂ ਚੰਗਾਈ ਉੱਤੇ ਹੀ ਰਹੀਆਂ ਹਨ। ਪ੍ਰੰਤੂ ਇਹ ਉਸੇ ਆਤਮਾ ਦੇ ਰਾਹੀਂ, ਬਿਲਕੁੱਲ ਉਸੇ ਆਤਮਾ ਰਾਹੀਂ ਸੱਚਾਈ ਦਾ ਪ੍ਰਗਟਾਵਾ ਕਰ ਰਹੀ ਹੈ।

36 ਅਤੇ ਮੈਂ ਇਸ ਸਮੇਂ ਦੌਰਾਨ ਬਿਲਕੁੱਲ ਇਕੱਲਾ ਰਿਹਾ ਹਾਂ । ਅਤੇ ਮੈਂ ਇੱਕ ਹੀ ਜਗ੍ਹਾ ਤੇ ਰਿਹਾ ਹਾਂ ਜਾਂ ਹੇਠਾਂ ਕਿਸੇ ਇੱਕ ਜਗ੍ਹਾ ਤੇ ਭੋਜਨ ਕਰ ਰਿਹਾ ਹਾਂ। ਅਤੇ ਮੈਂ ਬਸ ਇਕੱਲਾ ਹੀ ਰਿਹਾ ਹਾਂ ਸੋ ਇਸ ਲਈ ਇਹ ਮੇਰੇ ਲਈ ਬੜਾ ਹੀ ਮਹਾਨ ਸਮਾਂ ਰਿਹਾ ਹੈ।

37 ਅਤੇ ਹੁਣ ਇਸ ਤੋਂ ਇਲਾਵਾ ਜਾਂ ਤਾਂ ਇਸ ਸਵੇਰ ਨੂੰ ਜਾਂ ਅਗਲੀ ਸਵੇਰ ਮੈਂ ....ਜੇ ਅਸੀਂ ਸਮੇਂ ਸਿਰ ਖਤਮ ਕਰ ਸਕੇ, ਜੇ ਇਨ੍ਹਾਂ ਪ੍ਰਸ਼ਨਾਂ ਤੇ ਬਹੁਤ ਜਿਆਦਾ ਸਮਾਂ ਨਹੀਂ ਲੱਗਦਾ ਹੈ ਤਾਂ ਮੈਂ ਇਸ ਸਵੇਰ ਬਿਮਾਰਾਂ ਲਈ ਦੁਆ ਕਰਾਂਗਾ ।

38 ਇਸ ਲਈ ਮੈਨੂੰ ਚਾਹੀਦਾ ਹੈ ਕਿ ਮੈਂ ਥੋੜਾ ਜਿਹਾ ਸਮਾਂ ਆਪਣੇ ਲਈ ਰੱਖਾਂ। ਸਮਝੇ?ਸਿਰਫ ਮਨੁੱਖੀ ਦਿਮਾਗ ਹੀ ਬਹੁਤ ਦੇਰ ਤੱਕ ਇਕੱਲਾ ਰਹਿ ਸੱਕਦਾ ਹੈ । ਸਮਝੇ? ਪ੍ਰੰਤੂ ਜਦੋਂ ਤੁਸੀਂ ਇੱਕ ਅਜਿਹੀ ਜਗ੍ਹਾ ਤੇ ਆਉਂਦੇ ਹੋ ਜਿੱਥੇ ਤੁਸੀਂ ਇੱਕ ਘੰਟੇ ਲਈ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ ਸੁੰਨ ਬੈਠੇ ਹੋਏ ਹੁੰਦੇ ਹੋ ਅਤੇ ਤੁਹਾਡੇ ਸਾਮ੍ਹਣੇ ਅੱਗ ਦਾ ਖੰਭਾ ਲਟਕ ਰਿਹਾ ਹੁੰਦਾ ਹੈ ਤਾਂ ਤੁਸੀਂ ਉੱਥੇ ਜਿਆਦਾ ਦੇਰ ਤੱਕ ਠਹਿਰ ਨਹੀਂ ਸੱਕਦੇ ਹੋ। ਤੁਹਾਨੂੰ ਸਮਝ ਲੱਗੀ? ਮਨੁੱਖ ਉੱਥੇ ਠਹਿਰ ਨਹੀਂ ਸੱਕਦਾ ਹੈ-ਮਨੁੱਖ ਉੱਥੇ ਖੜਾ ਨਹੀਂ ਰਹਿ ਸੱਕਦਾ ਹੈ। ਅਤੇ ਇੰਜ .....

39 ਹੁਣ, ਇਹ ਪ੍ਰਸ਼ਨ ਅਸਲ ਵਿੱਚ ਬਹੁਤ ਵਧੀਆ ਹਨ। ਮੈਂ .....ਉਨ੍ਹਾਂ ਦੀ ਅਕਲ ਅਤੇ ਉਹਨਾਂ ਗੱਲਾਂ ਦੀ ਪ੍ਰਸ਼ੰਸਾਂ ਕਰਨਾ ਚਾਹੁੰਦਾ ਹਾਂ ਜਿਹਦਾ ਲੋਕਾਂ ਨੇ ਉਪਯੋਗ ਕੀਤਾ ਹੈ। ਹੁਣ, ਪਹਿਲਾ ਪ੍ਰਸ਼ਨ ਵੇਖੋ । ਅਤੇ ਮੈਂ ਉਨ੍ਹਾਂ ਸਾਰਿਆਂ ਪ੍ਰਸ਼ਨਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗਾ। ਅਤੇ ਫਿਰ ਇਹ ਵੀ ਹੈ ਕਿ ਜੇ ਮੈਂ ਉਹਦਾ ਜਵਾਬ ਠੀਕ ਨਹੀਂ ਦੇ ਸਕਾਂ ਤਾਂ ਮੈਨੂੰ ਮਾਫ ਕਰਨਾ ।

40 ਅਤੇ ਜੇ ਤੁਹਾਡੇ ਕੋਲ ਕੋਈ ਹੋਰ ਅਰਥ ਹੈ ਤਾਂ, ਅਤੇ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਇਸਦੇ ਸਬੰਧ ਵਿੱਚ ਤੁਹਾਡਾ ਤਰਕ ਠੀਕ ਹੈ ਤਾਂ ਤੁਸੀਂ ਉਹਦੇ ਉੱਤੇ ਹੀ ਵਿਸ਼ਵਾਸ਼ ਕਰਦੇ ਰਹੋ। ਇਸਦੇ ਨਾਲ ਨੁਕਸਾਨ ਨਹੀਂ ਹੋਵੇਗਾ, ਉਹਨਾਂ ਵਿੱਚੋਂ ਲੱਗ-ਭੱਗ ਇੱਕ ਜਾਂ ਦੋ ਵੀ ਅਜਿਹੇ ਪ੍ਰਸ਼ਨ ਨਹੀਂ ਹਨ ਜਿਹਨਾਂ ਦਾ ਮੁਕਤੀ ਦੀ ਕਿਸੇ ਗੱਲ ਨਾਲ ਸਬੰਧ ਹੈ। ਇਹ ਤਾਂ ਸਿਰਫ ......

41 ਜਿਆਦਾ ਪ੍ਰਸ਼ਨ ਦੂਸਰੇ ਪਾਸੇ ਬਿਪ-....ਕਲੀਸਿਯਾ ਦੇ ਉਠਾਏ ਜਾਣ ਵਾਰੇ ਪੁੱਛੇ ਗਏ ਹਨ। ਇਸ ਲਈ ਤੁਸੀਂ ਵੇਖੋ ....ਇੱਥੇ ਉਹ ਪ੍ਰਸ਼ਨ ਹਨ ਜਿਹੜੇ ਉਸ ਗੱਲ ਦੇ ਨਾਲ ਸਬੰਧ ਰੱਖਦੇ ਹਨ ਜੋ ਦੂਸਰੇ ਪਾਸੇ ਦੇ ਪਾਰ ਹੋਣੀ ਹੈ ਅਤੇ ਇਹ ਵਾਪਰੇਗੀ। ਅਸੀਂ ਇਸ ਕਿਤਾਬ ਦੇ ਅਧਿਐਨ ਵਿੱਚ ਕਲੀਸਿਯਾਈ ਯੁੱਗਾਂ ਤੋਂ ਅਗਾਂਹ ਹਾਂ। ਅਸੀਂ ਤਾਂ ਉਸ ਤੋਂ ਅਗਾਂਹ ਹਾਂ ,ਅਸੀਂ ਤਾਂ ਇੱਕ ਲੱਖ ਚੁਤਾਲੀ ਹਜ਼ਾਰ ਦੇ ਬੁਲਾਏ ਜਾਣ ਤੇ ਹਾਂ।

ਹੁਣ ਇੱਥੇ ਪਹਿਲਾ ਪ੍ਰਸ਼ਨ ਹੈ ।

### 1. ਕੀ ਮੱਤੀ 25 ਬਾਬ ਦੀਆਂ ਪੰਜ ਚਤਰ ਕੁਆਰੀਆਂ ਲਾੜੀ ਦੀਆਂ ਸੇਵਕ ਹਨ ਜਾਂ ਉਹ ਲਾੜੀ ਹਨ? (ਸਮਝੇ?) ਜੇ ਇਹ ਚਤਰ ਕੁਆਰੀਆਂ ਲਾੜੀ ਦੀਆਂ ਸੇਵਕ ਹਨ ਤਾਂ ਫਿਰ ਲਾੜੀ ਕਿੱਥੇ ਹੈ?

42 ਹੁਣ, ਮੇਰੀ ਵਧੀਆ ਸਮਝ ਦੇ ਮੁਤਾਬਕ ਇਹ ਪੰਜ ਕੁਆਰੀਆਂ .....ਤੁਹਾਨੂੰ ਪਤਾ ਹੈ ਕਿ ਉੱਥੇ ਦਸ ਕੁਆਰੀਆਂ ਸਨ ਜੋ ਬਾਹਰ ਗਈਆਂ ਸਨ। ਵੇਖੋ ਇੱਥੇ ਇਹ ਸਿਰਫ ਇੱਕ ਦ੍ਰਿਸ਼ਟਾਂਤ ਜਾਂ ਚਿੰਨ੍ਹ ਹੈ (ਸਮਝੇ?) ਜਿਹੜਾ ਮੈਂ ਤੁਹਾਨੂੰ ਦੱਸਣ ਜਾ ਰਿਹਾ ਹਾਂ। ਵੇਖੋ, ਉਹਨਾਂ ਵਿੱਚੋਂ ਦਸ ਸਨ। ਜਰੂਰ ਹੀ ਦਸ ਤੋਂ ਵੱਧ ਸਨ ; ਇਹ ਤਾਂ ਬਸ ਸੰਖਿਆਂ ਦੱਸਣ ਲਈ ਕਿਹਾ ਗਿਆ ਹੈ। ਪ੍ਰੰਤੂ ਚਤਰ



ਵਿੱਚ ਆ ਰਿਹਾ ਹੈ,ਉਹ ਖੜੇ ਹੋ ਜਾਣ। ਸਮਝੇ? ਹੁਣ, ਅਸੀਂ ਇਸ ਤਰ੍ਹਾਂ ਸਮਾਂ ਬਚਾਉਣ ਲਈ ਕਰ ਰਹੇ ਹਾਂ ਤਾਂ ਕਿ ਅਸੀਂ ਇਸਨੂੰ ਕਰਨ ਵਿੱਚ ਪੱਕੇ ਹੋ ਜਾਈਏ। ਹੁਣ ਅਸੀਂ ਤੁਹਾਡੇ ਲਈ ਦੁਆ ਕਰਨ ਜਾ ਰਹੇ ਹਾਂ।

392 ਮਿੱਤਰੋ ਵੇਖੋ। ਹੁਣ ਮੈਂ ਇਹ ਤੁਹਾਨੂੰ ਸਮਝਾਉਂਦਾ ਹਾਂ। ਯਿਸੂ ਮਸੀਹ ਨੇ ਇਹ ਕਿਹਾ ਸੀ ਕਿ, "ਵਿਸ਼ਵਾਸ਼ੀਆਂ ਦੇ ਨਾਲ ਇਹ ਚਿੰਨ੍ਹ ਹੋਣਗੇ। " ਹੁਣ,ਉਸਨੇ ਕਦੇ ਇਹ ਨਹੀਂ ਕਿਹਾ ਸੀ ਕਿ "ਜੇ ਉਹ ਉਨ੍ਹਾਂ ਲਈ ਦੁਆ ਕਰਦੇ ਹਨ ",ਉਸਨੇ ਤਾਂ ਇਸ ਤਰ੍ਹਾਂ ਕਿਹਾ ਸੀ,"ਜੇ ਉਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ। " ਅਤੇ ਜੇ ਖੁਦਾ ਬਲੱਡ ਕੈਂਸਰ ਦਾ ਨਾ ਟਲਣ ਵਾਲਾ ਕੇਸ ਲੈ ਸੱਕਦਾ ਹੈ ਅਤੇ ਉਸ ਛੋਟੀ ਕੁੜੀ ਨੂੰ ਜੋ ਕਿ ਆਪ ਵਿਸ਼ਵਾਸ਼ ਨਹੀਂ ਕਰ ਸੱਕਦੀ ਪੂਰੀ ਤਰ੍ਹਾਂ ਚੰਗਾ ਕਰ ਸੱਕਦਾ ਹੈ, ਜੇ ਉਹ ਉਸ ਤੋਂ ਅਗਲਾ ਕੇਸ ਲੈ ਸੱਕਦਾ ਹੈ ਅਤੇ ਉਸ ਛੋਟੇ ਮੁੰਡੇ ਨੂੰ ਇੱਥੋਂ ਤੱਕ ਚੰਗਾ ਕਰ ਸੱਕਦਾ ਹੈ ਤਾਂ ਉਹ ਤੁਹਾਡੇ ਲਈ ਕੀ ਕਰ ਸੱਕਦਾ ਹੈ?ਹੁਣ, ਉਹ ਛੋਟੇ-ਛੋਟੇ ਬੱਚੇ ਇਹ ਨਹੀਂ ਸਮਝਦੇ ਦੁਆ ਕੀ ਹੋਵੇਗੀ। ਪ੍ਰੰਤੂ ਉਨ੍ਹਾਂ ਦੇ ਉੱਤੇ ਹੱਥ ਰੱਖੇ ਗਏ ਅਤੇ ਇਸੇ ਨੇ ਇਹ ਕੀਤਾ। ਅਸੀਂ ਇਹਨੂੰ ਸਮਝ ਸੱਕਦੇ ਹਾਂ । ਹੁਣ,ਜਦ ਤੁਸੀਂ ਦੁਆ ਲਈ ਖੜੇ ਹੋਏ ਹੋ,ਆਓ ਅਸੀਂ ਦੁਆ ਕਰੀਏ।

393 ਸੁਰਗੀ ਪਿਤਾ, ਤੇਰੀ ਮਹਾਨ ਹਜ਼ੂਰੀ ਜੋ ਇਸ ਜਗ੍ਹਾ ਤੇ ਹੈ, ਉਹ ਮਹਾਨ ਪਵਿੱਤਰ ਆਤਮਾ ਜਿਹਦੀ ਸਾਡੇ ਕੋਲ ਤਸਵੀਰ ਹੈ,ਜਿਹਨੂੰ ਅਸੀਂ ਬਾਈਬਲ ਵਿੱਚ ਪੜ੍ਹਦੇ ਹਾਂ ,ਉਹ ਇਸ ਸਮੇਂ ਬਿਲਕੁੱਲ ਇਸ ਜਗ੍ਹਾ ਤੇ ਹੈ। ਉਹ ਆਪਣੇ ਆਪ ਨੂੰ ਮਨੁੱਖ ਦੀ ਦੇਹ ਰਾਹੀਂ ਪ੍ਰਗਟ ਕਰ ਰਿਹਾ ਹੈ।

394 ਕਿਵੇਂ ਅਸੀਂ ਉਸਨੂੰ ਜੋ ਮਨੁੱਖਾਂ ਦੇ ਦਿਲਾਂ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਯੋਗ ਹੈ, ਇਨ੍ਹਾਂ ਸਾਰੇ ਸਾਲਾਂ ਵਿੱਚ ਇੱਕ ਵਾਰ ਵੀ ਬਿਨਾਂ ਅਸਫਲ ਹੋਏ, ਲੋਕਾਂ ਦੇ ਪਾਪਾਂ ਨੂੰ ਜਿਹੜੇ ਉਨ੍ਹਾਂ ਨੇ ਕੀਤੇ ਹਨ, ਪ੍ਰਗਟ ਕਰਦੇ ਹੋਏ,ਅਤੇ ਉਨ੍ਹਾਂ ਨੂੰ ਬਿਲਕੁੱਲ ਠੀਕ-ਠੀਕ ਉਹ ਦੱਸਦੇ ਹੋਏ ਜੋ ਉਨ੍ਹਾਂ ਨੇ ਕੀਤਾ ਸੀ ਅਤੇ ਕੀ ਹੋਵੇਗਾ ਦੱਸਦੇ ਹੋਏ ਵੇਖਿਆ ਹੈ, ਅਸੀਂ ਉਸਨੂੰ ਇੱਕ ਵਾਰ ਵੀ ਅਸਫਲ ਹੁੰਦੇ ਨਹੀਂ ਵੇਖਿਆ ਹੈ। ਫਿਰ,ਅਸੀਂ ਇਹ ਜਾਣਦੇ ਹਾਂ ਕਿ ਅਬਰਾਹਾਮ, ਇਸਹਾਕ ਅਤੇ ਇਸਰਾਏਲ ਦਾ ਪ੍ਰਮੇਸ਼ੁਰ ਯਿਸੂ ਮਸੀਹ ਦੇ ਵਿਅਕਤੀਤਵ ਵਿੱਚ ਹਾਲੇ ਵੀ ਉਹੀ ਪ੍ਰਮੇਸ਼ੁਰ ਹੈ।

395 ਅਤੇ ਹੁਣ ਉਸਦਾ ਪਵਿੱਤਰ ਆਤਮਾ ਸਵਰਗ ਵਿੱਚੋਂ ਹੇਠਾਂ ਉੱਤਰਨ ਦੇ ਰਾਹੀਂ -ਉਸ ਲਹੂ ਦੇ ਰਾਹੀਂ ਜੋ ਕਲਵਰੀ ਤੇ ਵਗਿਆ ਸੀ, ਉਸਦਾ ਆਤਮਾ ਲੋਕਾਂ ਦੇ ਵਿੱਚਕਾਰ ਹੇਠਾਂ ਆ ਰਿਹਾ ਹੈ, ਤਾਂ ਕਿ ਉਹ ਆਪਣੇ ਆਪ ਨੂੰ ਜਗਤ ਦੇ ਸਾੜੇ ਜਾਣ ਤੋਂ ਪਹਿਲਾਂ ਮਨੁੱਖ ਦੀ ਦੇਹ ਵਿੱਚ ਪ੍ਰਗਟ ਕਰੇ। ਮਹਾਨ ਪਵਿੱਤਰ ਆਤਮਾ ਮਨੁੱਖ ਦੀ ਦੇਹ ਵਿੱਚ ਪ੍ਰਗਟ ਹੋ ਰਿਹਾ ਹੈ। ਉਨ੍ਹਾਂ ਅਨਮੋਲ ਲੋਕਾਂ ਨੂੰ ਜਿਨ੍ਹਾਂ ਨੇ ਪਛਤਾਵੇ ਦੇ ਲਹੂ ਨੂੰ ਕਬੂਲ ਕੀਤਾ ਹੈ, ਪਵਿੱਤਰ ਆਤਮਾ ਉਨ੍ਹਾਂ ਨੂੰ ਉਨ੍ਹਾਂ ਦੇ ਅਸਲੀ ਸਰੂਪ ਵਿੱਚ ਲਿਆ ਰਿਹਾ ਹੈ, ਪ੍ਰਮੇਸ਼ੁਰ ਮਨੁੱਖ ਦੀ ਦੇਹ ਵਿੱਚ ਦੀ ਪ੍ਰਗਟ ਹੋ ਰਿਹਾ ਹੈ।

396 ਇਸ ਲਈ, ਇਹ ਕੋਈ ਮਨੁੱਖੀ ਦੇਹ ਨਹੀਂ ਹੋਵੇਗੀ ਜਿਹੜੀ ਇਨ੍ਹਾਂ ਕੰਮਾਂ ਨੂੰ ਕਰੇ ਕਿ ਜਿਵੇਂ ਬਪਤਿਸਮੇ ਅਤੇ ਦੂਜੇ ਕੰਮਾਂ ਵਿੱਚ ਇਸ ਅਧਿਕਾਰ ਨਾਲ ਕੀਤਾ ਜਾਂਦਾ ਹੈ ਕਿ "ਵਿਸ਼ਵਾਸ਼ੀਆਂ ਦੇ ਨਾਲ ਇਹ ਚਿੰਨ੍ਹ ਹੋਣਗੇ। । " ਪਵਿੱਤਰ ਆਤਮਾ ਹੀ ਇਹ ਵੇਖੇਗਾ ਕਿ ਰੋਗੀਆਂ ਤੇ ਹੱਥ ਰੱਖਣ ਨਾਲ. ਰੋਗੀ ਚੰਗੇ ਹੋ ਜਾਂਦੇ ਹਨ, ਜੇ ਉਹ ਵਿਸ਼ਵਾਸ਼ ਕਰਨਗੇ। ਹੁਣ, ਪਿਤਾ ਅਸੀਂ ਜਾਣਦੇ ਹਾਂ ਕਿ ਇਹ ਗੱਲਾਂ ਸੱਚ ਹਨ।

385 ਇਸ ਲਈ ਪ੍ਰਭੂ, ਅਸੀਂ ਤੇਰੇ ਧੰਨਵਾਦੀ ਹਾਂ ਕਿ ਤੇਰੇ ਗੁਪਤ ਭੇਦ ਤੇਰੇ ਦਾਸਾਂ ਦੇ ਦਿਲਾਂ ਵਿੱਚ ਛੁਪੇ ਹੋਏ ਹਨ। ਅਤੇ ਪ੍ਰਭੂ ਅਸੀਂ ਇਹਦੇ ਲਈ ਬੜੇ ਖੁਸ਼ ਹਾਂ। ਪ੍ਰਭੂ ਹੋਣ ਦੇ ਕਿ ਅਸੀਂ ਚਮਕਦੀਆਂ ਹੋਈਆਂ ਜੋਤਾਂ ਵਾਂਗ ਇੱਕ ਥਾਂ ਤੋਂ ਦੂਸਰੀ ਥਾਂ ਨੂੰ ਜਾਈਏ ਅਤੇ ਹੋਰ ਦੂਜੇ ਲੋਕਾਂ ਨੂੰ ਪਿਆਰ ਨਾਲ ਅੰਦਰ ਲਿਆਉਣ ਦੀ ਕੋਸ਼ਿਸ਼ ਕਰੀਏ ਤਾਂ ਕਿ ਅਸੀਂ ਹਰੇਕ ਛੋਟੇ ਕੋਨੇ ਵਿੱਚ ਮੱਛੀਆਂ ਫੜ੍ਹਨ ਦਾ ਜਾਲ ਸੁੱਟ ਸਕੀਏ ਤਾਂ ਕਿ ਅਸੀਂ ਇਸ ਗੱਲ ਵਿੱਚ ਪੱਕੇ ਹੋ ਜਾਈਏ ਕਿ ਅਸੀਂ ਹਰੇਕ ਉਹ ਮੱਛੀ ਫੜ੍ਹ ਲਈਏ ਜੋ ਤੇਰੇ ਰਾਜ ਦੀ ਹੈ। ਅਤੇ ਫਿਰ ਲੇਲਾ ਆਪਣੀ ਲਾੜੀ ਨੂੰ ਲਵੇ ਤਾਂ ਕਿ ਉਹ ਹਮੇਸ਼ਾਂ ਉਸਦੇ ਕੋਲ ਰਹੇ। ਅਸੀਂ ਉਸ ਸਮੇਂ ਦੀ ਉਡੀਕ ਕਰ ਰਹੇ ਹਾਂ, ਅਸੀਂ ਇਹ ਬੇਨਤੀ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

386 ਇੱਥੇ ਕਿੰਨੇ ਲੋਕ ਬਿਮਾਰ ਹਨ, ਲੱਗ ਭੱਗ ...ਤੁਸੀਂ ਆਪਣੇ ਹੱਥ ਉੱਪਰ ਉਠਾਓ। ਲੱਗਭੱਗ ਇੱਕ, ਦੋ, ਤਿੰਨ, ਚਾ, ਪੰਜ, ਛੇ, ਸੱਤ, ਅੱਠ, ਨੌ, ਦਸ, ਗਿਆਰਾਂ, ਬਾਰ੍ਹਾਂ, ਤੇਰਾਂ, ਚੋਦਾਂ, ਪੰਦਰਾਂ, ਸੋਲਾਂ, ਸਤਾਰਾਂ, ਅਠਾਰਾਂ, ਉੱਨੀ, ਵੀਹ ........ [ਭਾਈ ਬ੍ਰਾਨਹਾਮ ਅਤੇ ਕੋਈ ਹੋਰ ਉੱਪਰ ਉੱਠੇ ਹੱਥਾਂ ਨੂੰ ਸ਼ਾਂਤੀ ਨਾਲ ਗਿਣਦਾ ਹੈ। ਸੰਪਾ]ਸੰਤਾਲੀ, ਲੱਗ-ਭੱਗ ਸੰਤਾਲੀ ਹੱਥ ਉੱਪਰ ਉੱਠੇ ਹਨ।

387 ਹੁਣ ਸਾਢੇ ਗਿਆਰਾਂ ਹੋ ਗਏ ਹਨ। ਅਸੀਂ ਇਸੇ ਵੇਲੇ ਬਿਮਾਰਾਂ ਲਈ ਦੁਆ ਕਰ ਸੱਕਦੇ ਹਾਂ। ਅੱਜ ਰਾਤ ਇਸ ਵਿੱਚ ਲਗਾਓ .....ਕੀ ਤੁਸੀਂ ...ਕੀ ਤੁਸੀਂ ਇਸ ਤਰ੍ਹਾਂ ਕਰੋਗੇ? [ਸਭਾ ਆਖਦੀ ਹੈ, "ਆਮੀਨ। "-ਸੰਪਾ]

388 ਮੈਂ ਨਿਹਚਾ ਕਰਦਾ ਹਾਂ ਕਿ ਇਸਨੂੰ ਕਰਨ ਦਾ ਉਹ ਸਮਾਂ ਹੀ ਇੱਕ ਚੰਗਾ ਸਮਾਂ ਹੈ। ਮੈਂ ਦੱਸਦਾ ਹਾਂ ਕਿ ਇਸ ਤਰ੍ਹਾਂ ਕਰਨ ਦਾ ਉਹ ਚੰਗਾ ਸਮਾਂ ਕਿਉਂ ਹੈ ਕਿਉਂਕਿ ਪਾਕ ਰੂਹ ਇੱਥੇ ਖੜ੍ਹਾ ਹੈ 'ਤੇ ਮਸ੍ਹਾ ਕਰ ਰਿਹਾ ਹੈ। ਹੁਣ,ਇੱਥੋਂ ਤੱਕ ਕਿ ਅਸੀਂ ਉਸ ਆਤਮਾ ਅੰਦਰ ਪ੍ਰਵੇਸ਼ ਕਰ ਚੁੱਕੇ ਹਾਂ। ਸਮਝੇ?ਅਤੇ ਤੁਸੀਂ ਵੇਖਦੇ ਹੋ ਕਿ ਕੁਝ ਹੈ, ਕੋਈ ਹੈ ਜੋ ਇੱਥੇ ਹਾਜ਼ਰ ਹੈ। ਅਤੇ ਕਾਸ਼ ਤੁਸੀਂ ਕਦੇ ਇਸ ਤੇ ਵਿਸ਼ਵਾਸ਼ ਕਰ ਸਕੋ। ਤੁਹਾਨੂੰ ਇਸੇ ਵੇਲੇ ਹੀ ਉਸ ਤੇ ਵਿਸ਼ਵਾਸ਼ ਕਰਨਾ ਚਾਹੀਦਾ ਹੈ। ਸਮਝੇ?ਜੇ ਤੁਸੀਂ ਕਦੇ ਇਸ ਤੇ ਵਿਸ਼ਵਾਸ਼ ਕਰਨ ਜਾ ਰਹੇ ਹੋ ਤਾਂ ਉਹ ਸਮਾਂ ਬਿਲਕੁੱਲ ਹੁਣ ਹੀ ਹੈ।

389 ਹੁਣ ਅਸੀਂ ਤੁਹਾਡੇ ਕੋਲੋਂ ਚਾਹੁੰਦੇ ਹਾਂ ਕਿ ਤੁਸੀਂ ਬੜੀ ਹੀ ਸ਼ਾਂਤੀ ਨਾਲ ਆਓ। ਅਤੇ ਉਹ ਜਿਹੜੇ ਉੱਥੇ ਗੈਲਰੀ ਵਿੱਚ ਹਨ ਜਿਨ੍ਹਾਂ ਨੇ ਆਪਣੇ ਹੱਥ ਉੱਪਰ ਉਠਾਏ ਸਨ ਉਹ ਵੀ ਆਓ ਅਤੇ ਇਸ ਗੈਲਰੀ ਵਿੱਚੋਂ ਹੇਠਾਂ ਆ ਜਾਓ । ਅਤੇ ਫਿਰ ਅਸੀਂ ਉਨ੍ਹਾਂ ਨੂੰ ਗੈਲਰੀ ਵਿੱਚੋਂ ਦੂਜੀ ਗੈਲਰੀ ਵਿੱਚ ਲਵਾਂਗੇ। ਅਤੇ ਉਨ੍ਹਾਂ ਵਿੱਚੋਂ ਸਿਰਫ ਪੰਤਾਲੀ, ਸੰਤਾਲੀ ਲੋਕ ਹੀ ਹਨ ਜਿਨ੍ਹਾਂ ਨੇ ਆਪਣੇ ਹੱਥ ਉੱਪਰ ਉਠਾਏ ਸਨ ਇਸ ਲਈ ਇਹਨੂੰ ਕੋਈ ਜਿਆਦਾ ਸਮਾਂ ਨਹੀਂ ਲੱਗੇਗਾ।

390 ਮੈਂ ਭਾਈ ਨੇਵਿਲ ਨੂੰ ਇਹ ਕਹਿੰਦਾ ਹਾਂ ਕਿ ਉਹ ਮੇਰੇ ਨਾਲ ਇੱਥੇ ਹੇਠਾਂ ਆ ਜਾਣਗੇ, ਅਸੀਂ ਉਨ੍ਹਾਂ ਲੋਕਾਂ ਲਈ ਦੁਆ ਕਰਨ ਜਾ ਰਹੇ ਹਾਂ।

391 ਪਹਿਲਾਂ ਉਹ ਜਿਹੜੇ ਹੁਣ ਗੈਲਰੀ ਵਿੱਚੋਂ ਆ ਰਹੇ ਹਨ,ਹੁਣ ਉਹ ਇੱਕ ਮਿੰਟ ਲਈ ਉੱਪਰ ਖੜੇ ਹੋ ਜਾਣ ਤਾਂ ਕਿ ਅਸੀਂ ਇੱਥੇ ਤੁਹਾਡੇ ਲਈ ਦੁਆ ਕਰ ਸਕੀਏ ਅਤੇ ਹਰੇਕ ਦੇ ਉੱਪਰ ਹੱਥ ਰੱਖ ਸਕੀਏ। ਹੁਣ,ਇਹ ਠੀਕ ਹੋਵੇਗਾ ਕਿ ਹਰੇਕ ਉਹ ਆਦਮੀ ਜਿਹੜਾ ਦੁਆ ਦੀ ਕਤਾਰ



ਕੁਆਰੀਆਂ ਦੀਆਂ ਮਸ਼ਾਲਾਂ ਵਿੱਚ ਤਾਂ ਤੇਲ ਸੀ ਜਦਕਿ ਮੂਰਖਾਂ ਦੀਆਂ ਮਸ਼ਾਲਾਂ ਵਿੱਚ ਤੇਲ ਨਹੀਂ ਸੀ।

43 ਇਸ ਲਈ ਮੱਤੀ ਦਸ ਦੀਆਂ ( ਕਿਸੇ ਆਦਮੀ ਦਾ ਇਹ ਪ੍ਰਸ਼ਨ ਹੈ) ਜੇ ਉਹ ਦਸ ਕੁਆਰੀਆਂ .....ਕੀ ਉਸਦਾ ਇਹ ਅਰਥ ਹੈ ਕੀ ਉਹ ਹੋਣਗੀਆਂ .....ਜਾਂ ਇਹ ਪੰਜ ਲੋਕ ਹੀ ਹੋਣਗੇ। ਸਮਝੇ?ਨਹੀਂ ਇਸਦਾ ਮਤਲਬ ਇਹ ਨਹੀਂ ਹੈ।

44 ਇਹ ਤਾਂ ਬਸ ਉਹਨਾਂ ਕੁਆਰੀਆਂ ਦਾ ਇੱਕ ਨਮੂਨਾ ਹੈ ਜੋ ਆਪਣੀਆਂ ਮਸ਼ਾਲਾਂ ਵਿੱਚ ਤੇਲ ਲੈ ਕੇ ਬਾਹਰ ਗਈਆਂ ਸਨ ;ਉਹ ਤਾਂ ਲਾੜੀ ਦਾ ਭਾਗ ਹਨ। ਅਤੇ ਮੇਰੀ ਸਮਝ ਅਨੁਸਾਰ ਤਾਂ .....

45 ਅਤੇ ਇਸ ਤੋਂ ਬਾਦ ਤੁਸੀਂ ਧਿਆਨ ਦਿਓ ਕਿ ਉਹ ਅੰਤਲੇ ਪਹਿਰ ਦੀਆਂ ਕੁਆਰੀਆਂ ਸਨ। ਤਦ ਤੱਕ ਸੱਤ ਪਹਿਰ ਹੋ ਚੁੱਕੇ ਸਨ, ਅਤੇ ਦੂਸਰੇ ਪਹਿਰਾਂ ਵਿੱਚ ਦੀ ਹੁੰਦੇ ਹੋਏ ਸੱਤ ਪਹਿਰ ਹੋ ਚੁੱਕੇ ਹੁੰਦੇ ਹਨ। ਅਤੇ ਹੁਣ ਜਿਵੇਂ ਕਿ ਅਸੀਂ ਇਹਨੂੰ ਵੇਖਣ ਜਾ ਰਹੇ ਹਾਂ, ਸੱਤਵੇਂ ਪਹਿਰ ਵਿੱਚ, ਅੱਧੀ ਰਾਤ ਦੇ ਵੇਲੇ .....ਸਮਝੇ? ਹੁਣ, ਇਸ ਅੱਧੀ ਰਾਤ ਦੇ ਪਹਿਰ ਵਿੱਚ ਇਹ ਕੁਆਰੀਆਂ ਜਾਗਦੀਆਂ ਹਨ ਅਤੇ ਆਪਣੀਆਂ ਮਸ਼ਾਲਾਂ ਨੂੰ ਠੀਕ ਕਰਦੀਆਂ ਹਨ ਅਤੇ ਅੰਦਰ ਚਲੀਆਂ ਜਾਂਦੀਆਂ ਹਨ, ਜਦਕਿ ਮੂਰਖ ਕੁਆਰੀਆਂ ......

46 ਹੁਣ ਅਸੀਂ ਇਸ ਪ੍ਰਸ਼ਨ ਦੇ ਭਾਗ ਨੂੰ ਲੈ ਰਹੇ ਹਾਂ, " ਇਹ ਪੰਜ ਹੀ ਲਾੜੀ ਹਨ, ਕੀ ਇਹੋ ਹੀ ਇਸ ਪ੍ਰਸ਼ਨ ਦਾ ਅਰਥ ਹੈ, ਕੀ ਇਸਦਾ ਮਤਲਬ ਇਹ ਹੀ ਹੈ, ਕੀ ਉਹ ਸਿਰਫ ਗਿਣਤੀ ਵਿੱਚ ਪੰਜ ਸਨ?" ਅਤੇ ਸਾਡੇ ਕੋਲ ਇਸੇ ਤਰ੍ਹਾਂ ਦੇ ਬਹੁਤ ਸਾਰੇ ਪ੍ਰਸ਼ਨ ਹਨ, ਜਿਵੇਂ ਉਹਨਾਂ ਸੱਤ ਹਜ਼ਾਰ ਦੇ ਬਾਰੇ ਵਿੱਚ ਅਤੇ ਹੋਰ-ਹੋਰ ਦੇ ਬਾਰੇ ਵਿੱਚ। ਹੁਣ ਵੇਖੋ ਇਹ ਤਾਂ ਸਿਰਫ ਇੱਕ ਚਿੰਨ੍ਹ ਹੈ, ਇਹ ਸਿਰਫ ਉਹਨਾਂ ਦਾ ਇੱਕ ਭਾਗ ਹੈ। ਅਤੇ ਉਹ ਸਾਰੇ ਜਿਹੜੇ ਇੱਥੇ ਇਸ ਆਖਰੀ ਯੁੱਗ ਵਿੱਚ, ਇਸ ਸੱਤਵੇਂ ਪਹਿਰ ਵਿੱਚ ਜਾਗਦੀਆਂ ਹਨ, ਉਹ ......" ਕੀ ਉਹ ਸਿਰਫ ਪੰਜ ਸਨ ਜੋ ਉਸ ਸਮੇਂ ਜਾਗ ਗਈਆਂ ਸਨ , ਜਿਹੜੀਆਂ ਉਸ ਸਮੇਂ ਬਦਲ ਗਈਆਂ ਸਨ ਅਤੇ ਲਾੜੀ ਦੇ ਨਾਲ -ਲਾੜੇ ਦੇ ਨਾਲ ਅੰਦਰ ਚਲੀਆਂ ਗਈਆਂ ਸਨ? ਹੁਣ ਕੀ ਉਹ ਖੁਦ ਹੀ ......

47 ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਗਿਣਤੀ ਵਿੱਚ ਸਿਰਫ ਪੰਜ ਹੀ ਹੋਣਗੀਆਂ ਜਿਹੜੀਆਂ ਲਾੜੇ ਦੇ ਨਾਲ ਅੰਦਰ ਜਾਣਗੀਆਂ । ਜਿਵੇਂ ਕਿ ਅਸੀਂ ਇਸ ਹਫਤੇ ਉਹਨਾਂ ਸਾਰਿਆਂ ਯੁੱਗਾਂ ਨੂੰ ਵੇਖਦੇ ਹੋਏ ਹੇਠਾਂ ਤੱਕ ਆਏ ਹਾਂ, ਉਹ ਇਹਨਾਂ ਸਾਰੇ ਯੁੱਗਾਂ ਵਿੱਚ ਸੌਂ ਰਹੀਆਂ ਸਨ।

48 ਪੌਲੁਸ ਦੇ ਦਿਨਾਂ ਵਿੱਚ, ਅਫਸੁਸ ਦੀ ਕਲੀਸਿਯਾ ਦਾ ਦੂਤ ਪੌਲੁਸ ਸੀ ਅਤੇ ਇਸ ਕਲੀਸਿਯਾ ਦਾ ਦੂਤ ਹੋਣ ਕਾਰਨ ਉਹ ਇਸ ਕਲੀਸਿਯਾ ਦੀ ਸਥਾਪਨਾ ਕਰ ਰਿਹਾ ਸੀ। ਪੌਲੁਸ ਅਫਸੁਸ ਵਿੱਚ ਕਲੀਸਿਯਾ ਦੀ ਸਥਾਪਨਾ ਕਰ ਰਿਹਾ ਸੀ ਅਤੇ ਉਹ ਉਸ ਕਲੀਸਿਯਾ ਦਾ ਦੂਤ ਬਣਦਾ ਹੈ। ਅਤੇ ਉਸ ਵੇਲੇ ਜਿਹੜਾ ਆਤਮਾ ਧਰਤੀ ਤੇ ਸੀ ਉਹ ਸ਼ੇਰ ਦਾ ਆਤਮਾ ਸੀ। ਅਤੇ ਇਹ ਸ਼ੇਰ ਯਹੂਦਾ ਦੇ ਗੋਤ ਦਾ ਸ਼ੇਰ ਹੈ ਜੋ ਕਿ ਮਸੀਹ ਹੈ, ਅਤੇ ਮਸੀਹ ਵਚਨ ਹੈ। ਪੌਲੁਸ, ਉਸ ਯੁੱਗ ਦੇ ਵਚਨ ਦੇ ਨਾਲ ਸੀ। ਹਜ਼ਾਰਾਂ ਉਸ ਯੁੱਗ ਵਿੱਚ ਸੌਂ ਗਏ ਸਨ। ਕੀ ਇਹ ਠੀਕ ਹੈ?[ ਸਭਾ ਆਖਦੀ ਹੈ, "ਆਮੀਨ। "-ਸੰਪਾ]

49 ਇਸ ਤੋਂ ਬਾਦ ਅਗਲਾ ਯੁੱਗ ਆਉਂਦਾ ਹੈ, ਅਤੇ ਉਸ ਸਮੇਂ ਤੱਕ ਕਲੀਸਿਯਾ ਸਥਾਪਤ ਹੋ ਗਈ ਸੀ --ਹਨੇਰ ਯੁੱਗ ਵਿੱਚ, ਵਹਿੜਕੇ ਦਾ ਆਤਮਾ ਅੱਗੇ ਗਿਆ: ਅਤੇ ਉਸ ਯੁੱਗ ਦੇ ਲੋਕਾਂ ਨੇ ਮਿਹਨਤ ਕੀਤੀ ਅਤੇ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ। ਹਜ਼ਾਰਾਂ ਵਾਰ ਹਜ਼ਾਰਾਂ ਲੋਕ ਸ਼ਹੀਦ ਹੋਏ ਅਤੇ ਹੋਰ ਤਰ੍ਹਾਂ ਦੇ ਨਾਲ ਸੌਂ ਗਏ। ਉਹ ਉਡੀਕ ਕਰ ਰਹੇ ਹਨ। ਸਮਝੇ?

50 ਇਸ ਤੋਂ ਬਾਦ ਅਗਲਾ ਯੁੱਗ ਆਉਂਦਾ ਹੈ ਜੋ ਕਿ ਲੂਥਰ ਦਾ ਯੁੱਗ ਸੀ, ਜਿਹੜਾ ਕਿ ਸੁਧਾਰ ਦਾ ਯੁੱਗ ਸੀ। ਉਹ ਮਨੁੱਖ ਦੀ ਬੁੱਧੀ ਅਤੇ ਚਤੁਰਾਈ ਵਿੱਚ ਅੱਗੇ ਵਧੇ। ਜੇ ਤੁਸੀਂ ਧਿਆਨ ਦਿਓ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮਨੁੱਖ ਆਪਣੇ ਆਪ ਅੱਗੇ ਗਿਆ ਅਤੇ ਜਦੋਂ ਉਸਨੇ ਇਸ ਤਰ੍ਹਾਂ ਕੀਤਾ ਤਾਂ ਉਸਨੇ ਇਸ ਵਿੱਚ ਆਪਣੀ ਚਤੁਰਾਈ ਜੋੜ ਦਿੱਤੀ। ਵੇਖੋ, ਇਹ ਹੀ ਹੈ ਜਿਹਨੇ ਇਹਦੇ ਦੂਜੇ ਭਾਗ ਵਿੱਚ ਵਿਆਹ ਕੀਤਾ। ਸਮਝੇ?ਜੇ ਉਹ ਸਿਰਫ ਖੁਦਾ ਦੀ ਬੁੱਧੀ ਨਾਲ ਜੁੜਿਆ ਰਹਿੰਦਾ ਅਤੇ ਸਿਰਫ ਸੁਧਾਰ ਦਾ ਕੰਮ ਕਰਦਾ ਰਹਿੰਦਾ ਅਤੇ ਬਾਹਰ ਕੱਢਦਾ ਰਹਿੰਦਾ ......ਪਰ ਉਹਨੇ ਕੀ ਕੀਤਾ ਸੀ?ਉਸ ਮਨੁੱਖ ਜਿਹਦੇ ਕੋਲ ਇੱਕ ਸੰਦੇਸ਼ ਸੀ, ਉਸਦੇ ਬਾਦ ਲੋਕਾਂ ਨੇ -ਲੂਥਰ ਦੇ ਮਰਨ ਤੋਂ ਬਾਦ ਲੋਕਾਂ ਨੇ ਲੂਥਰਨ ਮਿਸ਼ਨ ਬਣਾ ਲਈ।

51 ਵੈਜਲੀ ਦੀ ਮੌਤ ਦੇ ਬਾਦ, ਉਹਨਾਂ ਨੇ ਮੈਥੋਡਿਸਟ ਜੱਥੇਬੰਦੀ ਬਣਾ ਲਈ ਸੀ। ਸਮਝੇ?ਤੁਸੀਂ ਉਸੇ ਢੰਗ ਦੇ ਨਾਲ ਅੱਗੇ ਵੱਧਦੇ ਰਹਿੰਦੇ ਹੋ। ਇਹ ਤਾਂ ਬਸ .....ਇਹ ਤਾਂ ਉਹੀ ਕਰਦਾ ਹੈ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਹਨੂੰ ਧਿਆਨ ਨਾਲ ਸੁਣੋ। ਹੁਣ ਹੋ ਸੱਕਦਾ ਹੈ ਕਿ ਕੋਈ ਪੈਂਟੀਕਾਸਟਲ ਯੁੱਗ ਦੇ ਬਾਰੇ ਵਿੱਚ ਪੁੱਛੇ ਜੋ ਕਿ ਤੀਸਰਾ ਯੁੱਗ ਸੀ।

52 ਤੁਸੀਂ ਵੇਖੋ ਕਿ ਉਹਨਾਂ ਯੁੱਗਾਂ ਵਿੱਚ ਹਰੇਕ ਨੇ ਸਿਰਫ ਪਵਿੱਤਰ ਆਤਮਾ ਵਿੱਚ ਚੁੱਭੀ ਮਾਰੀ। ਧਰਮੀ ਠਹਿਰਾਏ ਜਾਣਾ ਪਵਿੱਤਰ ਆਤਮਾ ਦਾ ਇੱਕ ਕੰਮ ਹੈ ;ਪਵਿੱਤਰ ਠਹਿਰਾਏ ਜਾਣਾ ਪਵਿੱਤਰ ਆਤਮਾ ਦਾ ਇੱਕ ਕੰਮ ਹੈ, ਪ੍ਰੰਤੂ ਬਪਤਿਸਮਾ ਪਵਿੱਤਰ ਆਤਮਾ ਹੈ। ਪ੍ਰੰਤੂ ਪਵਿੱਤਰ ਆਤਮਾ ਦੇ ਨਬੀਆਂ ਵਾਲੇ ਕੰਮਾਂ ਨੂੰ ਕਰਨ ਲਈ ਇੱਕ ਨਬੀ ਆਉਂਦਾ ਹੈ, ਇਸ ਯੁੱਗ ਵਿੱਚ ਕੋਈ ਦੂਤ ਨਹੀਂ ਆਉਂਦਾ ਹੈ ਕਿਉਂਕਿ ਖੁਦ ਪਵਿੱਤਰ ਆਤਮਾ ਹੀ ਪਵਿੱਤਰ ਆਤਮਾ ਦੇ ਬਪਤਿਸਮੇਂ ਦੇ ਰੂਪ ਵਿੱਚ ਆਪਣੀ ਭਰਪੂਰੀ ਵਿੱਚ ਆਉਂਦਾ ਹੈ।

53 ਪਰ ਅਸੀਂ ਇਹ ਵੇਖਦੇ ਹਾਂ ਕਿ ਇੰਜ ਹੋਇਆ ਹੈ ਕਿ ਕਲੀਸਿਯਾਈ ਯੁੱਗ ਦੇ ਅੰਤ ਵਿੱਚ -ਜਿਵੇਂ ਕਿ ਇਹ ਕਿਸੇ ਦੂਸਰੇ ਯੁੱਗ ਵਿੱਚ ਖਤਮ ਹੁੰਦਾ ਹੈ ਤਾਂ ਇੱਕ ਦੂਤ ਭੇਜਿਆ ਜਾਂਦਾ। ਅਤੇ ਜਦੋਂ ਇਹਨਾਂ ਸਾਰੇ ਆਤਮਿਕ ਸੰਦੇਹਾਂ ਨੂੰ ਅਤੇ ਇਸੇ ਤਰ੍ਹਾਂ ਦੀਆਂ ਹੋਰ ਗੱਲਾਂ ਨੂੰ ਉਸਦੀ ਥਾਂ ਤੇ ਹੀ ਠੀਕ ਕਰ ਦਿੱਤਾ ਜਾਵੇਗਾ ਤਾਂ ਫਿਰ ਕਲੀਸਿਯਾ ਲਈ ਸੁਰਗ ਤੇ ਉਠਾਇਆ ਜਾਣਾ ਆਉਂਦਾ ਹੈ। ।

54 ਪਰ ਜਿਵੇਂ ਕਿ ਇਹ ਬਹੁਤ ਸਾਰੀਆਂ ਗੱਲਾਂ ਲਿਖੀਆਂ ਗਈਆਂ ਹਨ ਕਿ ਸੂਰਜ ਕਾਲਾ ਹੋ ਜਾਵੇਗਾ ਅਤੇ ਚੰਨ ....ਲੋਕ ਇਹਨਾਂ ਨੂੰ ਮਸੀਹੀ ਯੁੱਗ ਵਿੱਚ ਹੀ ਵਾੜ ਦਿੰਦੇ ਹਨ ਅਤੇ ਉਹ ਉਨ੍ਹਾਂ ਤਿੰਨ ਪ੍ਰਸ਼ਨਾਂ ਨੂੰ ਵੇਖਣ ਵਿੱਚ ਅਸਫਲ ਹੋ ਜਾਂਦੇ ਹਨ ਜੋ ਸਾਡੇ ਪ੍ਰਭੂ ਤੋਂ ਉੱਥੇ ਪੁੱਛੇ ਗਏ ਸਨ ਜਦਕਿ ਉਸਨੇ ਉਹਨਾਂ ਨੂੰ ਉਨ੍ਹਾਂ ਦਾ ਜਵਾਬ ਦਿੱਤਾ ਸੀ।



ਨਹੀਂ ਜੀ ਮੈਂ ਇਸ ਤਰ੍ਹਾਂ ਨਹੀਂ ਕਹਿੰਦਾ ਹਾਂ। ਮੈਂ ਤਾਂ ਇਹ ਕਹਿੰਦਾ ਹਾਂ,*"ਯਹੋਵਾਹ ਇਉਂ ਫਰਮਾਉਂਦਾ ਹੈ,* ਇਹ ਬੀਮਾਰੀ ਖਤਮ ਹੋ ਗਈ ਹੈ। ਅਤੇ ਅਗਲੇ ਦਿਨ ਉਸਨੂੰ ਡਾਕਟਰ ਦੇ ਕੋਲ ਲਿਜਾਇਆ ਜਾਂਦਾ ਹੈ ਅਤੇ ਉਹ ਬੀਮਾਰੀ ਬਿਲਕੁੱਲ ਖਤਮ ਹੋ ਚੁੱਕੀ ਹੁੰਦੀ ਹੈ।

381 ਇੱਕ ਬੱਚੇ ਦੇ ਬਲੱਡ ਕੈਂਸਰ ਇੰਨਾ ਵੱਧ ਗਿਆ ਸੀ ਕਿ ਉਸ ਦੀਆਂ ਅੱਖਾਂ ਬਾਹਰ ਨੂੰ ਨਿੱਕਲ ਆਈਆਂ ਸਨ ਅਤੇ ਉਹ ਸਾਰਾ ਪੀਲਾ ਹੋ ਚੁੱਕਾ ਸੀ; ਉਸਦਾ ਪੇਟ ਪੀਲਾ ਹੋ ਗਿਆ ਸੀ ਅਤੇ ਲੋਕ ਉਸਨੂੰ ਹਸਪਤਾਲ ਲੈ ਕੇ ਜਾ ਰਹੇ ਹੁੰਦੇ ਤਾਂ ਕਿ ਉਸਨੂੰ ਖੂਨ ਅਤੇ ਹੋਰ ਚੀਜ਼ਾਂ ਦਿੱਤੀਆਂ ਜਾ ਸਕਣ। ਅਤੇ ਪੰਜ ਮਿੰਟ ਦੇ ਅੰਦਰ ਹੀ ਉਹ ਹੈਮਬਰਗਰ ਲਈ ਰੋਂਦਾ ਹੈ, ਅਤੇ ਅਗਲੇ ਦਿਨ ਉਸਨੂੰ ਹਸਪਤਾਲ ਲਿਜਾਇਆ ਜਾਂਦਾ ਹੈ ਅਤੇ ਉਹ ਉਸ ਵਿੱਚੋਂ ਬਲੱਡ ਕੈਂਸਰ ਦਾ ਨਾਮ ਨਿਸ਼ਾਨ ਤੱਕ ਵੀ ਨਹੀਂ ਲੱਭ ਸਕੇ। ਕੀ ਇਹ ਵਿਲੀਅਮ ਬ੍ਰਾਨਹਾਮ ਇਉਂ ਫਰਮਾਉਂਦਾ ਵਾਲਾ ਵਚਨ ਹੈ?" ਇਹ ਤਾਂ *ਯਹੋਵਾਹ ਇਉਂ ਫਰਮਾਉਂਦਾ* ਹੈ ਵਾਲੀ ਬਾਣੀ ਹੈ। ਜਦਕਿ ਉਹ ਮੇਰੇ ਤੋਂ ਵਿਅਕਤੀਗਤ ਰੂਪ ਨਾਲ ਅਲੱਗ ਹੈ, ਪ੍ਰੰਤੂ ਉਹ ਇੱਕ ਹੀ ਢੰਗ ਨਾਲ ਪ੍ਰਗਟ ਹੁੰਦਾ ਹੈ ਕਿ ਉਹ ਮੇਰੇ ਵਿੱਚ ਦੀ ਹੋ ਕੇ ਪ੍ਰਗਟ ਹੁੰਦਾ ਹੈ। ਸਮਝੇ?

382 ਇਸੇ ਤਰ੍ਹਾਂ ਹੀ ਯਿਸੂ ਅਤੇ ਪਿਤਾ ਸੀ। ਯਿਸੂ ਨੇ ਕਿਹਾ, "ਇਹ ਮੈਂ ਨਹੀਂ ਹਾਂ ਜੋ ਇਨ੍ਹਾਂ ਕੰਮਾਂ ਨੂੰ ਕਰਦਾ ਹਾਂ ਬਲਕਿ ਇਹ ਤਾਂ ਮੇਰਾ ਪਿਤਾ ਹੈ ਜੋ ਮੇਰੇ ਵਿੱਚ ਰਹਿ ਕੇ ਇਨ੍ਹਾਂ ਕੰਮਾਂ ਨੂੰ ਕਰ ਰਿਹਾ ਹੈ। " ਹੁਣ, "ਮਨੁੱਖ ਦਾ ਪੁੱਤਰ ਸਵਰਗ ਵਿੱਚੋਂ ਉੱਤਰਿਆ ਹੈ ਜੋ ਇਸ ਸਮੇਂ ਸਵਰਗ ਵਿੱਚ ਹੈ।" ਵੇਖਿਆ? ਇਹ ਕੀ ਸੀ ?ਉਹ ਸਰਵ-ਵਿਆਪਕ ਸੀ,ਕਿਉਂਕਿ ਉਹ ਪ੍ਰਮੇਸ਼ੁਰ ਸੀ।

383 ਹੁਣ ਇੱਕ ਹੋਰ ਪ੍ਰਸ਼ਨ ਇਹ ਹੈ, ਮੈਂ ......ਮੈਂ ਇਨ੍ਹਾਂ ਸ਼ਬਦਾਂ ਨੂੰ ਕਹਿਣਾ ਚਾਹੁੰਦਾ ਹਾਂ।

**ਜੋ ਤੁਸੀਂ ਕਹਿ ਰਹੇ ਸੀ ਉਸਦਾ ਬਿਆਨ ਕਰੋ ........**[ਟੇਪ ਵਿੱਚ ਖਾਲੀ ਥਾਂ, ਇੱਕ ਭਾਈ ਭਵਿੱਖਬਾਣੀ ਕਰਦਾ ਹੈ-ਸੰਪਾ]

ਪਿਤਾ ਪ੍ਰਮੇਸ਼ੁਰ ਤੇਰਾ ਧੰਨਵਾਦ। ਅਸੀਂ ਤੇਰਾ ਧੰਨਵਾਦ ਕਰਦੇ ਹਾਂ ਕਿ ਤੇਰਾ ਆਤਮਾ ਇੱਥੇ ਹਾਜ਼ਰ ਹੈ। ਅਤੇ ਪਿਤਾ, ਸਾਨੂੰ ਇਹ ਦੱਸਿਆ ਗਿਆ ਹੈ ਕਿ ਜਦੋਂ ਵੈਰੀ ਅੰਦਰ ਆ ਰਿਹਾ ਸੀ ਤਾਂ ਆਤਮਾ ਇੱਕ ਮਨੁੱਖ ਤੇ ਆਇਆ ਕਿ ਉਹ ਭਵਿੱਖਬਾਣੀ ਕਰੇ ਅਤੇ ਉਸਨੇ ਉਸਨੂੰ ਦੱਸਿਆ। ਇਸ ਨਾਲ ਉਨ੍ਹਾਂ ਨੇ ਸੱਭ ਚੀਜ਼ਾਂ ਨੂੰ ਬਿਵਸਥਾ ਅਨੁਸਾਰ ਕਰ ਲਿਆ ਜਿੱਥੇ ਉਹਨਾਂ ਨੂੰ ਪਤਾ ਲੱਗਾ ਸੀ ਕਿ ਕਿਵੇਂ ਜਾਣਾ ਹੈ ਅਤੇ ਕਿਵੇਂ ਵੈਰੀ ਨੂੰ ਹਰਾਉਣਾ ਹੈ ਅਤੇ ਕਿੱਥੇ ਵੈਰੀ ਨਾਲ ਭਿੜਨਾ ਹੈ।

384 ਅਤੇ ਪਿਤਾ, ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੂੰ ਹਾਲੇ ਵੀ ਉਹ ਹੀ ਪ੍ਰਮੇਸ਼ੁਰ ਹੈਂ ਜੋ ਹਮੇਸ਼ਾਂ ਇੱਕੋ ਜਿਹਾ ਰਹਿੰਦਾ ਹੈ। ਤੂੰ ਹਾਲੇ ਵੀ ਇੱਕੋ ਜਿਹਾ ਹੈਂ। ਅਸੀਂ ਬਦਲ ਜਾਂਦੇ ਹਾਂ ਯੁੱਗ ਬਦਲ ਜਾਂਦੇ ਹਨ ਅਤੇ ਸਮੇਂ ਬਦਲ ਜਾਂਦੇ ਹਨ ਅਤੇ ਲੋਕ ਬਦਲ ਜਾਂਦੇ ਹਨ ਪ੍ਰੰਤੂ ਤੂੰ ਕਦੇ ਵੀ ਨਹੀਂ ਬਦਲਦਾ ਹੈਂ। ਤੇਰੇ ਇੰਤਜਾਮ ਨਾ ਬਦਲਣ ਵਾਲੇ ਹਨ। ਤੇਰੀ ਕਿਰਪਾ ਨਾ ਬਦਲਣ ਵਾਲੀ ਹੈ। ਤੇਰੇ ਕੰਮ ਨਾ ਤਬਦੀਲ ਹੋਣ ਵਾਲੇ ਹਨ ਕਿਉਂਕਿ ਉਹ ਅਜੀਬ ਹਨ ਅਤੇ ਮਨੁੱਖ ਦੀ ਕਿਸੇ ਵੀ ਸਮਝ ਤੋਂ ਪਰੇ ਹਨ।

[ਭਾਈ ਬ੍ਰਾਨਹਾਮ ਸੰਗਤ ਵਿੱਚ ਕਿਸੇ ਨਾਲ ਗੱਲ ਕਰਨੀ ਸ਼ੁਰੂ ਕਰਦੇ ਹਨ-ਸੰਪਾ]ਮੇਰਾ ਵਿਸ਼ਵਾਸ਼ ਹੈ ਕਿ ਤੁਸੀਂ ਪਵਿੱਤਰ ਆਤਮਾ ਦਾ ਬਪਤਿਸਮਾ ਪਾਇਆ ਹੈ, ਭਾਈ ਜੀ, ਕੀ ਤੁਸੀਂ ਨਹੀਂ ਪਾਇਆ ਹੈ?ਕੀ ਤੁਸੀਂ ਇੱਕ ਮਿੰਟ ਲਈ ਖੜ੍ਹੇ ਹੋਵੋਗੇ? ਤੁਸੀਂ ਪਵਿੱਤਰ ਆਤਮਾ ਪਾਇਆ ਹੈ ਇਸਦਾ ਦਾਅਵਾ ਕਰਦੇ ਹੋ? [ਭਾਈ ਆਖਦਾ ਹੈ, "ਜੀ ਹਾਂ, ਸ਼੍ਰੀਮਾਨ। "] ਮੈਂ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਪਾਇਆ ਹੈ। ਫਿਰ ਇਹ ਕੀ ਹੈ? ਫਿਰ ਮੈਂ ਇਹ ਦਾਵਾ ਨਹੀਂ ਕਰਦਾ ਹਾਂ ਕਿ ਮੇਰੇ ਕੋਲ ਹੈ -- ਮੇਰੇ ਕੋਲ ਇਨ੍ਹਾਂ ਭੇਤਾਂ ਨੂੰ ਖੋਲ੍ਹਣ ਦੀ ਸ਼ਕਤੀ ਹੈ। ਮੇਰੇ ਕੋਲ ਬਿਮਾਰਾਂ ਨੂੰ ਚੰਗਾ ਕਰਨ ਦੀ ਸ਼ਕਤੀ ਨਹੀਂ ਹੈ। ਇਹ ਖੁਦਾ ਕੋਲ ਹੈ।

376 [ਭਾਈ ਬ੍ਰਾਨਹਾਮ ਸਭਾ ਵਿੱਚ ਭਾਈ ਨਾਲ ਗੱਲਾਂ ਕਰਨੀਆਂ ਜਾਰੀ ਰੱਖਦੇ ਹਨ]ਮੈਂ ਯਕੀਨ ਕਰਦਾ ਹਾਂ ਕਿ ਤੁਸੀਂ ਇੱਕ ਸੇਵਕ ਹੋ। ਜੇ ਮੈਂ ਗਲਤੀ ਨਾ ਕਰਾਂ ਤਾਂ ਤੁਸੀਂ ਅਰਕਨਸਾਸ ਤੋਂ ਆਏ ਹੋ। ਠੀਕ ਹੈ, ਹੁਣ ਤੁਹਾਡੇ ਵਿੱਚ ਹੈ ....ਤਾਂ ਕਿ ਤੁਸੀਂ ਖੁਸ਼ਖਬਰੀ ਦਾ ਪ੍ਰਚਾਰ ਕਰੋ। ਆਮ ਤੌਰ ਤੇ ਤੁਸੀਂ ਇੱਕ ਫਾਰਮ ਤੇ ਜਾਂ ਉਸੇ ਦੇ ਆਲੇ-ਦੁਆਲੇ ਪੈਦਾ ਹੋਏ ਸੀ। ਤੁਸੀਂ ਬਸ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦੇ ਸੀ,ਪ੍ਰੰਤੂ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਤੁਹਾਡੇ ਅੰਦਰ ਕੁਝ ਆਉਂਦਾ ਹੈ। ਤੁਸੀਂ ਇਹਦਾ ਕਦੇ ਵੀ ਦਾਵਾ ਨਹੀਂ ਕਰਦੇ ਹੋ ਕਿ ਇਹ ਤੁਸੀਂ ਖੁਦ ਆਪ ਹੋ। ਇਹ ਤਾਂ ਇੱਕ ਦੂਸਰਾ ਵਿਅਕਤੀ ਹੈ ਜੋ ਕਿ ਪਵਿੱਤਰ ਆਤਮਾ ਹੈ। ਕੀ ਇਹ ਠੀਕ ਹੈ?[ਜੀ ਹਾਂ, ਸ਼੍ਰੀਮਾਨ] ਅੱਛਾ।

377 [ਭਾਈ ਬ੍ਰਾਨਹਾਮ ਸਭਾ ਵਿੱਚ ਭਾਈ ਨਾਲ ਗੱਲਾਂ ਕਰਨੀਆਂ ਜਾਰੀ ਰੱਖਦੇ ਹਨ-ਸੰਪਾ] ਹੁਣ ਮੈਂ ਤੁਹਾਡੇ ਕੋਲੋਂ ਕੁਝ ਪੁੱਛਣਾ ਚਾਹੁੰਦਾ ਹਾਂ । ਕੀ .....ਕੀ ਉਹ ਹੀ ਪਵਿੱਤਰ ਆਤਮਾ ਤੁਹਾਡੇ ਅੰਦਰ ਹੈ, ਕੀ ਇਹ ਠੀਕ ਹੈ? [ਉਹ ਭਾਈ ਆਖਦਾ ਹੈ, "ਇਹ ਸੱਚ ਹੈ। "]ਕੀ ਤੁਸੀਂ ਉਸਦੇ ਨਾਲ ਗੱਲਾਂ ਕਰਦੇ ਹੋ? ["ਜੀ ਹਾਂ, ਸ਼੍ਰੀਮਾਨ"] ਕੀ ਤੁਸੀਂ ਉਸਦੇ ਨਾਲ ਗੱਲਾਂ ਕਰਦੇ ਹੋ? ਕੀ ਤੁਸੀਂ ਉਸ ਕੋਲ ਦੁਆ ਕਰਦੇ ਹੋ?ਠੀਕ ਹੈ। ਇਹ ਸੱਭ ਹੀ ਮੈਂ ਪੁੱਛਣਾ ਚਾਹੁੰਦਾ ਸੀ। ਤੁਹਾਡਾ ਬਹੁਤ ਧੰਨਵਾਦ। ਵੇਖਿਆ? ਕੀ ਹੁਣ ਤੁਸੀਂ ਇਸਨੂੰ ਸਮਝ ਗਏ ਹੋ?[ਸੰਗਤ ਆਖਦੀ ਹੈ, "ਆਮੀਨ। "]

378 ਮੈਂ ਤੁਹਾਡੇ ਕੋਲੋਂ ਇੱਕ ਗੱਲ ਪੁੱਛਦਾ ਹਾਂ ਕਿ ਇਹ ਕਿਵੇਂ ਹੋਇਆ ਸੀ ਜਦ .....ਯਿਸੂ ਨੇ ਯੂਹੰਨਾ 3 ਵਿੱਚ ਕਿਹਾ ਸੀ, " ਮਨੁੱਖ ਦਾ ਪੁੱਤਰ ਜਿਹੜਾ ਹੁਣੇ ਸੁਰਗ ਵਿੱਚ ਹੈ। "ਸਮਝੇ? ਹੁਣ ਉਹ ਸੁਰਗ ਵਿੱਚ ਹੈ, ਉਹ ਧਰਤੀ ਤੇ ਆਵੇਗਾ। ਵੇਖਿਆ? ਮਨੁੱਖ ਦਾ ਪੁੱਤਰ ਜਿਹੜਾ ਹੁਣ ਸੁਰਗ ਵਿੱਚ ਹੈ ਅਤੇ ਇੱਥੇ ਉਹ ਖੜ੍ਹਾ ਕਿਸੇ ਆਦਮੀ ਨਾਲ ਗੱਲਾਂ ਕਰ ਰਿਹਾ ਸੀ। ਹੁਣ ਤੁਸੀਂ ਹੀ ਮੈਨੂੰ ਇਸ ਪ੍ਰਸ਼ਨ ਦਾ ਜਵਾਬ ਦਿਓ । ਯਿਸੂ ਅਤੇ ਪਿਤਾ ਇੱਕ ਹੀ ਵਿਅਕਤੀ ਹੈ।

379 ਬਿਲਕੁੱਲ ਜਿਵੇਂ ਕਿ ਪਵਿੱਤਰ ਆਤਮਾ ਮੇਰੇ ਵਿੱਚ ਹੈ। ਤੁਸੀਂ ਮੈਨੂੰ ਪ੍ਰਚਾਰ ਕਰਦੇ ਨੂੰ ਵੇਖ ਰਹੇ ਹੋ, ਪ੍ਰੰਤੂ ਇਹ ਮੈਂ ਨਹੀਂ ਹਾਂ। ਇਹ ਮੈਂ ਨਹੀਂ ਹਾਂ ਜੋ ਸ਼ਬਦ ਬੋਲਦਾ ਹੈ ਅਤੇ ਲਿਆ ਸੱਕਦਾ ਹੈ, ਜਿਵੇਂ ਤੁਸੀਂ ਜਾਣਦੇ ਹੋ ਜਾਨਵਰ ਪੈਦਾ ਕਰ ਸੱਕਦਾ ਹੈ, ਅਤੇ ਉਸਨੂੰ ਮਾਰ ਕੇ ਉਸਦਾ ਮੀਟ ਖਾਧਾ। ਇਹ ਰਚਨਾ ਕਰਨ ਵਾਲੀ ਵਾਲੀ ਸਾਮਰਥ ਹੈ। ਇਹ ਮਨੁੱਖ ਦੇ ਸ਼ਰੀਰ ਵਿੱਚ ਨਹੀਂ ਹੈ।

380 ਇਹ ਮੈਂ ਨਹੀਂ ਹਾਂ ਕਿ ਕਿਸੇ ਛੋਟੇ ਬੱਚੇ ਨੂੰ ਲੈ ਕੇ ਰੱਖਾਂ ....ਅੱਜ ਰਾਤ ਡਾਕਟਰਾਂ ਨੇ ਉਸਨੂੰ ਉਸਦੀ ਪਿੱਠ ਦੇ ਸਹਾਰੇ ਲਿਟਾਇਆ ਹੋਇਆ ਹੈ ਅਤੇ ਉਹ ਅੱਜ ਰਾਤ ਦਿਲ ਦੀ ਬਿਮਾਰੀ ਨਾਲ ਪ੍ਰੇਸ਼ਾਨ ਹੈ, ਅਤੇ ਕੀ ਮੈਂ ਇਹ ਕਹਿੰਦਾ ਹਾਂ ਕਿ, "ਵਿਲੀਅਮ ਬ੍ਰਾਨਹਾਮ ਇਉਂ ਫਰਮਾਉਂਦਾ ਹੈ?"



55 ਹੁਣ, ਮੈਂ ਸੋਚਦਾ ਹਾਂ ਕੱਲ ਰਾਤ ਕੋਈ ਵੀ ਇਸ ਤਰ੍ਹਾਂ ਦਾ ਪ੍ਰਸ਼ਨ ਨਹੀਂ ਸੀ। ਅਸੀਂ ਉਹਨਾਂ ਤਿੰਨਾਂ ਪ੍ਰਸ਼ਨਾਂ ਨੂੰ ਲਿਆ ਸੀ ਅਤੇ ਉਹਨਾਂ ਦਾ ਮੋਹਰਾਂ ਦੇ ਅਧੀਨ ਅਧਿਐਨ ਕੀਤਾ ਸੀ। ਅਤੇ ਮੋਹਰਾਂ ਆਪਣੇ ਆਪ ਵਿੱਚ ਇੱਕ ਕਿਤਾਬ ਹੈ। ਡਾਕਟਰ ਸਹਿਬ ਕੀ ਤੁਸੀਂ ਇਹਦੀ ਨਿਹਚਾ ਕਰਦੇ ਹੋ?[ਇੱਕ ਭਾਈ ਆਖਦਾ ਹੈ, "ਜੀ ਹਾਂ। "-ਸੰਪਾ]

56 ਵੇਖੋ ਇਹ ਸਾਰੀਆਂ ਗੱਲਾਂ ਇੱਕ ਦੂਸਰੀ ਦੇ ਨਾਲ ਚਿੰਬੜੀਆਂ ਹੋਈਆਂ ਹਨ। ਅਤੇ ਜੋ ਯਿਸੂ ਨੇ ਉੱਥੇ ਕਿਹਾ ਸੀ ਅਸੀਂ ਉਹ ਲਿਆ ਸੀ। ਵੇਖੋ, ਉਹਨਾਂ ਨੇ ਉਸ ਕੋਲੋਂ ਤਿੰਨ ਪ੍ਰਸ਼ਨ ਪੁੱਛੇ ਸਨ, "ਇਹ ਗੱਲਾਂ ਕਦ ਹੋਣਗੀਆਂ ?ਤੇਰੇ ਆਉਣ ਦਾ ਕੀ ਲੱਛਣ ਹੋਊ? ਅਤੇ ਜਗਤ ਦੇ ਅੰਤ ਦਾ ਕੀ ਚਿੰਨ੍ਹ ਹੈ?" ਅਤੇ ਉਹ ਠੀਕ ਹੇਠਾਂ ਆਉਂਦਾ ਹੈ .....ਅਤੇ ਅਸੀਂ ਉਸ ਵਿੱਚੋਂ ਇਸਦੇ ਦੌਰਾਨ ਹਰ ਇੱਕ ਦਾ ਅਧਿਐਨ ਕੀਤਾ ਸੀ, ਪ੍ਰੰਤੂ ਅਸੀਂ ਇੱਕ ਨੂੰ ਛੱਡ ਦਿੱਤਾ ਸੀ। ਅਤੇ ਉਹ ਕੀ ਸੀ? ਸੱਤਵੀਂ ਮੋਹਰ। ਅਸੀਂ ਇਹਦਾ ਅਧਿਐਨ ਕਿਉਂ ਨਹੀਂ ਕੀਤਾ ਸੀ? ਵੇਖੋ, ਕਿਉਂਕਿ ਇਹ ਦੀ ਜਾਣਕਾਰੀ ਨਹੀਂ ਹੈ। ਇੰਜ ਹੀ ਹੈ। ਉਹਨਾਂ ਵਿੱਚੋਂ ਹਰੇਕ ਪ੍ਰਗਟ ਹੁੰਦੀ ਹੈ । ਮੈਂ ਉਹਨੂੰ ਸਮਾਨਤਰ ਲਿਆ ਸੀ, ਮੈਂ ਉਹਨਾਂ ਨੂੰ ਅੱਗਿਓਂ ਅਤੇ ਪਿੱਛਿਓਂ ਲਿਆ ਸੀ।

57 ਅਤੇ ਬੀਤੀ ਰਾਤ ਜਦ ਮੈਂ ਲਿਖਿਆ ਮੈਂ ਉੱਥੇ ਅੰਦਰ ਗਿਆ ਅਤੇ ਉਸ ਤੇ ਪਹੁੰਚਿਆ ....ਮੈਂ ਆਪਣੇ ਪੁਰਾਣੀਆਂ ਪੁਰਾਣੀਆਂ ਲਿਖਤਾਂ ਨੂੰ ਵੇਖਣ ਲਈ ਵਾਪਸ ਗਿਆ ਜਿਹਨੂੰ ਮੈਂ ਉੱਥੇ ਪਿੱਛੇ ਛੱਡ ਦਿੱਤਾ ਸੀ। ਮੈਂ ਵੇਖਿਆ ਕਿ ਮੈਂ ਉੱਥੇ ਕਿਸੇ ਇੱਕ ਨੂੰ ਦੂਜੇ ਦੀ ਜਗ੍ਹਾ ਤੇ ਰੱਖਿਆ ਹੈ, ਅਤੇ ਮੈਂ ਇਸ ਤਰ੍ਹਾਂ ਵੇਖਿਆ। ਮੈਂ ਉਹਨਾਂ ਨੂੰ ਅੱਗਿਓਂ-ਪਿੱਛਿਓਂ ਮਿਲਾ ਮਿਲਾ ਕੇ ਵੇਖਿਆ। ਇਹ ਹੀ ਮੈਂ ਕੀਤਾ ਸੀ। ਮੈਂ ਸੋਚਦਾ ਹਾਂ ਕਿ ਤੁਸੀਂ ਇਹਨੂੰ ਸਮਝ ਗਏ ਹੋ। ਕੀ ਤੁਸੀਂ ਇਹ ਗੱਲ ਸਮਝ ਗਏ ਹੋ?ਸਮਝੇ?

58 ਜੋ ਮੈਂ ਇਸਨੂੰ ਦੂਜੇ ਪਾਸੇ ਲਿਖਣ ਜਾ ਰਿਹਾ ਸੀ, ਮੈਂ ਉਹਨੂੰ ਇੱਥੇ ਲਿਖਿਆ ਅਤੇ ਉਹਨੂੰ ਇੱਥੇ ਲਿਖਿਆ। ਉਹਨਾਂ ਦੋਹਾਂ ਨੂੰ ਇਕੱਠੇ ਰੱਖਿਆ,ਜਿਵੇਂ 9, 11 ਜਾਂ 9, 6 ਨੂੰ ਜਾਂ ਇਹ ਜੋ ਕੁਝ ਵੀ ਸੀ .....ਜਾਂ 6 ਅਤੇ 11 ਨੂੰ ਅਤੇ 9 ਅਤੇ 11 ਨੂੰ ਇੱਕ ਜਗ੍ਹਾ ਰੱਖਿਆ, ਅਤੇ ਵੇਖਿਆ ਕਿ ਇਸ ਤਰ੍ਹਾਂ ਨਹੀਂ ਸੀ। ਇਹ ਇੱਕ ਦੂਸਰੇ ਦੇ ਉਲਟ ਹੈ, ਅਗਲੀ ਆਇਤ ਇਸੇ ਦੇ ਹੇਠ ਆਉਂਦੀ ਹੈ। ਸਮਝੇ?ਅਤੇ ਇਸਦਾ ਜਵਾਬ ਲੜਾਈ ਅਤੇ ਮਹਾਂਮਾਰੀ ਦੇ ਵਿਚਾਲੇ ਪਾਇਆ ਜਾਂਦਾ ਹੈ। ਇਹੋ ਹੀ ਹੈ ਜਿੱਥੇ ਇਹ ਪਾਇਆ ਜਾਂਦਾ ਹੈ।

59 ਇਸ ਲਈ ਮੈਂ ਬੜਾ ਹੀ ਖੁਸ਼ ਸੀ। ਮੈਂ ਬਸ ਇਸੇ ਤਰ੍ਹਾਂ ਕਰਦਾ ਜਾ ਰਿਹਾ ਸੀ .....ਅਤੇ ਮੈਂ ਪ੍ਰਕਾਸ਼ ਦੇ ਨਾਲ ਮਿਲਣ ਵਾਲੀ ਉਤੇਜਨਾ ਦਾ ਅਨੰਦ ਲੈ ਰਿਹਾਂ ਸੀ। ਸੋ ਲਈ ਮੈਂ ਇਹਨੂੰ ਇੱਥੇ ਉੱਪਰ ਰੱਖਿਆ। ਮੈਂ ਉੱਥੇ ਪੈਨਸਿਲ ਜਾਂ ਪੈੱਨ ਲੈ ਕੇ ਬੈਠਾ ਸੀ ਅਤੇ ਮੈਂ 11 ਨੂੰ ਦੋਹਾਂ ਪਾਸੇ ਰੱਖਿਆ ਜਦਕਿ ਇਸ ਤਰ੍ਹਾਂ ਨਹੀਂ ਕੀਤਾ ਜਾਣਾ ਚਾਹੀਦਾ ਸੀ। ਮੈਂ ਸੋਚਿਆ ਸੀ ਕਿ ਦੂਜੇ ਪਾਸੇ ਲਈ 11 ਦੀ ਬਜਾਏ 9 ਸੀ।

60 ਪਰ ਕੀ ਤੁਸੀਂ ਹੁਣ ਵੇਖਦੇ ਹੋ ਕਿ ਇਹ ਕਿੰਨੀ ਸਿੱਧਤਾ ਨਾਲ ਇੱਕ ਦੂਸਰੇ ਦੇ ਬਰਾਬਰ ਹਨ? ਹੁਣ ਤੁਸੀਂ ਇਹਨੂੰ ਨਾ ਭੁੱਲਿਓ। ਛੇਵੀਂ ਮੋਹਰ ਤੱਕ ਉਹ ਇੱਕ ਦੂਸਰੇ ਦੇ ਬਰਾਬਰ ਹਨ ਪ੍ਰੰਤੂ ਇਸ ਤੋਂ ਬਾਦ ਇਹ ਰੁਕ ਜਾਂਦਾ ਹੈ। ਸਮਝੇ?ਅਤੇ ਧਿਆਨ ਦਿਓ-ਮੋਹਰਾਂ ਦੇ ਖੁੱਲ੍ਹਣ ਨੂੰ ਵੇਖੋ

ਇਹ ਕ੍ਰਮ ਹੇਠਾਂ ਛੇਵੀਂ ਮੋਹਰ ਤੱਕ ਆਉਂਦਾ ਹੈ ਅਤੇ ਇਸ ਤੋਂ ਬਾਦ ਇਹ ਰੁਕ ਜਾਂਦਾ ਹੈ। ਸੱਤਵੀਂ ਮੋਹਰ ਦੇ ਬਾਰੇ ਵਿੱਚ ਤਾਂ ਬਸ ਇਹ ਹੀ ਕਿਹਾ ਗਿਆ ਹੈ ਕਿ, "ਸੁਰਗ ਵਿੱਚ ਅੱਧੇ ਕੁ ਘੰਟੇ ਦੀ ਚੁਪਚਾਣ ਛਾ ਗਈ। "

61 ਹੁਣ, ਹੁਣ ਇਹਨਾਂ ਨੂੰ ਵੇਖੋ, ਮੈਨੂੰ ਕਾਹਲੀ ਕਰਨੀ ਪੈਣੀ ਹੈ ਅਤੇ ਇਹਨਾਂ ਦਾ ਜਵਾਬ ਦੇਣਾ ਪਵੇਗਾ। ਉਹਨਾਂ ਵਿੱਚੋਂ ਹਰੇਕ ਇੱਕ ਸੰਦੇਸ਼ ਸੀ, ਅਤੇ ਚਹੁੰ ਹਫਤਿਆਂ ਦੇ ਲੰਬੇ ਸਮੇਂ ਤੱਕ ਉਹਨਾਂ ਵਿੱਚੋਂ ਹਰੇਕ ਦਾ ਅਧਿਐਨ ਕੀਤਾ ਗਿਆ, ਇਸ ਲਈ ਤੁਸੀਂ ਵੇਖੋ ਕਿ ਤੁਸੀਂ ਕਿਸੇ ਹੋਰ ਗੱਲ ਤੇ ਵੱਖ ਹੋ ਰਹੇ ਹੋ। ਪ੍ਰੰਤੂ ਮੇਰਾ ਇਰਾਦਾ ਇਸ ਤਰ੍ਹਾਂ ਕਰਨ ਦਾ ਨਹੀਂ ਹੈ ਕਿਉਂਕਿ ਜਿੱਥੋਂ ਤੱਕ ਹੋ ਸੱਕਦਾ ਹੈ ਮੈਂ ਹਰ ਇੱਕ ਆਦਮੀਂ ਦੇ ਪ੍ਰਸ਼ਨ ਨੂੰ ਲੈਣਾ ਚਾਹੁੰਦਾ ਹਾਂ।

62 ਵੇਖੋ,ਇਹ ਕੁਆਰੀਆਂ, ਬਣੀਆਂ ਹੋਈਆਂ ਹਨ .....ਇਹ ਤਾਂ ਉਹਨਾਂ ਦਾ ਭਾਗ ਹੈ ਜੋ ਉਸ ਯੁੱਗ ਵਿੱਚ ਪਾਈਆਂ ਜਾਂਦੀਆਂ ਸਨ। ਵੇਖੋ ,ਹਰ ਯੁੱਗ ਵਿੱਚ ਕੁਆਰੀਆਂ ਹਨ। ਸਮਝੇ? ਇੱਕ ਮੋਹਰ ......ਦੂਤ ਕਲੀਸਿਯਾ ਕੋਲ ਆਉਂਦਾ ਹੈ। "ਅਫਸੁਸ ਦੀ ਕਲੀਸਿਯਾ ਦੇ ਦੂਤ ਨੂੰ ਲਿਖ। " ਸਮਝੇ?

63 ਅਫਸੁਸ ਦੀ ਕਲੀਸਿਯਾ ਨੂੰ ਲਿਖਣ ਤੋਂ ਬਾਦ (ਪਿਛਾਂਹ ਇਹਦੀ ਤੁਲਨਾ ਕੀਤੀ)ਅਤੇ ਇਸ ਤਰ੍ਹਾਂ ਇੱਕ ਮੋਹਰ ਖੁੱਲ੍ਹਦੀ ਹੈ। ਇਸ ਤਰ੍ਹਾਂ ਅਸੀਂ ਇਹਨੂੰ ਪੂਰੇ ਦਾ ਪੂਰਾ ਤੁਹਾਡੇ ਲਈ ਪ੍ਰਾਪਤ ਕਰਨ ਦਾ ਯਤਨ ਕਰਦੇ ਹਾਂ। ਵੇਖਿਆ ਮੇਰਾ ਕੀ ਮਤਲਬ ਹੈ? ਜੇ ਪ੍ਰਭੂ ਚਾਹੇ।

64 ਸੱਭ ਤੋਂ ਪਹਿਲਾਂ ਮੇਰੇ ਕੋਲ ਕੀ ਸੀ? ਕਲੀਸਿਯਾ ਦੇ ਯੁੱਗ। ਕੀ ਇਹ ਠੀਕ ਹੈ? ਉਸ ਤੋਂ ਅਗਲੀ ਚੀਜ਼, ਕਲੀਸਿਯਾ ਦੇ ਯੁੱਗਾਂ ਲਈ ਸੰਦੇਸ਼ ਸੀ। ਹੁਣ ਕੀ ਸਾਰਿਆਂ ਨੂੰ ਇਸ ਗੱਲ ਦੀ ਸਮਝ ਲੱਗ ਗਈ ਹੈ?ਸਮਝੇ?

65 ਸੱਭ ਤੋਂ ਪਹਿਲਾਂ ਅਸੀਂ ਕਲੀਸਿਯਾ ਦੇ ਯੁੱਗਾਂ ਨੂੰ ਅਤੇ ਇਤਿਹਾਸ ਨੂੰ ਲਿਆ, ਅਤੇ ਇਹਨੂੰ ਨੀਸੀਆ ਦੀ ਸਭਾ ਅਤੇ ਨੀਸੀਆ ਦੀ ਸਭਾ ਤੋਂ ਪਹਿਲਾਂ ਵੇਖਿਆ ਅਤੇ ਉਸ ਸੱਭ ਦੀ ਜਾਣਕਾਰੀ ਲਈ ਜੋ ਕੁਝ ਅਸੀਂ ਇਤਿਹਾਸ ਵਿੱਚੋਂ ਲੱਭ ਸੱਕਦੇ ਸੀ, ਅਤੇ ਸਾਨੂੰ ਇਹ ਪਤਾ ਲੱਗਾ ਕਿ ਵਚਨ ਦਾ ਠੀਕ ਅਨੁਵਾਦ ਇਤਿਹਾਸ ਦੇ ਨਾਲ ਬਿਲਕੁੱਲ ਮੇਲ ਖਾਂਦਾ ਸੀ। ਅਤੇ ਅਸੀਂ ਇਸਨੂੰ ਲਾਉਦੀਕੀਆ ਦੇ ਯੁੱਗ ਵਿੱਚ ਇਸ ਦਿਨ ਤੱਕ ਲੈ ਕੇ ਆਏ। ਅਰ ਤੁਹਾਨੂੰ ਲੋੜ ਨਹੀਂ ਹੈ ਕਿ ਤੁਹਾਡੇ ਕੋਲ ਉਹਦਾ ਇਤਿਹਾਸ ਹੋਵੇ, ਇਹ ਖੁਦ ਹੁਣ ਇਤਿਹਾਸ ਬਣ ਰਿਹਾ ਹੈ। ਇਸੇ ਤਰ੍ਹਾਂ ਹੀ ਹੈ। ਅਤੇ ਇਸ ਤੋਂ ਬਾਦ ਅਸੀਂ ਇਹ ਵਿਖਾਇਆ ਸੀ ਕਿ ਇਸ ਯੁੱਗ ਵਿੱਚ ਕੀ ਹੋਵੇਗਾ।

66 ਹੁਣ ਅਸੀਂ ਮੋਹਰਾਂ ਦੇ ਨਾਲ ਆਏ ਅਤੇ ਉਸ ਮੋਹਰ ਨੂੰ ਖੋਲ੍ਹਿਆ। ਪ੍ਰਮੇਸ਼ੁਰ ਨੇ ਉਸ ਮੋਹਰ ਨੂੰ ਸਾਡੇ ਲਈ ਖੋਲ੍ਹਿਆ। ਉਹ ਕੀ ਹੈ? ਪਹਿਲਾਂ ਦੂਤ ਹਨ, ਫਿਰ ਕਲੀਸਿਯਾਈ ਯੁੱਗ ਹਨ ;ਅਤੇ ਫਿਰ ਸੱਤ ਮੋਹਰਾਂ ਹਨ।

67 ਹੁਣ, ਅਸੀਂ ਉਸ ਬੁਰਿਆਈ ਨੂੰ ਵੇਖਿਆ ਜਿਹੜੀ ਸੱਤਵੇਂ ਕਲੀਸਿਯਾ ਦੇ ਯੁੱਗ ਤੇ ਵਾਰ ਕਰਦੀ ਹੈ। ਪ੍ਰੰਤੂ ਸੱਤਵੀਂ ਮੋਹਰ ਕੁਝ ਵੀ ਪ੍ਰਗਟ ਨਹੀਂ ਕਰਦੀ ਹੈ, ਇਸਦੇ ਨਾਲ ਕੀ ਵਾਪਰਨ ਜਾ ਰਿਹਾ ਹੈ (ਸਮਝੇ?), ਕਿਉਂਕਿ ਉਸ ਯੁੱਗ ਦੇ ਅੰਤ ਵਿੱਚ ਇੱਕ ਨਬੀ ਦੇ ਕੰਮਾਂ ਵਾਲਾ ਵਰਦਾਨ



370 ਚੰਗਾ, ਮੈਂ ਇਹ ਨਹੀਂ ਕਹਾਂਗਾ ਕਿ ਉਹ ਬਿਲਕੁੱਲ ਠੀਕ ਜੰਗਲ ਨੂੰ ਜਾਵੇਗਾ। ਪਰ ਉਹ ਇਹ ਹੋਵੇਗਾ, (ਤੁਸੀਂ ਵੇਖਿਆ?) ਉਹ ਸੀ ......ਕੀ ਤੁਸੀਂ ਏਲੀਯਾਹ ਅਤੇ ਅਲੀਸ਼ਾ ਤੇ ਧਿਆਨ ਦਿੱਤਾ ਹੈ? ਬਹੁਤ ਸਾਰੇ ਇਸ ਤਰ੍ਹਾਂ ਦੇ ਲੋਕ ਹੁੰਦੇ ਹਨ ਜਿਹੜੇ ਦੂਰ ਰਹਿੰਦੇ ਹਨ ਅਤੇ ਆਪਣੇ ਆਪ ਨੂੰ ਲੋਕਾਂ ਕੋਲੋਂ ਦੂਰ ਰੱਖਦੇ ਹਨ। ਉਹ ਬੜੇ ਅਜੀਬ ਹੁੰਦੇ ਹਨ। ਉਹ ਲੋਕਾਂ ਨਾਲ ਬਹੁਤ ਜਿਆਦਾ ਘੁਲਦੇ-ਮਿਲਦੇ ਨਹੀਂ ਹਨ।

371 ਤੁਸੀਂ ਧਿਆਨ ਦਿਓ ਕਿ ਅਲੀਸ਼ਾ ਕਿਸ ਤਰ੍ਹਾਂ ਦਾ ਸੀ, ਏਲੀਯਾਹ ਕਿਸ ਤਰ੍ਹਾਂ ਦਾ ਸੀ ਅਤੇ ਯੂਹੰਨਾ ਬਪਤਿਸਮਾ ਦੇਣ ਵਾਲਾ ਕਿਸ ਤਰ੍ਹਾਂ ਦਾ ਸੀ ਅਰ ਤੁਸੀਂ ਉਸ ਆਤਮਾ ਦਾ ਸੁਭਾਅ ਵੇਖੋ। ਅਤੇ ਉਹ ਨਹੀਂ......ਮੇਰਾ ਇਹ ਯਕੀਨ ਹੈ ਕਿ ਉਹ ਆਦਮੀ ਜੰਗਲ ਨੂੰ ਪਿਆਰ ਕਰਨ ਵਾਲਾ ਹੋਵੇਗਾ ਤੇ ਹੋ ਸੱਕਦਾ ਹੈ ਕਿ ਉਹ ਜੰਗਲ ਵਿੱਚ ਰਹੇ। ਪ੍ਰੰਤੂ ਹੁਣ, ਸਿਰਫ ਇਹ ਕਹਿਣਾ ਕਿ ਉਹ ਇਕੱਲਾ ਰਹਿਣ ਵਾਲਾ ਹੋਵੇਗਾ ਅਤੇ ਜੰਗਲ ਵਿੱਚ ਰਹੇਗਾ, ਮੈਂ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਹਾਂ। ਕਦੇ ਕਦਾਈਂ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਸੀ। ਅਲੀਸ਼ਾ ਨੇ ਤਾਂ ਨਹੀਂ ਪ੍ਰੰਤੂ ਏਲੀਯਾਹ ਨੇ ਇਸ ਤਰ੍ਹਾਂ ਕੀਤਾ ਸੀ। ਅਤੇ ਫਿਰ ਯੂਹੰਨਾ ਨੇ ਇਸ ਤਰ੍ਹਾਂ ਕੀਤਾ ਸੀ, ਉਹ ਜੰਗਲ ਵਿੱਚ ਰਿਹਾ ਸੀ।

372 ਅਤੇ ਇਹ ਦੱਸਣਾ ਮੁਸ਼ਕਿਲ ਹੋਵੇਗਾ ਕਿ ਕਦੋਂ ਇਹ ਦੂਸਰੇ ਨਬੀ ਯਹੂਦਿਯਾ ਵਿੱਚੋਂ ਬਾਹਰ ਨਿੱਕਲ ਕੇ ਆਉਣਗੇ । ਮੈਂ ਨਹੀਂ ਜਾਣਦਾ ਹਾਂ ਕਿ ਉਹ ਕਿੱਥੇ ਰੁਕੇ ਰਹਿਣਗੇ। ਹੋ ਸੱਕਦਾ ਹੈ ਕਿ ਉਹ ਕਿਸੇ ਪਹਾੜ ਤੇ ਟਿਕਣ। ਜਾਂ ਉਹ ਉਹ ਆਪਣੀ ਭਵਿੱਖਬਾਣੀ ਦੇ ਦਿਨਾਂ ਵਿੱਚ ਕੀ ਕਰਨਗੇ, ਇਹ ਮੈਂ ਨਹੀਂ ਜਾਣਦਾ ਹਾਂ। ਮੈਂ ਨਹੀਂ ਜਾਣਦਾ ਹਾਂ ਕਿ ਉਹ ਕੀ ਕਰਨਗੇ। ਪਰ ਤੁਸੀਂ .....ਜੋ ਕੁਝ ਕਹਿਣ ਦੀ ਮੈਂ ਕੋਸ਼ਿਸ਼ ਕਰ ਰਿਹਾ ਹਾਂ ਉਹ ਇਹ ਹੈ, "ਉਹ ਹੋਣਗੇ--ਕੀ ਉਹ ਜੰਗਲ ਵਿੱਚ ਨਿਵਾਸ ਕਰਨ ਵਾਲੇ ਹੋਣਗੇ ?"

373 ਉਨ੍ਹਾਂ ਨੂੰ ਜੰਗਲ ਵਿੱਚ ਨਿਵਾਸ ਕਰਨ ਲਈ ਬ੍ਰਿਟਸ਼ ਕੋਲੰਬੀਆ ਜਾਣਾ ਪਵੇਗਾ । ਸੋ ਇਹ ਕੋਈ ਹੋਵੇਗਾ ਜਿਹੜਾ .....ਜੰਗਲ ਕੱਟੇ ਜਾ ਚੁੱਕੇ ਹਨ। ਸਮਝੇ? ਇਸ ਲਈ ਉਨ੍ਹਾਂ ਦੇ ਬਾਰੇ ਵਿੱਚ ਇੱਕ ਗੱਲ ਹੋ ਸੱਕਦੀ ਹੈ ਕਿ ਉਹ ਬਹੁਤ ਜਿਆਦਾ ਜੰਗਲ ਵਿੱਚ ਰਹਿਣ, ਅਤੇ ਉਹ ਹੋਣਗੇ ......ਤੁਸੀਂ ਉਨ੍ਹਾਂ ਦੇ ਸੁਭਾਅ ਤੇ ਧਿਆਨ ਦੇ ਸੱਕਦੇ ਹੋ ਕਿ ਉਹਨਾਂ ਦਾ ਸੁਭਾਅ ਸਮਝੋਤਾ ਕਰਨ ਵਾਲਾ ਨਹੀਂ ਹੈ ਅਤੇ ਇਸ ਤੋਂ ਤੁਸੀਂ ਉਨ੍ਹਾਂ ਨੂੰ ਤਦ ਜਾਣ ਲਵੋਗੇ ਜਦ ਉਹ ਆਏਗਾ। ਸਮਝੇ? ਤੁਸੀਂ ਇਹਨੂੰ ਵੇਖੋਗੇ, ਜੇ ਤੁਸੀਂ ....ਜਾਗਰੂਕ ਹੋ ਤਾਂ।

374 ਹੁਣ, ਇੱਥੇ ਇੱਕ ਪ੍ਰਸ਼ਨ ਹੈ ਜਿਹਦੇ ਬਾਰੇ ਵਿੱਚ ਮੈਂ ਨਹੀਂ ਜਾਣਦਾ ਹਾਂ ਕਿ ਇਸਦਾ ਕਿਸ ਤਰ੍ਹਾਂ ਜਵਾਬ ਦੇਣਾ ਹੈ। ਇਸ ਪ੍ਰਸ਼ਨ ਤੋਂ ਪਹਿਲਾਂ ਮੇਰੇ ਕੋਲ ਇੱਕ ਹੋਰ ਪ੍ਰਸ਼ਨ ਹੈ, ਅਤੇ ਇਸ ਤੋਂ ਬਾਦ ਮੈਂ ਉਨ੍ਹਾਂ ਨੂੰ ਇੱਕ ਮਿੰਟ ਲਈ ਟੇਪ ਬੰਦ ਕਰਨ ਨੂੰ ਕਹਿਣ ਵਾਲਾ ਹਾਂ।

## 47. ਜੇ ਪ੍ਰਮੇਸ਼ੁਰ ਇੱਕ ਹੀ ਵਿਅਕਤੀ ਹੈ ਤਾਂ ਰੂਪ ਬਦਲ ਜਾਣ ਵਾਲੇ ਪਹਾੜ ਤੇ ਉਹ ਆਪਣੇ ਆਪ ਨਾਲ ਕਿਸ ਤਰ੍ਹਾਂ ਬੋਲ ਸੱਕਦਾ ਸੀ?

375 ਅੱਛਾ, ਮੈਂ ਇਸਦਾ ਹੁਣੇ ਹੀ ਬਿਆਨ ਕੀਤਾ ਹੈ। ਤੁਸੀਂ ਵੇਖਿਆ, ਸਮਝੇ?ਮੈਂ ਤੁਹਾਡੇ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ । ਮੈਂ ਜਾ ਰਿਹਾ ਹਾਂ ......ਜਦ ਯਿਸੂ ਨੇ ਪਿਤਾ ਦੇ ਅੱਗੇ ਦੁਆ ਕੀਤੀ।

### ਕੈਥੋਲਿਕ ਦਾ ਜਾਂ ਵੈਟੀਕਨ ਦਾ ਬੰਬ ਦੇ ਨਾਲ ਖਾਤਮਾ ਕਰ ਦੇਵੇਗਾ। ਕੀ ਇਹ ਠੀਕ ਹੈ?

367 ਜੀ ਹਾਂ, ਜਦੋਂ ਤੁਸੀਂ ਪ੍ਰਕਾਸ਼ ਪੋਥੀ ਦੀ 16 ਬਾਬ ਅਤੇ 18:8 ਅਤੇ 12 ਨੂੰ ਪੜ੍ਹਦੇ ਹੋ ਤਾਂ ਤੁਹਾਨੂੰ ਇਹ ਹੀ ਲਿਖਿਆ ਮਿਲੇਗਾ। ਜੇ ਇਹ ਆਦਮੀ ਜਿਹਨੇ ਇਹ ਪ੍ਰਸ਼ਨ ਲਿਖਿਆ ਹੈ, ਇਸ ਤੇ ਕਾਗਜ਼ ਦੇ ਇਸ ਟੁਕੜੇ ਨੂੰ ਲੈਣਾ ਚਾਹੁੰਦਾ ਹੈ, ਤਾਂ ਤੁਸੀਂ ਇਹਨੂੰ ਵੇਖ ਸੱਕਦੇ ਹੋ। ਜੀ ਹਾਂ, ਲਿਖਿਆ ਹੈ, "ਹਾਏ ਹਾਏ .ਉਹ ਵੱਡੀ ਨਗਰੀ । ਕਿਉਂਕਿ ਇੱਕ ਹੀ ਘੰਟੇ ਵਿੱਚ ਉਸਦਾ ਨਬੇੜਾ ਹੋ ਗਿਆ।" ਤੁਸੀਂ ਸਮਝੇ? ਵਪਾਰੀ ਅਤੇ ਸਾਰੇ ਉਸ ਨਗਰ ਵਿੱਚ ਆਪਣਾ ਸਮਾਨ ਲਿਆਉਂਦੇ ਸਨ। ਉਸਦਾ ਨਾਸ਼ ਹੋ ਜਾਵੇਗਾ। ਇਹ ਠੀਕ ਹੈ। ਅਤੇ ਨਹੀਂ ......

368 ਤੁਸੀਂ ਸਾਮਵਾਦ ਦੇ ਬਾਰੇ ਵਿੱਚ ਸੋਚਣਾ ਬੰਦ ਕਰ ਦਿਓ, ਤੁਸੀਂ ਸਾਮਵਾਦ ਦੇ ਬਾਰੇ ਵਿੱਚ ਬਸ ਭੁੱਲ ਜਾਓ। ਵੇਖਿਆ? ਇਹ ਦੁਨੀਆਂ ਵਿੱਚ ਕੁਝ ਨਹੀਂ ਬਲਕਿ ਉਨ੍ਹਾਂ ਲੋਕਾਂ ਦਾ ਇੱਕ ਸਮੂਹ ਹੈ, ਜੋ ਹੋਰ ਕੁਝ ਨਹੀਂ ਬਲਕਿ ਨਾਸਤਕ ਹਨ ਜਿਹੜੇ ਪ੍ਰਮੇਸ਼ੁਰ ਨੂੰ ਮੰਨਣ ਵਾਲੇ ਨਹੀਂ ਹਨ। ਇਹ ਇੱਕ ਤੰਤਰ ਹੈ। ਮੈਂ ਤੁਹਾਨੂੰ ਕੁਝ ਵਿਖਾਉਂਦਾ ਹਾਂ ਕਿ ਇਹ ਕਿੰਨਾ ਸੋਖਾ ਹੈ। ਕਿਉਂ, ਕੀ ਰੂਸ ਵਿੱਚ ਸਿਰਫ ਇੱਕ ਪ੍ਰਤੀਸ਼ਤ ਹੀ ਸਾਮਵਾਦੀ ਨਹੀਂ ਹਨ। ਉਨ੍ਹਾਂ ਨੂੰ ਇੱਕ ਸੰਦੇਸ਼ਵਾਹਕ ਦੀ ਲੋੜ ਹੈ। ਸਮਝੇ? ਉਨ੍ਹਾਂ ਵਿੱਚ ਇੱਕ ਪ੍ਰਤੀਸ਼ਤ ਹੀ ਸਾਮਵਾਦੀ ਹਨ ਬਾਕੀ ਨੜਿਨਵੇਂ ਪ੍ਰਤੀਸ਼ਤ ਹਾਲੇ ਵੀ ਇੱਕ ਤਰ੍ਹਾਂ ਮਸੀਹੀ ਹੀ ਹਨ । ਸਿਰਫ ਇੱਕ ਪ੍ਰਤੀਸ਼ਤ ਹੀ ਸਾਮਵਾਦੀ ਹਨ ਤਾਂ ਕਿਵੇਂ ਇੱਕ ਪ੍ਰਤੀਸ਼ਤ ਨੜ੍ਹਿਨਵੇਂ ਪ੍ਰਤੀਸ਼ਤ ਨੂੰ ਕੰਟਰੋਲ ਕਰ ਸੱਕਦਾ ਹੈ? ਇਹ ਹੀ ਗੱਲ ਤੁਹਾਡੀ ਸਮਝ ਵਿੱਚ ਆਉਣੀ ਚਾਹੀਦੀ ਹੈ। ਅਗਰ ਪਰਮੇਸ਼ੁਰ ਨੇ ਹੀ ਇਸਦੀ ਇਜਾਜਤ ਨਾ ਦਿੱਤੀ ਹੁੰਦੀ ਤਾਂ ਉਹ ਇਸਨੂੰ ਪਹਿਲਾਂ ਹੀ ਖਤਮ ਕਰ ਚੁੱਕੇ ਹੁੰਦੇ । ਸਮਝੇ? ਬਿਲਕੁੱਲ ਇਸ ਤਰ੍ਹਾਂ ਹੋ ਚੁੱਕਾ ਹੁੰਦਾ।

### 45. ਭਾਈ ਬ੍ਰਾਨਹਾਮ, ਤੁਸੀਂ ਕਿਹਾ ਸੀ ਕਿ ਆਖਰੀ ਸਾਢੇ ਤਿੰਨ ਸਾਲਾਂ ਵਿੱਚ ਰੋਮ ਯਹੂਦੀ ਸਰਕਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਵੇਗਾ । ਕੀ ਇਹ ਕਸ਼ਟ ਕਾਲ ਤੋਂ ਪਹਿਲੇ ਸਾਢੇ ਤਿੰਨ ਸਾਲਾਂ ਵਿੱਚ ਹੋਵੇਗਾ ਜਾਂ ਇਹ ਆਖਰੀ ਸਾਢੇ ਤਿੰਨ ਸਾਲਾਂ ਵਿੱਚ ਹੋਵੇਗਾ? ਕੀ ਇਹ ਠੀਕ ਹੈ?

369 ਇਸ ਤਰ੍ਹਾਂ ਆਖਰੀ ਸਾਢੇ ਤਿੰਨ ਸਾਲਾਂ ਦਰਮਿਆਨ ਹੋਵੇਗਾ। ਇਹ ਠੀਕ ਹੈ। ਇਹ ਪਹਿਲੇ ਸਾਢੇ ਤਿੰਨ ਸਾਲਾਂ ਵਿੱਚ ਨਹੀਂ ਹੋਵੇਗਾ ਕਿਉਂਕਿ ਉਹ ਤਾਂ ਪਹਿਲਾਂ ਹੀ ਗੁਜ਼ਰ ਚੁੱਕੇ ਹਨ। (ਇਸ ਤੋਂ ਬਾਦ ਇੱਕ ਹੋਰ ਪ੍ਰਸ਼ਨ ਮੇਰੇ ਕੋਲ ਹੈ)

### 46. ਮੇਰੇ ਪਿਆਰੇ ਭਾਈ, ਕੀ ਮਲਾਕੀ 4:5 ਦਾ ਏਲੀਯਾਹ ਜੰਗਲਾਂ ਵਿੱਚ ਜਾਵੇਗਾ, ਜਿਵੇਂ ਕਿ ਰਾਜਿਆਂ ਦੀ ਪਹਿਲੀ ਪੋਥੀ 17 ਬਾਬ ਵਿੱਚ ਦੱਸਿਆ ਹੈ, ਕੀ ਹੋਰ ਦੂਸਰੇ ਏਲੀਯਾਹ ਜੰਗਲ ਵਿੱਚ ਗਏ ਸਨ?



ਆਉਣਾ ਹੈ ਤਾਂ ਕਿ ਇਹਨਾਂ ਗੱਲਾਂ ਨੰ ਪ੍ਰਗਟ ਕਰੇ। ਸਮਝੇ? ਕੀ ਤੁਸੀਂ ਇਹਨੂੰ ਸਮਝ ਰਹੇ ਹੋ? [ਸਭਾ ਆਖਦੀ ਹੈ, "ਆਮੀਨ। "-ਸੰਪਾ] ਠੀਕ ਹੈ । ਹੁਣ ਧਿਆਨ ਦਿਓ ਕਿ ਕਿਵੇਂ ਉਹਨਾਂ ਮੋਹਰਾਂ ਵਿੱਚੋਂ ਹਰ ਇੱਕ ਮੋਹਰ ......

68 ਇਸ ਤੋਂ ਬਾਦ ਉਸ ਤੇ ਆਇਆ ਅਤੇ ਅਸੀਂ ਤਿੰਨਾਂ ਪ੍ਰਸ਼ਨਾਂ ਦਾ ਖੁਲਾਸਾ ਕੀਤਾ ਜੋ ਮਸੀਹ ਕੋਲੋਂ ਪੁੱਛੇ ਗਏ ਸਨ ਕਿ, "ਇਹ ਗੱਲਾਂ ਕਦ ਹੋਣਗੀਆਂ ਕਿ ਪੱਥਰ ਤੇ ਪੱਥਰ ਨਹੀਂ ਛੱਡਿਆ ਜਾਵੇਗਾ?" ਸੰਸਾਰ ਦਾ ਇਹ ਧਾਰਮਿਕ ਕੇਂਦਰ ਕਦੋਂ ਕਬਜ਼ੇ ਵਿੱਚ ਲੈ ਲਿਆ ਜਾਵੇਗਾ ਅਤੇ ਇੱਕ ਦੂਸਰਾ ਕੇਂਦਰ ਸਥਾਪਤ ਕੀਤਾ ਜਾਵੇਗਾ? ਸਮਝੇ? "ਇਹ ਮਸੀਹ ਵਿਰੋਧੀ ਦੀ ਸਵਾਰੀ ਕਦ ਹੋਵੇਗੀ?" ਸਮਝੇ? ਅਤੇ ਇਹਦਾ ਸਾਹਮਣਾ ਕਰਨ ਲਈ ਕੌਣ ਬਾਹਰ ਜਾਂਦਾ ਹੈ? ਵਚਨ ; ਪ੍ਰਮੇਸ਼ੁਰ ਦਾ ਸੱਚਾ ਵਚਨ ਹੀ ਗਲਤ ਵਚਨ ਦਾ ਸਾਹਮਣਾ ਕਰਨ ਲਈ ਨਿੱਕਲਦਾ ਹੈ।

69 ਇਸ ਤੋਂ ਬਾਦ ਇਹ ਰਾਜ ਨੀਤੀਆਂ ਅਤੇ ਹੋਰ ਸੱਭ ਕਾਸੇ ਵਿੱਚ ਸਥਾਪਤ ਹੋ ਜਾਂਦਾ ਹੈ ਅਤੇ ਤਦ ਵਹਿੜਕਾ, ਮਿਹਨਤ ਉਸਦਾ ਮੁਕਾਬਲਾ ਕਰਨ ਲਈ ਅੱਗੇ ਆਉਂਦਾ ਹੈ। ਸਮਝੇ? ਇਹ ਬਿਲਕੁੱਲ ਦੂਜੀ ਮੋਹਰ ਸੀ। ਅਤੇ ਮੱਤੀ 24 ਵਿੱਚ ਯਿਸੂ ਨੇ ਇਸ ਤਰ੍ਹਾਂ ਕਿਹਾ ਸੀ। ਸਮਝੇ? ਅਤੇ ਫਿਰ ਇਸ ਤੋਂ ਬਾਦ ਅਸੀਂ ਸੁਧਾਰਕਾਂ ਦੀ ਚਤੁਰਾਈ ਤੇ ਆਏ ਸੀ, ਅਤੇ ਮਨੁੱਖ ਵਰਗਾ ਜੰਤੂ ਉਸਦਾ ਮੁਕਾਬਲਾ ਕਰਨ ਲਈ ਗਿਆ ਸੀ। ਇਹ ਹੀ ਹੋਇਆ ਸੀ। ਇਸ ਤੋਂ ਬਾਦ ਅਸੀਂ ਅਗਲੀ ਮੋਹਰ ਜਾਂ ਚੋਥੀ ਮੋਹਰ ਤੇ ਆਏ ਸਾਂ ਅਤੇ ਤਦ ਮਸੀਹ ਵਿਰੋਧੀ ਜੱਥੇਬੰਦੀਆਂ ਵਿੱਚ ਬਦਲ ਗਿਆ ਸੀ ਅਤੇ ਉਸਦਾ ਇੱਕ ਨਾਮ ਸੀ ਜੋ ਕਿ ਮੌਤ ਸਦਾਉਂਦਾ ਸੀ।

70 ਹੁਣ, ਧਿਆਨ ਦਿਓ ਯਿਸੂ ਨੇ ਕੀ ਕਿਹਾ ਸੀ : "ਅਤੇ ਉਹ ਉਹਨੂੰ ਅੱਗ ਵਿੱਚ ਸੁੱਟ ਦੇਵੇਗਾ ਅਤੇ ਉਸਦੇ ਬਾਲਕਾਂ ਨੂੰ ਮਾਰ ਦੇਵੇਗਾ। " ਇਹ ਮੌਤ ਹੈ ਜਿਹੜੀ ਘੋੜੇ ਤੇ ਸਵਾਰ ਹੋ ਕੇ ਅਗਾਂਹ ਵੱਧ ਰਹੀ ਹੈ। ਇਹ ਪ੍ਰੋਟੈਸਟੈਂਟ ਅਤੇ ਕੈਥੋਲਿਕ ਦੋਨੋਂ ਹੀ ਹਨ ਜਿਹਨਾਂ ਵਿੱਚੋਂ ਹਰੇਕ ਤੇ ਮੌਤ ਦੀ ਮੋਹਰ ਹੈ। ਸਮਝੇ? "ਉਸਦਾ ਅਤੇ ਉਸਦੇ ਬੱਚਿਆਂ ਦਾ ਨਾਸ਼ ਕੀਤਾ ਜਾਵੇਗਾ। " ਇਸ ਲਈ ਜੇ ਤੁਸੀਂ ਆਪਣੀ ਜੱਥੇਬੰਦੀ ਤੇ ਨਿਰਭਰ ਹੋ ਰਹੇ ਹੋ ਤਾਂ ਇਹੋ ਹੀ ਠੀਕ ਹੋਵੇਗਾ ਕਿ ਤੁਸੀਂ ਹੁਣੇ ਹੀ ਉਸ ਤੋਂ ਦੂਰ ਹੋ ਜਾਓ।

71 ਅਤੇ ਇਸ ਤੋਂ ਬਾਦ ਜਦ ਸੱਤਵੀਂ ਮੋਹਰ ਦੀ ਗੱਲ ਆਉਂਦੀ ਹੈ ਤਾਂ ਯਿਸੂ ਠੀਕ ਉੱਥੇ ਰੁਕ ਗਿਆ ਸੀ। ਉਸਨੇ ਛੇਵੀਂ ਮੋਹਰ ਇਹ ਕਹਿ ਕੇ ਖੋਲ੍ਹੀ ਕਿ, "ਚੰਦ ਲਹੂ ਵਰਗਾ ਕਾਲਾ ਹੋ ਜਾਵੇਗਾ ਅਤੇ ਹਨੇਰਾ ਅਤੇ ਸੱਭ ਕੁਝ ਹੋ ਗਿਆ। " ਇਹ ਗੱਲਾਂ ਹੋਣਗੀਆਂ। ਅਸੀਂ ਠੀਕ ਇੱਥੇ ਤੱਕ ਆਏ ਅਤੇ ਛੇਵੀਂ ਮੋਹਰ ਖੋਲ੍ਹੀ। ਛੇਵੀਂ ਮੋਹਰ ਖੋਲ੍ਹਣ ਤੋਂ ਬਾਦ ਅਸੀਂ ਪਿੱਛੇ ਨੂੰ ਗਏ ਅਤੇ ਬਿਲਕੁੱਲ ਇਸੇ ਗੱਲ ਨੂੰ ਵਿਖਾਇਆ।

72 ਅਸੀਂ ਇਸ ਤਰ੍ਹਾਂ ਕੀਤਾ ਸੀ ਕਿ ਵਚਨ ਵਿੱਚੋਂ ਤਿੰਨ ਵੱਖ-ਵੱਖ ਜਗ੍ਹਾ ਤੋਂ ਲਿਖਤਾਂ ਲਈਆਂ ਅਤੇ ਪ੍ਰਕਾਸ਼ਨ ਦੇ ਨਾਲ ਉਹਨਾਂ ਨੂੰ ਇੱਕ ਦੂਸਰੇ ਦੇ ਨਾਲ ਜੋੜਿਆ ਸੀ। ਸਮਝੇ?ਧਿਆਨ ਦਿਓ। ਉਹ ਥਾਂ ਜਿਹਦੇ ਲਈ ਯਿਸੂ ਨੇ ਇਸ ਤਰ੍ਹਾਂ ਕਿਹਾ ਸੀ ਉਹ ਥਾਂ ਜਦੋਂ ਉਸਨੇ ਪੋਥੀ ਖੋਲ੍ਹੀ ਤਾਂ ਇਹ ਜਗਤ ਦੀ ਉਤਪਤੀ ਤੋਂ ਹੀ ਗੁਪਤ ਸੀ ਅਤੇ ਫਿਰ ਇੱਥੇ ਇਸ ਦਿਨ ਦਾ ਪ੍ਰਕਾਸ਼ ਇਹਨੂੰ ਠੀਕ

ਢੰਗ ਦੇ ਨਾਲ ਰੱਖ ਰਿਹਾ ਹੈ ਅਤੇ ਉਹਨਾਂ ਤਿੰਨਾਂ ਨੂੰ ਇੱਕ ਜਗ੍ਹਾ ਬੰਨ੍ਹ ਰਿਹਾ ਹੈ। ਅਤੇ ਤਿੰਨ ਗਵਾਹੀ ਹੈ। ਇਸ ਲਈ ਇਹ ਸੱਚ ਹੈ। ਇਹ ਸੰਪੂਰਣ ਸੱਚਾਈ ਹੈ।

73 ਹੁਣ ਇਹ ਕੁਆਰੀਆਂ ਜਿਹੜੀਆਂ ਇੱਥੇ ਆਉਂਦੀਆਂ ਹਨ, ਇਹ ਉਹ ਹਨ ਜਿਹੜੀਆਂ ਸੁੱਤੀਆਂ ਹੋਈਆਂ ਹਨ ਅਤੇ ਫਿਰ ਉਸ ਝੁੰਢ ਦੀ ਸੰਪੂਰਣ ਦੇਹ ਇਕੱਠੀ ਹੀ ਬਣਦੀ ਹੈ, ਉਹ ਬਣਨ ਜਾਂਦੀ ਹੈ (ਸਮਝੇ?)...ਬਣਨ ਲਈ ਚਤੁਰ ਕੁਆਰੀਆਂ। ਅਤੇ ਮੂਰਖ ਕੁਆਰੀਆਂ ਉਹ ਹਨ ਜੋ ਪਹਿਲੇ ਸਮੇਂ ਵਿੱਚ ਉਸ ਵੇਲੇ ਸ਼ੁਰੂ ਹੋਈਆਂ ਜਦੋਂ ਚਤੁਰ ਕੁਆਰੀਆਂ ਸ਼ੁਰੂ ਹੋਈਆਂ ਸਨ -ਜਦੋਂ ਮਸੀਹ ਵਿਰੋਧੀ ਸ਼ੁਰੂ ਹੋਇਆ ਸੀ। ਅਤੇ ਇਹ ਮੂਰਖ ਕੁਆਰੀਆਂ ਹੀ ਹਨ ਜਿਹੜੀਆਂ ਤੇਲ ਮੁੱਲ ਲੈਣ ਦੀ ਕੋਸ਼ਿਸ਼ ਕਰਦੀਆਂ ਹਨ।

74 ਹੁਣ, ਇੱਥੇ ਧਿਆਨ ਦਿਓ। ਤੁਸੀਂ ਵੇਖੋ ਕਿ ਜਿੱਥੇ ਕਿਤੇ ਵੀ ਤੁਸੀਂ ਜਾਓ ਇਹ ਗੱਲ ਕਿੰਨੀ ਸਿੱਧ ਹੈ। ਜੇ ਮੈਂ ਇੱਥੇ ਖੜਾ ਹੋ ਕੇ ਉਹਨਾਂ ਗੱਲਾਂ ਨੂੰ ਦੱਸਦਾ ਹਾਂ ਜੋ ਉਸ ਕਮਰੇ ਵਿੱਚ ਪ੍ਰਗਟ ਹੋਈਆਂ ਸਨ ਤਾਂ ਮੈਂ ਤੁਹਾਨੂੰ ਦੱਸਦਾ ਹੈ ਕਿ ਤੁਹਾਡਾ ਸਿਰ ਹੀ ਚਕਰਾ ਜਾਵੇਗਾ। ਪ੍ਰੰਤੂ ਤੁਸੀਂ ਇਸ ਤਰ੍ਹਾਂ ਕਿਵੇਂ ਕਰਨ ਜਾ ਰਹੇ ਹੋ ਜਦਕਿ ਤੁਹਾਨੂੰ ਇੱਥੇ ਸੰਪੂਰਣ ਗੱਲ ਪ੍ਰਾਪਤ ਹੁੰਦੀ ਹੈ।

75 ਅਤੇ ਫਿਰ ਜਦੋਂ ਤੁਸੀਂ ਲੋਕਾਂ ਤੋਂ ਦੂਰ ਹੋ ਜਾਂਦੇ ਹੋ ਤਾਂ ਫਿਰ ਕਿਵੇਂ ਨਾ ਕਿਵੇਂ ਦੂਜੀ ਗੱਲ ਇਹ ਹੁੰਦੀ ਹੈ ਕਿ ਇਹ ਭੇਤਾਂ ਨੂੰ ਖੋਲ੍ਹਣਾ ਸ਼ੁਰੂ ਕਰਦਾ ਹੈ ਅਤੇ ਫਿਰ ਤੁਸੀਂ ਉਹਨਾਂ ਗੱਲਾਂ ਨੂੰ ਵੇਖਦੇ ਹੋ ਜਿਹੜੀਆਂ ਗੱਲਾਂ ਤੁਸੀਂ ਲੋਕਾਂ ਨੂੰ ਦੱਸਣ ਤੱਕ ਦੀ ਹਿੰਮਤ ਨਹੀਂ ਕਰ ਸੱਕਦੇ ਹੋ। ਕਿਉਂਕਿ ਤੁਸੀਂ ਵੇਖਦੇ ਹੋ ਕਿ ਜੇ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਉਹ ਛੋਟੇ-ਛੋਟੇ ਧਰਮ ਸ਼ੁਰੂ ਕਰ ਦੇਣਗੇ।

76 ਅਤੇ ਫਿਰ ਆਓ ਅਸੀਂ ਇਹ ਵੇਖੀਏ ਕਿ ਸ਼ਿਫਾ ਦੇ ਇਸ ਛੋਟੇ ਜਿਹੇ ਵਰਦਾਨ ਨੇ ਕੀ ਕੀਤਾ ਹੈ, ਇਹ ਕਿਵੇਂ ਕਲੀਸਿਯਾ ਵਿੱਚ ਗੜਬੜ ਕਰਦਾ ਹੈ। ਹਰ ਇੱਕ ਕੋਲ ਜਜ਼ਬਾਤ ਹੁੰਦੇ ਹਨ, ਹਰੇਕ ਨੂੰ ਇਹ ਹੁੰਦਾ ਹੈ । ਪ੍ਰਮੇਸ਼ੁਰ ਜਾਣਦਾ ਹੈ ਕਿ ਇਹ ਸੱਚਾਈ ਹੈ, ਮੈਂ ਆਪਣੇ ਹਿਰਦੇ ਵਿੱਚ ਇਹ ਜਾਣਦਾ ਸੀ ਕਿ ਇਹ ਠੀਕ ਨਹੀਂ ਹੈ ਕਿਉਂਕਿ ਉਸਨੇ ਹੀ ਮੈਨੂੰ ਦੱਸਿਆ ਸੀ। ਸਮਝੇ?ਇਹ ਲੋਕਾਂ ਨੂੰ ਭਟਕਾਉਣ ਲਈ ਇੱਕ ਝੂਠੀ ਨਕਲ ਹੈ। ਹੁਣ, ਇਹ ਸੱਚ ਹੈ। ਹੁਣ, ਇਹ ਸੱਚਾਈ ਹੈ।

77 ਅਤੇ ਕੀ ਤੁਹਾਨੂੰ ਤੀਜੀ ਖਿੱਚ ਯਾਦ ਹੈ?ਉਸਨੇ ਕਿਹਾ ਸੀ, "ਇਹ ਕਿਸੇ ਨੂੰ ਨਾ ਦੱਸੀਂ। " ਮੈਂ ਕੀ ਕਿਹਾ ਸੀ ਕਿ ਉਹ ਕੀ ਹੈ? ਕਿੰਨਿਆਂ ਨੂੰ ਇਹ ਗੱਲ ਯਾਦ ਹੈ?ਬਿਲਕੁੱਲ ਤੁਹਾਨੂੰ ਯਾਦ ਹੈ। ਕੀ ਤੁਹਾਨੂੰ ਚੇਤਾ ਹੈ ਕਿ ਮੈਂ ਦਰਸ਼ਨ ਵਿੱਚ ਉੱਥੇ ਖੜਾ ਸੀ ਅਤੇ ਇੱਕ ਮੋਟੀ ਡੋਰੀ ਨੂੰ ਛੋਟੇ ਜਿਹੇ ਜੁੱਤੇ ਵਿੱਚ ਦੀ ਲੰਘਾਉਣ ਦਾ ਯਤਨ ਕਰ ਰਿਹਾ ਸੀ? ਉਹਨੇ ਕਿਹਾ, "ਤੂੰ ਪੈਂਟੀਕਾਸਟਲ ਬੱਚਿਆਂ ਨੂੰ ਅਲੌਕਿਕ ਗੱਲਾਂ ਨਹੀਂ ਸਿਖਾ ਸੱਕਦਾ ਹੈਂ। "

78 ਮੈਂ ਕਿਹਾ ਸੀ, " ਇਹ ਤੀਸਰੀ ਖਿੱਚ ਹੋਵੇਗੀ ਅਤੇ ਇਹ ਦੱਸੀ ਨਾ ਜਾਵੇਗੀ, " ਪ੍ਰਮੇਸ਼ੁਰ ਦੀ ਕਿਰਪਾ ਦੁਆਰਾ ਇਹਨੇ ਮੇਰੀ ਬੜੀ ਸਹਾਇਤਾ ਕੀਤੀ ਹੈ। " ਹੁਣ ਅਸੀਂ ਠੀਕ ਅੰਤ ਦੇ ਸਮੇਂ ਤੇ ਆ ਪਹੁੰਚੇ ਹਾਂ। ਇਸ ਤਰ੍ਹਾਂ ਹੋਣ ਵਿੱਚ ਬਹੁਤ ਜਿਆਦਾ ਦੇਰ ਨਹੀਂ ਲੱਗੇਗੀ ਕਿ ਕਿਰਪਾ ਦੀ ਥਾਂ ਨਿਆਂ ਦੀ ਥਾਂ ਬਣ ਜਾਵੇਗੀ। ਜੇ ਤੁਸੀਂ ਪਹਿਲਾਂ ਹੀ ਅੰਦਰ ਨਹੀਂ ਹੋ ਤਾਂ ਜਦ ਕਿ ਤੁਸੀਂ ਇਨ੍ਹਾਂ ਗੱਲਾਂ ਨੂੰ ਅੰਦਰ ਆਉਂਦੇ ਹੋਏ ਅਤੇ ਇਹਨਾਂ ਲੋਕਾਂ ਨੂੰ ਅੰਦਰ ਆਉਂਦੇ ਹੋਏ ਵੇਖਦੇ ਹੋ ਤਾਂ ਤੁਹਾਡੇ ਲਈ ਇਹ ਹੀ ਚੰਗਾ ਹੋਵੇਗਾ ਕਿ ਤੁਸੀਂ ਵੀ ਅੰਦਰ ਆ ਜਾਓ। ਸਮਝੇ?



364 ਮੈਂ ਕਿਹਾ, " ਸ਼੍ਰੀਮਾਨ ਜੀ ਤੁਸੀਂ ਮੈਨੂੰ ਕੁਝ ਬੇਚੈਨ ਜਿਹਾ ਕਰ ਦਿੱਤਾ ਹੈ । ਮੈਂ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਹਾਂ । ਆਓ ਅਸੀਂ ਅੰਦਰ ਚਲੀਏ ਅਤੇ ਬੈਠੀਏ । ਹੋ ਸੱਕਦਾ ਹੈ ਕਿ ਅਸੀਂ ਇਸਤੇ ਗੱਲ ਕਰੀ ਸਕੀਏ। " ਅਸੀਂ ਇਸਤੇ ਗੱਲ ਬਾਤ ਕੀਤੀ। ਸਮਝੇ?

365 ਕਦੇ ਨਹੀਂ -ਕਦੇ ਨਹੀਂ, ਤੁਸੀਂ ਵੇਖੋ, ਮਿੱਤਰੋ, ਤੁਸੀਂ ਕਦੇ ਵੀ ਕਿਸੇ ਸੇਵਕਾਈ ਦੀ ਇੱਛਾ ਨਾ ਰੱਖੋ। ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ। ਸਮਝੇ? ਤੁਸੀਂ ਤਾਂ ਬਸ ਉਸੇ ਤੇ ਹੀ ਖੁਸ਼ ਰਹੋ ਜਿੱਥੇ ਤੁਸੀਂ ਹੋ। ਤੁਸੀਂ-ਤੁਸੀਂ ਬੱਸ ਉਸੇ ਤਰ੍ਹਾਂ ਹੀ ਚੱਲਦੇ ਰਹੋ।

**43. ਲਾੜੀ ਦੇ ਸੁਰਗ ਤੇ ਉਠਾਏ ਜਾਣ ਤੋਂ ਬਾਦ ਕਲੀਸਿਯਾ ਕਦੋਂ ਕਸ਼ਟ ਕਾਲ ਦੇ ਸਮੇਂ ਵਿੱਚ ਦੀ ਲੰਘਦੀ ਹੈ ਅਤੇ ਕਦੋਂ ਨਿਆਂ ਲਈ ਖੜ੍ਹੀ ਹੁੰਦੀ ਹੈ?** (ਇਹ ਨਿਆਂ ਵਿੱਚ ਖੜ੍ਹੀ ਨਹੀਂ ਹੁੰਦੀ ਹੈ .....) **ਕੀ ਇਹ ਹਜਾਰ ਸਾਲ ਦੇ ਰਾਜ ਤੋਂ ਪਹਿਲਾਂ ਜਾਂ ਹਜਾਰ ਸਾਲ ਦੇ ਰਾਜ ਤੋਂ ਬਾਦ ਵਿੱਚ ਹੁੰਦਾ ਹੈ?** (ਕਲੀਸਿਯਾ ਲਈ .....ਔਹ, ਮੈਨੂੰ ਮਾਫ ਕਰਨਾ ਜਿਹਨੇ ਵੀ ਇਹ ਲਿਖਿਆ ਹੈ ਮੈਨੂੰ ਮਾਫ ਕਰਨਾ।) **ਲਾੜੀ ਦੇ ਸੁਰਗ ਤੇ ਉਠਾਏ ਜਾਣ ਤੋਂ ਬਾਦ ਕਲੀਸਿਯਾ ਕਦੋਂ ਕਸ਼ਟ ਕਾਲ ਦੇ ਸਮੇਂ ਵਿੱਚ ਦੀ ਲੰਘਦੀ ਹੈ ਅਤੇ ਕਦੋਂ ਨਿਆਂ ਲਈ ਖੜ੍ਹੀ ਹੁੰਦੀ ਹੈ? ਕੀ ਇਹ ਹਜਾਰ ਸਾਲ ਦੇ ਰਾਜ ਤੋਂ ਪਹਿਲਾਂ ਜਾਂ ਹਜਾਰ ਸਾਲ ਦੇ ਰਾਜ ਤੋਂ ਬਾਦ ਵਿੱਚ ਹੁੰਦਾ ਹੈ?**

366 ਇਹ ਹਜਾਰ ਸਾਲ ਦੇ ਰਾਜ ਤੋਂ ਬਾਦ ਹੁੰਦਾ ਹੈ, ਬਾਕੀ ਦੇ ਮੁਰਦੇ ਹਜਾਰ ਵਰ੍ਹੇ ਤੱਕ ਜੀ ਨਾ ਉੱਠੇ, " ਉਹ ਲਾੜੀ ਦੇ ਨਾਲ ਨਹੀਂ ਗਏ ਸਨ। ਆਓ ਅਸੀਂ ਹੁਣ ਅਗਲਾ ਪ੍ਰਸ਼ਨ ਵੇਖੀਏ।

**44. ਤੁਸੀਂ ਬਹੁਤ ਵਾਰ ਆਖਿਆ ਹੈ ਕਿ ਸਾਮਵਾਦ ਨੂੰ ਪਰਮੇਸ਼ੁਰ ਨੇ ਨਬੂਕਦਨੱਸਰ ਵਾਂਗੂੰ ਆਪਣਾ ਮਕਸਦ ਪੂਰਾ ਕਰਨ ਲਈ ਖੜਾ ਕੀਤਾ ਹੈ । ਹੁਣ ਸਾਮਵਾਦ ਉਸ ਤਸਵੀਰ ਵਿੱਚ ਕਿੱਥੇ ਫਿੱਟ ਹੁੰਦਾ ਹੈ ਜਿਹੜੀ ਹੋਵੇਗੀ ......ਇਹ ਅੰਤ ਵਿੱਚ .....ਇਹ ਅੰਤ ਵਿੱਚ ਕੀ ਕਰਦਾ ਹੈ? ਇਸਦਾ ਆਖੀਰ ਕੀ ਹੈ? ਬਾਈਬਲ ਦੇ ਬਹੁਤ ਸਾਰੇ ਵਿਦਵਾਨਾਂ ਦਾ ਇਹ ਵਿਸ਼ਵਾਸ਼ ਹੈ ਕਿ ਉੱਤਰ ਦੇ ਰਾਜ ਵਿੱਚੋਂ, ਜਿਵੇਂ ਕਿ ਲਿਖਤਾਂ ਵਿੱਚ ਦਿੱਤਾ ਗਿਆ ਹੈ, ਗੋਗ ਅਤੇ ਮਗੋਗ ਇਸਰਾਏਲ ਦੇ ਵਿਰੁੱਧ ਆਉਂਦੇ ਹਨ.....**(ਮੈਂ ਇਸਨੂੰ ਬਿਲਕੁੱਲ ਉਸੇ ਤਰ੍ਹਾਂ ਹੀ ਨਹੀਂ ਦੱਸ ਸਕਿਆਂ ਹਾਂ ਜਿਵੇਂ ਕਿ ਇਹ ਹੈ। ਜੀ ਹਾਂ, ਜੀ ਹਾਂ। ) **ਮੈਂ ਵਿਸ਼ਵਾਸ਼ ਕਰਦਾ ਹਾਂ ......ਮੈਂ ਤੁਹਾਡੀਆਂ ਕੁਝ ਟੇਪਾਂ ਲਈਆਂ ਹਨ ਜਿਨ੍ਹਾਂ ਵਿੱਚ ਤੁਸੀਂ ਕਿਹਾ ਹੈ ਕਿ ਅੰਤ ਦੇ ਦਿਨ ਵਿੱਚ ....ਸਾਮਵਾਦ**

ਮੈਂ ਕਿਹਾ, " ਜੀ ਨਹੀਂ, ਸ਼੍ਰੀਮਾਨ, ਮੈਂ ਨਹੀਂ ਜਾਣਦਾ ਹਾਂ। "

355 ਉਸਨੇ ਕਿਹਾ, " ਠੀਕ ਹੈ, ਪ੍ਰਮੇਸ਼ੁਰ ਦੀ ਮਹਿਮਾਂ ਹੋਵੇ। " "ਮੇਰੇ ਕੁਝ ਦੋਸਤ ਹਨ ਜਿਹਨੇ ਮੇਰੇ ਕੋਲ ਆ ਕੇ ਮੈਨੂੰ ਦੱਸਿਆ ਸੀ, "ਅਤੇ ਕਿਹਾ, "ਮੈਂ ਕਿਹਾ, ਮੈਂ ਕੰਮ ਕਰਨਾ ਬੰਦ ਕਰ ਦਿੱਤਾ ਹੈ। " ਜਦਕਿ ਉਸਨੇ ਹਾਲੇ ਵੀ ਕੰਮ ਕਰਨ ਦੇ ਕੱਪੜੇ ਪਹਿਨੇ ਹੋਏ ਸਨ। ਉਸਨੇ ਕਿਹਾ, "ਭਾਈ, ਮੈਂ ਤਾਂ ਹਜਾਰ ਸਾਲ ਦਾ ਰਾਜ ਚਾਹੁੰਦਾ ਹਾਂ। "

356 ਮੈਂ ਕਿਹਾ, " ਚੰਗਾ ਭਾਈ ਮੇਰਾ ਵਿਸ਼ਵਾਸ਼ ਹੈ ਕਿ ਤੁਸੀਂ ਕੁਝ ਗੜਬੜ ਵਿੱਚ ਹੋ, ਕੀ ਭਾਈ ਜੀ ਤੁਸੀਂ ਨਹੀਂ ਹੋ?"

357 ਲੱਗ ਭੱਗ ਉਸੇ ਸਮੇਂ ਉੱਥੇ ਇੱਕ ਕਾਰ ਆਈ -ਇੱਕ ਟੈਕਸੀ ਆਈ। ਇੱਕ ਛੋਟੀ ਔਰਤ ਉੱਥੇ ਆਈ ਅਤੇ ਉਸਨੇ ਕਿਹਾ, "ਇਸਨੂੰ ਰੋਕੋ। ਇਸਨੂੰ ਰੋਕੋ। ਹੁਣ ਤੁਸੀਂ ਮੇਰੇ ਪਤੀ ਲਈ ਦੁਆ ਕਰਨ ਜਾ ਰਹੇ ਹੋ । "

358 ਮੈਂ ਕਿਹਾ, "ਹਾਂ ਮੈਡਮ, ਇਸਦੇ ਬਾਰੇ ਵਿੱਚ ਕੀ ਹੈ? " ਉਸਨੇ ਕਿਹਾ, "ਚੰਗਾ, ਮੈਂ ਸਮਝਦੀ ਹਾਂ ਕਿ ਤੁਹਾਡੇ ਕੋਲੋਂ ਦੁਆ ਕਰਾਉਣ ਲਈ, ਮੁਲਾਕਾਤ ਕਰਨ ਨੂੰ ਇੱਕ ਮਹੀਨਾ ਇੰਤਜ਼ਾਰ ਕਰਨਾ ਪੈਂਦਾ ਹੈ। " ਅਤੇ ਮੈਂ ਕਿਹਾ, "ਕੀ?"

359 ਅਤੇ ਉਸਨੇ ਆਖਿਆ, " ਹਾਂ ਜੀ ਸ਼੍ਰੀਮਾਨ। ਪ੍ਰੰਤੂ ਮੈਂ ਹਿੰਮਤ ਹਾਰ ਚੁੱਕੀ ਹਾਂ । ਤੁਹਾਨੂੰ ਮੇਰੇ ਪਤੀ ਲਈ ਦੁਆ ਕਰਨੀ ਪਵੇਗੀ।

ਮੈਂ ਕਿਹਾ, "ਜਰੂਰ ਹੀ ਮੈਂ ਉਸਦੇ ਲਈ ਦੁਆ ਕਰਾਂਗਾ, ਉਹ ਕਿੱਥੇ ਹੈ? ਉਸਨੂੰ ਲੈ ਕੇ ਆਓ। "

360 ਇਹ ਵਿਅਕਤੀ ਇੱਥੇ ਖੜ੍ਹਾ ਵੇਖ ਰਿਹਾ ਸੀ। ਉਸਨੇ ਕਿਹਾ, " ਕੀ ਤੁਸੀਂ ਬਿਮਾਰਾਂ ਲਈ ਵੀ ਦੁਆ ਕਰਦੇ ਹੋ?"

ਮੈਂ ਕਿਹਾ, "ਜੀ ਹਾਂ, ਸ਼੍ਰੀਮਾਨ। "

361 ਉਸਨੇ ਕਿਹਾ, "ਤੁਸੀਂ ਆਪਣਾ ਨਾਮ ਕੀ ਦੱਸਿਆ ਸੀ, ਕੀ ਤੁਸੀਂ ਅਪਣਾ ਨਾਮ ਬ੍ਰਾਨਹਾਮ ਦੱਸਿਆ ਸੀ?" ਮੈਂ ਕਿਹਾ, ....." ਅਤੇ ਤੂੰ ਹਜ਼ਾਰ ਸਾਲ ਦੇ ਰਾਜ ਬਾਰੇ ਕੁਝ ਨਹੀਂ ਜਾਣਦਾ ਹੈਂ।"

362 ਮੈਂ ਕਿਹਾ, "ਚੰਗਾ, ਮੈਂ ....ਨਹੀਂ ਜਾਣਦਾ ਹਾਂ। ਮੈਂ ਇਹਨੂੰ ਨਹੀਂ ਸਮਝਦਾ ਹਾਂ। ਇਹ ਤਾਂ ਬਾਈਬਲ ਵਿੱਚ ਦਰਜ ਹੈ।"

363 ਉਸਨੇ ਕਿਹਾ, "ਨਹੀਂ ਇਹ ਤਾਂ ਇਸ ਵੇਲੇ ਚੱਲ ਰਿਹਾ ਹੈ। ਲੋਕ ਸੱਭ ਜਗ੍ਹਾ ਤੋਂ ਆ ਚੁੱਕੇ ਹਨ।"

ਮੈਂ ਕਿਹਾ, "ਇਹ ਕਿੱਥੇ ਚੱਲ ਰਿਹਾ ਹੈ?"

ਉਸਨੇ ਕਿਹਾ, " ਇਹ ਜੈਫਰਸਨਵਿਲੇ, ਇੰਡੀਆਨਾ ਵਿੱਚ ਇੱਕ ਪੁਲ ਦੇ ਹੇਠਾਂ ਚੱਲ ਰਿਹਾ ਹੈ। "



79 ਹੁਣ, ਸੁਰਗੀ ਥਾਵਾਂ ਵਿੱਚ ਇਕੱਠੇ ਹੋਣ ਦਾ ਮਤਲਬ ਅਨੰਦ ਮਨਾਉਣ ਤੋਂ ਵੀ ਕਿਤੇ ਵੱਧ ਕੇ ਹੈ। ਜੇ ਤੁਸੀਂ ਸੱਚਮੁੱਚ ਮਸੀਹ ਵਿੱਚ ਹੋ ਤਾਂ ਤੁਸੀਂ ਸੁਰਗੀ ਥਾਵਾਂ ਵਿੱਚ ਇਕੱਠੇ ਹੋ,ਇਹ ਬੜੀ ਭਿਆਨਕ ਗੱਲ ਹੈ।

80 ਪ੍ਰਭੂ ਦੇ ਉਸ ਦੂਤ --ਦੇ ਨਾਲ ਖੜੇ ਹੋਣਾ, ਤੁਸੀਂ ਸੋਚਦੇ ਹੋ ਕਿ ਤੁਸੀਂ ਅਨੰਦ ਦੇ ਨਾਲ ਚੀਕਾਂ ਮਾਰਦੇ ਅਤੇ ਚਿਲਾਉਂਦੇ ਹੋ । ਇਹ ਉਹ ਨਹੀਂ ਹੈ। ਇਹ ਤਾਂ ਇੰਨਾ ਡਰਾਉਣਾ ਹੈ ਕਿ ਤੁਸੀਂ ਮਰਨ ਤੀਕ ਪਹੁੰਚ ਜਾਂਦੇ ਹੋ। ਸਮਝੇ?ਇਸ ਲਈ ਤੁਸੀਂ ਵੇਖੋ ਕਿ ਅਨੰਦ ਹੋਣ ਵਿੱਚ ਅਤੇ ਨਾਚ ਕਰਨ ਵਿੱਚ ਅੰਤਰ ਹੈ ਜੋ ਕਿ ਠੀਕ ਹੈ। ਅਤੇ ਫਿਰ ਅਸੀਂ ਅਸਲੀ ਗੱਲ ਵੱਲ ਆ ਰਹੇ ਹਾਂ। ਵੇਖਿਆ, ਸਮਝੇ?ਇਹ ਬਹੁਤ ਹੀ ਡਰਾਵਨਾ ਹੈ। ਤੁਸੀਂ ਬਸ ਇਸ ਲਈ ਨਹੀਂ ਡਰਦੇ ਕਿ ਤੁਸੀਂ ਨਾਸ਼ ਹੋ ਪਰ ਅਸਲ ਵਿੱਚ ਦੂਤ ਦੀ ਹਜ਼ੂਰੀ ਅਤੇ ਖੁਦ ਪਵਿੱਤਰ ਆਤਮਾ ਉੱਥੇ ਤੁਹਾਡੇ ਸਾਮ੍ਹਣੇ ਖੜਾ ਹੁੰਦਾ ਹੈ, ਇਸੇ ਲਈ ਹੀ ਤੁਸੀਂ ਡਰ ਜਾਂਦੇ ਹੋ।

81 ਹੁਣ, ਉਹ ਤਾਂ ਲਾੜੀ ਦਾ ਭਾਗ ਹੋਣਗੀਆਂ; ਇਹ ਹੀ ਹੈ ਜੋ ਉਸਨੂੰ ਬਣਾਉਣ ਲਈ ਜਾਣਗੀਆਂ-ਉਹ ਜਿਹਜੜੇ ਸੁੱਤੇ ਹੋਏ ਹਨ ਉਸਨੂੰ ਬਣਾਉਣਗੇ। ਅਤੇ ਕੀ ਅਸੀਂ ਪੂਰੀ ਤਰ੍ਹਾਂ ਨਹੀਂ ਵੇਖ ਸੱਕਦੇ ਹਾਂ ......[ਟੇਪ ਰਿਕਾਰਡਿੰਗ ਵਿੱਚ ਗੜਬੜੀ ਆ ਜਾਂਦੀ ਹੈ-ਸੰਪਾ]ਹੁਣ ਅਸੀਂ ਦੁਆ ਕਰਦੇ ਹਾਂ ਕਿ ਇਹਨਾਂ ਰੁਮਾਲਾਂ ਦੇ ਦੁਆਰਾ ਤੂੰ ਲੋਕਾਂ ਨੂੰ ਚੰਗਾਈ ਦੇਵੇਂਗਾ, ਜਦਕਿ ਇਹ ਉਹਨਾਂ ਦੇ ਉੱਤੇ ਰੱਖੇ ਜਾਣਗੇ। ਅਸੀਂ ਇਹ ਦੁਆ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ।

## 2. ਕੀ ਪ੍ਰਚਾਰਕਾਂ ਨੂੰ ਲਗਾਤਾਰ ਪ੍ਰਚਾਰ ਜਾਰੀ ਰੱਖਣਾ ਚਾਹੀਦਾ ਹੈ?

82 ਇਸ ਸਮੇਂ ਅਸਲ ਵਿੱਚ ਉਨ੍ਹਾਂ ਨੂੰ ਆਪਣੇ ਸਾਰੇ ਸਾਧਨਾਂ ਦੇ ਨਾਲ ਪ੍ਰਚਾਰ ਵਿੱਚ ਲੱਗੇ ਰਹਿਣਾ ਚਾਹੀਦਾ ਹੈ। ਤੁਸੀਂ ਆਪਣੇ ਕਿਸੇ ਵੀ ਕੰਮ ਵਿੱਚ ਕੋਈ ਤਬਦੀਲੀ ਨਾ ਕਰੋ। ਜੇ ਪ੍ਰਭੂ ਯਿਸੂ ਇਸ ਸਵੇਰ ਆ ਰਿਹਾ ਹੈ ਤਾਂ ਉਹਨਾਂ ਨੂੰ ਅੱਜ ਇਸ ਤਰ੍ਹਾਂ ਪ੍ਰਚਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਇਹ ਅੱਜ ਤੋਂ ਦਸ ਸਾਲ ਬਾਦ ਹੋ ਰਿਹਾ ਹੋਵੇ ਪ੍ਰੰਤੂ ਉਹਨਾਂ ਨੂੰ ਜੀਵਨ ਇਸ ਤਰ੍ਹਾਂ ਬਤੀਤ ਕਰਨਾ ਚਾਹੀਦਾ ਹੈ ਕਿ ਮੰਨੋ ਇਹ ਇਸੇ ਵੇਲੇ ਹੀ ਹੋ ਰਿਹਾ ਹੈ।

83 ਪ੍ਰੰਤੂ ਹੁਣ ਤੁਸੀਂ ਸ਼ੱਕ ਕਰਨ ਵਾਲੇ ਨਾ ਬਣੋ। ਇਹ ਹੀ ਹੈ ਜਿਹਦੇ ਵਾਰੇ ਵਿੱਚ ਮੈਂ ਤੁਹਾਨੂੰ ਚੇਤਾਵਨੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਤੁਸੀਂ ਆਪਣੇ ਆਪ ਵਿੱਚ ਅਜੀਬ ਅਤੇ ਵਚਿੱਤਰ ਨਾ ਬਣੋ। ਤੁਸੀਂ ਕੁਝ ਨਾ ਬਦਲੋ। ਪ੍ਰੰਤੂ ਜੇ ਤੁਸੀਂ ਕੁਝ ਗਲਤ ਕਰ ਰਹੇ ਹੋ ਜਾਂ ਕੋਈ ਬੁਰਾ ਕੰਮ ਕਰ ਰਹੇ ਹੋ ਤਾਂ ਤੁਸੀਂ ਤੋਬਾ ਕਰਕੇ ਫਿਰ ਖੁਦਾ ਦੇ ਕੋਲ ਆ ਜਾਓ। ਤੁਸੀਂ ਆਪਣਾ ਪ੍ਰਚਾਰ ਉਸੇ ਤਰ੍ਹਾਂ ਹੀ ਕਰਦੇ ਰਹੋ ਜਿਵੇਂ ਤੁਸੀਂ ਹਮੇਸ਼ਾਂ ਕਰਦੇ ਸੀ।

84 ਜੇ ਤੁਸੀਂ ਘਰ ਉਸਾਰ ਰਹੇ ਹੋ ਤਾਂ ਤੁਸੀਂ ਉਸਦੀ ਉਸਾਰੀ ਕਰਦੇ ਰਹੋ। ਜੇ ਪ੍ਰਭੂ ਯਿਸੂ ਕੱਲ ਆਉਂਦਾ ਹੈ ਤਾਂ ਤੁਸੀਂ ਆਪਣੇ ਕੰਮ ਵਿੱਚ ਇਮਾਨਦਾਰ ਪਾਏ ਜਾਉਗੇ। ਜੇ ਤੁਸੀਂ ਕਿਸੇ ਗਿਰਜੇ ਦੀ ਉਸਾਰੀ ਕਰ ਰਹੇ ਹੋ ਤਾਂ ਤੁਸੀਂ ਉਸਦੀ ਉਸਾਰੀ ਕਰਦੇ ਜਾਓ। ਇਸਦੇ ਬਜਾਏ ਕਿ ਮੈਂ ਆਪਣੀ ਜੇਬ ਵਿੱਚ ਪੈਸਾ ਰੱਖਾਂ ਮੈਂ ਆਪਣੇ ਪੈਸੇ ਨੂੰ ਕਿਸੇ ਕੰਮ ਵਿੱਚ ਲਗਾ ਰਿਹਾ ਹੋਵਾਂਗਾ। ਸਮਝੇ?

85 ਇਸ ਲਈ ਤੁਸੀਂ ਜੋ ਵੀ ਹੋ ਤੁਸੀਂ ਆਪਣੇ ਕੰਮ ਨੂੰ ਕਰਦੇ ਰਹੋ। ਕੀ ਸਾਰੇ ਜਣੇ ਹੁਣ ਇਹਨੂੰ ਸਮਝ ਗਏ ਹਨ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]ਤੁਸੀਂ ਆਪਣਾ ਕੰਮ ਕਰਦੇ ਰਹੋ, ਤੁਸੀਂ ਜੋ ਵੀ ਹੋ ਤੁਸੀਂ ਆਪਣਾ ਕੰਮ ਕਰਦੇ ਰਹੋ। ਹੁਣ, ਤੁਸੀਂ ਰੁਕੋ ਨਾ। ਕੁਝ ਵੀ ਅਜਿਹਾ ਨਾ ਕਰੋ ਜੋ .....ਤੁਸੀਂ ਉਸੇ ਤਰ੍ਹਾਂ ਅੱਗੇ ਵੱਧਦੇ ਜਾਓ ਜਿਵੇਂ ਤੁਸੀਂ ਹੋ। ਤੁਸੀਂ ਪ੍ਰਭੂ ਦੀ ਸੇਵਕਾਈ ਕਰਨੀ ਜਾਰੀ ਰੱਖੀ।

86 ਹੁਣ ਉਦਾਹਰਨ ਲਈ ਵੇਖੋ, ਜੇ ਤੁਸੀਂ ਸੀ-ਜੇ ਤੁਸੀਂ ਕਿਸੇ ਆਦਮੀ ਲਈ ਕੰਮ ਕਰ ਰਹੇ ਹੋ ਅਤੇ ਤੁਸੀਂ ਇਹ ਜਾਣਦੇ ਹੋ ਕਿ ਸਮਾਂ ਖਤਮ ਹੋਣ ਵਿੱਚ ਪੰਦਰਾਂ ਮਿੰਟ ਬਾਕੀ ਹਨ, ਅਤੇ ਤੁਸੀਂ ਕਹਿੰਦੇ ਹੋ, "ਚੰਗਾ, ਔਹ, ਸਿਰਫ ਪੰਦਰਾਂ ਮਿੰਟ ਹੀ ਬਾਕੀ ਹਨ । ਇਸ ਲਈ ਚੰਗਾ ਇਹ ਹੀ ਹੈ ਕਿ ਮੈਂ ਉੱਪਰ ਜਾ ਕੇ ਬੈਠ ਜਾਵਾਂ। " ਇਸ ਤਰ੍ਹਾਂ ਕਰਨ ਨਾਲ ਤੁਸੀਂ ਉਸ ਪੰਦਰਾਂ ਮਿੰਟ ਦੀ ਮਜ਼ਦੂਰੀ ਤੋਂ ਰਹਿ ਜਾਓਗੇ।

87 ਜੇ ਤੁਸੀਂ ਕਣਕ ਬੀਜ ਰਹੇ ਹੋ ਤਾਂ ਤੁਸੀਂ ਕਣਕ ਬੀਜੋ। ਜੇ ਤੁਸੀਂ ਆਲੂ ਪੁੱਟ ਰਹੇ ਹੋ ਤਾਂ ਤੁਸੀਂ ਉਹਨਾਂ ਨੂੰ ਪੁੱਟਦੇ ਰਹੋ। ਤੁਸੀਂ ਕਹਿੰਦੇ ਹੋ, "ਅੱਛਾ, ਉਹਨਾਂ ਨੂੰ ਤਾਂ ਕੋਈ ਵੀ ਨਹੀਂ ਖਾਏਗਾ?" ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ ਹੈ। ਕਿਵੇਂ ਵੀ ਹੋਵੇ ਤੁਸੀਂ ਉਹਨਾਂ ਨੂੰ ਪੁੱਟੋ। ਸਮਝੇ?ਜੀ ਹਾਂ, ਤੁਸੀਂ ਜਿਸ ਤਰ੍ਹਾਂ ਹੋ ਉਸੇ ਤਰ੍ਹਾਂ ਹੀ ਕੰਮ ਕਰਦੇ ਰਹੋ।

88 ਕਿਸੇ ਦਿਨ ਮੈਨੂੰ ਕਿਸੇ ਦਾ ਪੱਤਰ ਆਇਆ ਸੀ। ਕਿਸੇ ਨੇ ਉਹਨਾਂ ਨੂੰ ਦੱਸਿਆ ਸੀ ਕਿ, "ਚੰਗਾ, ਸਮਾਂ ਬਹੁਤ ਨੇੜੇ ਹੈ। ਤੁਸੀਂ ਆਪਣੇ ਖੇਤ ਵੇਚ ਦਿਓ । ਹੁਣ ਤੁਹਾਨੂੰ ਉਸ ਭੋਜਨ ਦੀ ਲੋੜ ਨਹੀਂ ਹੋਵੇਗੀ ਜਿਹਦੇ ਦੁਆਰਾ ਤੁਸੀਂ ਜੀਉਂਦੇ ਰਹਿ ਰਹੇ ਹੋ -ਜਿਹੜਾ ਤੁਸੀਂ ਆਪਣੇ ਖੇਤਾਂ ਵਿੱਚ ਉਗਾ ਰਹੇ ਹੋ। ਕਿਉਂਕਿ ਹਜ਼ਾਰ ਸਾਲ ਦਾ ਰਾਜ ਸ਼ੁਰੂ ਹੋਣ ਜਾ ਰਿਹਾ ਹੈ ਅਤੇ ਤੁਹਾਨੂੰ ਇਹਦੀ ਲੋੜ ਨਹੀਂ ਹੋਵੇਗੀ। ਸੋ ਤੁਸੀਂ ਬਸ ਅੱਗੇ ਵਧੋ ....ਅਤੇ ਜਦੋਂ ਕਿ ਕਸ਼ਟ ਦਾ ਸਮਾਂ ਚੱਲ ਰਿਹਾ ਹੋਵੇਗਾ ਤੁਹਾਡੇ ਬੱਚੇ ਸੁਰੱਖਿਅਤ ਨਹੀਂ ਹੋਣਗੇ, ਇਸ ਲਈ ਤੁਸੀਂ ਬਸ ਉਹਨਾਂ ਨੂੰ .....ਬੱਚਿਆਂ ਦੇ ਕੋਲ ਉੱਥੇ ਖੇਤ ਹੋਣ ਜਿੱਥੇ ਉਹ ਉੱਥੋਂ ਭੋਜਨ ਖਾ ਸਕਣ ਪ੍ਰੰਤੂ ਤੁਸੀਂ ਆਪਣੇ ਸਾਰੇ ਖੇਤ ਵੇਚ ਦਿਓ।" ਅਤੇ-ਅਤੇ ਉਸਨੇ ਇਸੇ ਤਰ੍ਹਾਂ ਦੀਆਂ ਹੀ ਗੱਲਾਂ ਕਹੀਆਂ ਸਨ। ਅਤੇ ਔਹ,ਉਹਨਾਂ ਦੇ ਕੋਲ ਇਹ ਸੀ ........

89 ਮੈਂ ਕਿਹਾ, "ਹੇ ਪ੍ਰਮੇਸ਼ੁਰ !" ਜੇ ਮੈਨੂੰ ਇਹ ਪਤਾ ਹੁੰਦਾ ਕਿ ਉਹ ਕੱਲ ਆ ਰਿਹਾ ਹੈ ਅਤੇ ਮੈਂ ਇੱਕ ਕਿਸਾਨ ਹੁੰਦਾ ਤਾਂ ਮੈਂ ਅੱਜ ਅਪਣੀ ਫਸਲ ਉਗਾ ਰਿਹਾ ਹੁੰਦਾ। ਜੇ ਉਹਨੇ ਮੈਨੂੰ ਇੱਕ ਕਿਸਾਨ ਬਣਾਇਆ ਹੁੰਦਾ ਤਾਂ ਮੈਂ ਜਰੂਰ ਆਪਣੀ ਜਿੰਮੇਵਾਰੀ ਨਿਭਾਉਂਦਾ। ਇਹ ਠੀਕ ਗੱਲ ਹੈ। ਜੇ ਉਸਨੇ ਮੈਨੂੰ ਮਕੈਨਿਕ ਬਣਾਇਆ ਹੁੰਦਾ ; ਕਿਹਾ, "ਕੌਣ ਸੀ......"

90 ਕਿਸੇ ਦੂਜੇ ਦਿਨ ਕਿਸੇ ਨੇ ਕਿਹਾ ਸੀ, ਉਸਨੇ ਕਿਹਾ ਸੀ ....ਇੱਕ ਆਦਮੀਂ ਆਇਆ ਅਤੇ ਉਸਨੇ ਕਿਹਾ, "ਕਹੋ ਭਾਈ ਤੁਸੀਂ ਕੀ ਜਾਣਦੇ ਹੋ?" ਉਸਨੇ ਕਿਹਾ, "ਮੈਂ ਤੁਹਾਨੂੰ ਕੁੰਜ਼ੀਆਂ ਦਾ ਦੂਸਰਾ ਸੈਟ ਦੇਣ ਜਾ ਰਿਹਾ ਹਾਂ। ਮੈਂ ਇੱਕ ਨਵੀਂ ਕਾਰ ਖਰੀਦੀ ਹੈ। " ਉਹਨੇ ਕਿਹਾ, "ਮੈਂ ਤੈਨੂੰ ਕੁੰਜੀਆਂ ਦਾ ਦੂਜਾ ਸੈਟ ਦੇਣ ਜਾ ਰਿਹਾ ਹਾਂ ", ਉਸਦੇ ਪਾਦਰੀ ਨੇ ਉਸਨੂੰ ਇੰਝ ਕਰਨ ਲਈ ਕਿਹਾ ਸੀ। ਉਹਨੇ ਕਿਹਾ, "ਮੈਂ ਤੁਹਾਨੂੰ ਚਾਬੀਆਂ ਦਾ ਦੂਜਾ ਸੈਟ ਦੇਣ ਜਾ ਰਿਹਾ ਹਾਂ ਕਿਉਂਕਿ ਤੁਸੀਂ ਜਾਣਦੇ ਹੋ ਕਿ ਹੋ ਸੱਕਦਾ ਹੈ ਕਿ ਸੁਰਗ ਤੇ ਉਠਾਇਆ ਜਾਣਾ ਹੋ ਜਾਵੇ ਅਤੇ ਫਿਰ ਅਗਾਂਹ ਨੂੰ ਮੈਨੂੰ ਇਹਦੀ



350 ਵੇਖੋ, ਜਦ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਉਸ ਗੱਲ ਨੂੰ ਉਸ ਉਦੇਸ਼ ਤੋਂ ਹੀ ਲਾਂਭੇ ਕਰ ਦਿੰਦੇ ਹੋ ਜਿਹਦੇ ਲਈ ਉਸਨੂੰ ਠਹਿਰਾਇਆ ਗਿਆ ਹੈ। ਤੁਹਾਨੂੰ ਕੁਝ ਵੱਖਰੀ ਕਿਸਮ ਦੇ ਕੁਝ ਖਿਆਲ ਮਿਲਦੇ ਹਨ,ਅਤੇ ਤੁਹਾਨੂੰ ਉਨ੍ਹਾਂ ਗੱਲਾਂ ਦੇ ਬਾਰੇ ਵਿੱਚ ਵੀ ਕੁਝ ਵਿਚਾਰ ਮਿਲਦੇ ਹਨ। ਤੁਸੀਂ ਆਪਣੇ ਨਿੱਜ਼ੀ ਵਿਚਾਰ ਨਾ ਲਓ। ਜਦੋਂ ਤੁਸੀਂ ਬੈਠਦੇ ਹੋ ਅਤੇ ਉਸ ਤਰ੍ਹਾਂ ਦੀਆਂ ਗੱਲਾਂ ਨੂੰ ਸੁਣਦੇ ਹੋ ਤਾਂ ਤੁਸੀਂ ਕਹੋ, "ਪ੍ਰਭੂ ਤੇਰਾ ਧੰਨਵਾਦ ਹੋਵੇ। ਮੈਂ ਤੇਰੀ ਹੋਰ ਵੀ ਨੇੜਤਾ ਵਿੱਚ ਚੱਲਾਂਗਾ।" ਸਮਝੇ? "ਮੈਂ ਚੱਲਣ ਜਾ ਰਿਹਾ ਹਾਂ ....." ਤੁਸੀਂ ਆਪਣੇ ਕੰਮ ਧੰਦੇ ਕਰਨੇ ਬੰਦ ਨਾ ਕਰੋ ਅਤੇ ਇਹ ਨਾ ਕਹੋ, "ਮੈਂ ਸੱਭ ਕੁਝ ਵੇਚ ਦਿਆਂਗਾ। "

351 ਕਿਸੇ ਦੂਸਰੇ ਦਿਨ ਦੀ ਗੱਲ ਹੈ ਜਦੋਂ ਅਸੀਂ ਉੱਤਰੀ ਕੈਲੀਫੋਰਨੀਆਂ ਨੂੰ ਛੱਡ ਕੇ ਆ ਰਹੇ ਸੀ ਤਾਂ ਸਾਡੇ ਉੱਤਰੀ ਕੈਲੀਫੋਰਨੀਆਂ ਨੂੰ ਛੱਡਣ ਤੋਂ ਪਹਿਲਾਂ ਇੱਕ ਵਿਅਕਤੀ ਅੰਦਰ ਆਇਆ ਅਤੇ ਉਸਨੇ ਕਿਹਾ, "ਪ੍ਰਮੇਸ਼ੁਰ ਦੀ ਵਡਿਆਈ ਹੋਵੇ। " ਕੀ ਤੁਸੀਂ ਮੈਨੂੰ ਦੱਸ ਸੱਕਦੇ ਹੋ ਕਿ ਕਿੱਥੇ ਉਹ ਕੋਈ ਮਹਾਨ ਆਦਮੀ ਸੀ?"

ਅਤੇ ਮੈਂ ਕਿਹਾ, "ਨਹੀਂ। "

352 ਕਿਹਾ, "ਔਹ, ਹਾਂ ਸ਼੍ਰੀਮਾਨ ਜੀ, ਇਸ ਆਦਮੀ ਨੂੰ ਮਿਲਿਆ ਹੈ ....."ਇਹ ਆਦਮੀ ਆਡੀਓ ਮਿਸ਼ਨ ਦਾ ਮੁਖੀ ਹੈ। "

ਮੈਂ ਕਿਹਾ, "ਕੀ?"

ਉਸਨੇ ਕਿਹਾ, "ਆਟੋ ਮਿਸ਼ਨ । "

ਮੈਂ ਕਿਹਾ, "ਮੈਂ ਨਹੀਂ ਸਮਝਦਾ ਹਾਂ । "

ਅਤੇ ਉਸਨੇ ਕਿਹਾ, "ਇਹ ਆਦਮੀ ਮੁਖੀ ਹੈ। "

ਮੈਂ ਕਿਹਾ, "ਤੁਸੀਂ ਉਸਦਾ ਕੀ ਨਾਮ ਦੱਸਿਆ ਹੈ?"

353 ਉਸਨੇ ਆਖਿਆ, " ਮੇਰਾ ਵਿਸ਼ਵਾਸ਼ ਹੈ ਕਿ ਉਸਦਾ ਨਾਮ ਬ੍ਰਾਨਹਾਮ ਹੈ। " ਉਸਦਾ ਨਾਮ ਬਰਾਊਨ ਜਾਂ ਬ੍ਰਾਨਹਾਮ ਹੈ ਜਾਂ ਇਸੇ ਤਰ੍ਹਾਂ ਦਾ ਹੀ ਕੋਈ ਨਾਮ ਹੈ। "

ਮੈਂ ਕਿਹਾ, "ਚੰਗਾ, ਮੇਰਾ ਨਾਮ ਬ੍ਰਾਨਹਾਮ ਹੈ। "

ਉਸਨੇ ਕਿਹਾ, " ਕੀ ਤੁਸੀਂ ਆਡੀਓ ਮਿਸ਼ਨ ਦੇ ਮੁਖੀ ਹੋ ?"

ਮੈਂ ਕਿਹਾ, " ਨਹੀਂ ਜੀ, ਸ਼੍ਰੀਮਾਨ। "

ਉਸਨੇ ਕਿਹਾ, " ਚੰਗਾ, ਹਜ਼ਾਰ ਸਾਲ ਰਾਜ ਕਿੱਥੇ ਹੈ?"

ਮੈਂ ਕਿਹਾ, " ਮੈਂ ਨਹੀਂ ਜਾਣਦਾ ਹਾਂ । "

354 ਉਸਨੇ ਕਿਹਾ, "ਕਿਉਂ ਤੁਸੀਂ ਇੱਕ ਹੋ .....ਤੁਹਾਡਾ ਮਤਲਬ ਹੈ ਕਿ ਇਹ ਠੀਕ ਹੈ ਇੱਥੇ ਚੱਲ ਰਹੀ ਹੈ, ਅਤੇ ਤੁਸੀਂ ਇਸਨੂੰ ਨਹੀਂ ਜਾਣਦੇ ਹੋ ?"

ਜਾਤੀਆਂ ਦੇ ਇੱਕ ਰਾਜੇ ਨੇ ....ਇੱਕ ਪਵਿੱਤਰ ਮਨੁੱਖ ਦੀ ਮੂਰਤੀ ਨੂੰ ਕਬੂਲ ਕਰਨ ਅਤੇ ਉਸਦੀ ਭਗਤੀ ਬਲਪੂਰਵਕ ਕਰਾਉਣ ਦੇ ਰਾਹੀਂ ਕਲੀਸਿਯਾ ਅਤੇ ਰਾਜ ਨੂੰ ਮਿਲਾ ਕੇ ਇੱਕ ਕਰ ਦਿੱਤਾ। ਪਰਾਈਆਂ ਜਾਤੀਆਂ ਦਾ ਰਾਜ ਕੰਧ ਉੱਤੇ ਹੱਥ ਲਿਖਤ ਦੇ ਨਾਲ, ਉਸ ਰਾਜਨਿਤਕ ਸ਼ਕਤੀ ਦੇ ਦੁਆਰਾ ਜਿਸਨੇ ਰਾਜ ਅਤੇ ਕਲੀਸਿਯਾ ਦਾ ਏਕੀਕਰਨ ਕੀਤਾ ਸੀ, ਪੈਰਾਂ ਵਿੱਚ ਅੰਤ ਹੋਇਆ। (ਤੁਸੀਂ ਸਮਝੇ?) ਉਸ ਰਾਜਨਿਤਕ ਸ਼ਕਤੀ ਦੇ ਰਾਹੀਂ ਜਿਸਨੇ ਕਲੀਸਿਯਾ ਅਤੇ ਰਾਜ ਦਾ ਏਕੀਕਰਨ ਕੀਤਾ, ਫਿਰ ਮੂਰਤੀਆਂ ਨੂੰ ਚੁੰਮਣ ਲਈ -ਪਵਿੱਤਰ ਮਨੁੱਖ ਦੀ ਮੂਰਤੀ ਚੁੰਮਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ ਫਿਰ ਬਿਲਕੁੱਲ ਉਸੇ ਤਰ੍ਹਾਂ ਹੀ ਹੈ। ਬਿਲਕੁੱਲ ਇਸੇ ਤਰ੍ਹਾਂ ਹੀ ਹੈ।

## 40. ਭਾਈ ਬ੍ਰਾਨਹਾਮ, ਜਦੋਂ ਰੈਪਚਰ ਹੋਵੇਗਾ -ਜਦ ਸੁਰਗ ਤੇ ਉਠਾਏ ਜਾਣਾ ਹੋਵੇਗਾ ਤਾਂ ਕੀ ਉਹ ਛੋਟੇ ਬੱਚੇ ਰੈਪਚਰ ਵਿੱਚ ਉਠਾ ਲਏ ਜਾਣਗੇ ਜਿਹੜੇ ਭਲਾਈ ਜਾਂ ਬੁਰਾਈ ਨਹੀਂ ਜਾਣਦੇ ਹਨ?

ਜੇ ਉਨ੍ਹਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ ਤਾਂ ਉਹ ਜ਼ਰੂਰ ਉਠਾ ਲਏ ਜਾਣਗੇ। ਜੀ ਹਾਂ। ਇਹ ਸਹੀ ਹੈ। ਸਮਝੇ? ਠੀਕ ਹੈ।

## 41. ਭਾਈ ਬ੍ਰਾਨਹਾਮ, ਕੱਲ ਰਾਤ ਤੁਸੀਂ ਆਖਿਆ ਸੀ ਕਿ ....ਉਹ ਸੱਤ ਸੌ ਲੋਕ ਸਨ ਜਿਹੜੇ ਏਲੀਯਾਹ ਦੇ ਪ੍ਰਚਾਰ ਦੁਆਰਾ ਬਚੇ ਸਨ। ਕੀ ਤੁਹਾਡਾ ਮਤਲਬ ਸੱਤ ਹਜ਼ਾਰ ਤੋਂ ਸੀ?

348 ਜੀ ਹਾਂ, ਇਹ ਸੱਚ ਹੈ। ਮੈਨੂੰ ਇਹਦੇ ਲਈ ਮਾਫ ਕਰਨਾ । ਇਹ ਬਿਲਕੁੱਲ ਠੀਕ ਹੈ। ਸਮਝੇ?ਕਿ ਮੈਂ ਇਸ ਤਰ੍ਹਾਂ ਕਿਹਾ ਸੀ .......

## 42. ਭਾਈ ਬ੍ਰਾਨਹਾਮ, ਕੀ ਤੁਸੀਂ ਅਰਥ ਦੱਸੋਗੇ ......ਤੁਹਾਡੇ ਰਾਹੀਂ ਖੋਲ੍ਹਣ ਦੁਆਰਾ ......ਭਾਈ ਬ੍ਰਾਨਹਾਮ ਕੀ ਸਮਾਂ .....(ਹੁਣ ਇਹ ਤੁਸੀਂ ਨਹੀਂ ਹੋ ਜਿਹਨੇ ਇਸ ਤਰ੍ਹਾਂ ਲਿਖਿਆ ਹੈ। ਵੇਖੋ ਇਹ ਤਾਂ ਮੈਂ ਹਾਂ ਜਿਸਨੇ ਇਸਨੂੰ ਇਸ ਤਰ੍ਹਾਂ ਪੜ੍ਹਿਆ ਹੈ। )....ਕੀ ਤੁਹਾਡੇ ਦੁਆਰਾ ਸੱਤਵੀਂ ਮੋਹਰ ਖੋਲ੍ਹਣ ਤੋਂ ਬਾਦ ਕਿਰਪਾ ਦਾ ਸਮਾਂ ਖਤਮ ਹੋ ਜਾਵੇਗਾ?

349 ਮੈਂ ਉਮੀਦ ਕਰਦਾ ਹਾਂ ਕਿ ਇਸ ਤਰ੍ਹਾਂ ਨਹੀਂ ਹੈ। ਨਹੀਂ, ਨਹੀਂ, ਦੋਸਤੋ ਇਸ ਨੂੰ ਆਪਣੇ ਮਨ ਵਿੱਚ ਨਾ ਬਿਠਾਓ। ਤੁਸੀਂ ਬਸ ਆਪਣੇ ਕੰਮ ਧੰਦੇ ਕਰਦੇ ਰਹੋ। ਤੁਸੀਂ ਆਪਣੇ ਆਲੂ ਬੀਜੋ ਅਤੇ ਚਰਚ ਜਾਓ ਅਤੇ ਆਪਣੇ ਕੰਮ ਕਾਰ ਕਰਦੇ ਰਹੋ। ਜੇ ਇਹ ਇਸ ਸਵੇਰ ਹੁੰਦਾ ਹੈ ਤਾਂ ਤੁਸੀਂ ਬਿਲਕੁੱਲ ਆਪਣਾ ਕੰਮ ਕਰਦੇ ਜਾਓ ਜਿਹੜਾ ਤੁਹਾਨੂੰ ਕਰਨਾ ਚਾਹੀਦਾ ਹੈ। ਤੁਸੀਂ ਸ਼ੁਰੂ ਨਾ ਕਰ ਦਿਓ ......



ਕੋਈ ਲੋੜ ਨਹੀਂ ਹੋਵੇਗੀ। " ਪਾਸਟਰ ਸੁਰਗ ਤੇ ਉਠਾਏ ਜਾਣ ਤੋਂ ਰਹਿ ਜਾਣ ਵਾਲਾ ਸੀ। ਤੁਸੀਂ ਵੇਖਿਆ? ਸੋ ਉਹ ਤਿਆਰੀ ਸੀ, ਕੀ ਇਹ ਇੰਝ ਨਹੀਂ ਹੈ?

91 ਠੀਕ ਹੈ, ਪ੍ਰੰਤੂ ਇਹ ਇਸੇ ਤਰ੍ਹਾਂ ਹੈ--ਇਹ ਇਸ ਤਰ੍ਹਾਂ ਹੈ। ਵੇਖੋ, ਸਾਨੂੰ ਇਸ ਤਰ੍ਹਾਂ ਦੇ ਨਹੀਂ ਹੋਣਾ ਚਾਹੀਦਾ ਹੈ। ਵੇਖੋ, ਸਾਨੂੰ ਬੁੱਧੀਮਾਨ, ਮਜ਼ਬੂਤ ਮਸੀਹੀ ਹੋਣਾ ਚਾਹੀਦਾ ਹੈ (ਸਮਝੇ?) ਅਤੇ ਮੈਨੂੰ ਇੱਥੇ ਆਖਰੀ ਪਲ ਤੱਕ ਕੰਮ ਕਰਨ ਲਈ ਰੱਖਿਆ ਗਿਆ ਹੈ। ਮੇਰੇ ਕੋਲ ਕਰਨ ਲਈ ਕੰਮ ਹੈ ਅਤੇ ਮੈਂ ਆਪਣੇ ਕੰਮ ਦੀ ਜਗ੍ਹਾ ਤੇ ਵਫਾਦਾਰ ਪਾਇਆ ਜਾਵਾਂਗਾ। ਜੇ ਉਹ ਅੱਜ ਸਵੇਰ ਆਉਂਦਾ ਹੈ ਤਾਂ ਮੈਂ ਇਹ ਹੀ ਚਾਹੁੰਦਾ ਹਾਂ ਕਿ ਮੈਂ ਠੀਕ ਇੱਥੇ ਪੁਲਪਿਟ ਤੇ ਖੜ੍ਹਾ ਪਾਇਆ ਜਾਵਾਂ।

92 ਤੁਸੀਂ ਕਹਿੰਦੇ ਹੋ, "ਭਾਈ ਬ੍ਰਾਨਹਾਮ, ਜੇ ਉਹ ਅੱਜ ਸਵੇਰੇ ਆਉਂਦਾ ਹੈ ਤਾਂ ਕੀ ਤੁਹਾਨੂੰ ਉੱਥੇ ਬਾਹਰ ਨਹੀਂ ਹੋਣਾ ਚਾਹੀਦਾ ਹੈ ?" ਨਹੀਂ ਜੀ ਸ਼੍ਰੀਮਾਨ।

93 ਇਹ ਹੀ ਮੇਰੇ ਕੰਮ ਦੀ ਜਗ੍ਹਾ ਹੈ। ਜਦੋਂ ਉਹ ਆਉਂਦਾ ਹੈ ਤਾਂ ਮੈਂ ਠੀਕ ਇੱਥੇ ਖੜ੍ਹਾ ਪ੍ਰਚਾਰ ਕਰ ਰਿਹਾ ਹੋਵਾਂਗਾ, ਮੈਂ ਬਿਲਕੁੱਲ ਉਹ ਹੀ ਗੱਲਾਂ ਕਹਿ ਰਿਹਾ ਹੋਵਾਂਗਾ। ਅਤੇ ਜਦ ਉਹ ਆਉਂਦਾ ਹੈ ਤਾਂ ਮੈਂ ਉਹਦੇ ਨਾਲ ਬਾਹਰ ਚਲਾ ਜਾਵਾਂਗਾ।

94 ਜੇ ਮੈਂ ਰੰਬੇ ਦੇ ਨਾਲ ਆਲੂ ਪੁੱਟ ਰਿਹਾ ਹਾਂ ਤਾਂ ਮੈਂ ਜਿੰਨੀ ਤਕੜਾਈ ਨਾਲ ਆਲੂ ਪੁੱਟ ਸੱਕਦਾ ਹਾਂ ਓਨੀ ਤਕੜਾਈ ਨਾਲ ਆਲੂ ਪੁੱਟ ਰਿਹਾ ਹੋਵਾਂਗਾ। ਅਤੇ ਜਦੋਂ ਉਹ ਆਉਂਦਾ ਹੈ ਤਾਂ ਮੈਂ ਰੰਬਾ ਸੁੱਟ ਦੇਵਾਂਗਾ ਅਤੇ ਉਹਦੇ ਨਾਲ ਚਲਾ ਜਾਵਾਂਗਾ।

ਕੀ ਤੁਹਾਨੂੰ ਯਾਦ ਹੈ ਕਿ ਜੁਬਲੀ ਦੇ ਵਰ੍ਹੇ ਵਿੱਚ ਕੀ ਹੁੰਦਾ ਸੀ? ਇਹ ਉਹ ਰੰਬੇ ਦੇ ਨਾਲ ਪੁੱਟ ਰਹੇ ਹੁੰਦੇ ਸਨ ਤਾਂ ਉਹ ਪੁੱਟਦੇ ਹੀ ਰਹਿੰਦੇ ਸਨ। ਉਹ ਜਾਣਦੇ ਸਨ ਕਿ, ਹੋ ਸੱਕਦਾ ਹੈ ਕਿ ਜੁਬਲੀ ਅਥਵਾ ਅਨੰਦ ਦਾ ਵਰ੍ਹਾ ਅਗਲੇ ਦਸ ਮਿੰਟਾਂ ਬਾਦ ਹੋਵੇ ਅਤੇ ਫਿਰ ਅਨੰਦ ਦੇ ਵਰ੍ਹੇ ਦੀ ਤੁਰ੍ਹੀ ਫੂਕੀ ਜਾਵੇਗੀ। ਜੇ ਉਹ ਘਾਹ ਦੇ ਢੇਰ ਲਾ ਰਹੇ ਹੁੰਦੇ ਸਨ ਤਾਂ ਉਹ ਘਾਹ ਦੇ ਢੇਰ ਲਗਾਉਂਦੇ ਰਹਿੰਦੇ ਸਨ ਜਾਂ ਉਹ ਜੋ ਕੁਝ ਵੀ ਕਰ ਰਹੇ ਹੁੰਦੇ ਸਨ ਉਹ ਕਰਦੇ ਰਹਿੰਦੇ ਸਨ। ਪਰ ਜਦ ਤੁਰ੍ਹੀ ਵੱਜਦੀ ਸੀ ਤਾਂ ਉਹ ਆਪਣੀ ਤੰਗਲੀ ਸੁੱਟ ਦਿੰਦੇ ਸਨ ਅਤੇ ਚਲੇ ਜਾਂਦੇ ਸਨ। ਇਹ ਸੱਚ ਹੈ। ਉਹ ਘਾਹ ਇਕੱਠਾ ਕਰਦੇ ਹੀ ਰਹਿੰਦੇ ਸਨ ਜਦ ਤੱਕ ਕਿ ਤੁਰ੍ਹੀ ਨਹੀਂ ਫੂਕੀ ਜਾਂਦੀ ਸੀ।

ਠੀਕ ਹੈ। ਪ੍ਰਸ਼ਨ : ਖੁੱਲ੍ਹਣ ਦੇ ਅਨੁਸਾਰ ......(ਕੀ ਉਹ--ਕੀ ਕੁਝ ਹੁੰਦਾ ਹੈ?ਇਹਨੇ ਇੱਥੇ ਅਵਾਜ ਪੈਦਾ ਕਰ ਦਿੱਤੀ ਸੀ। )ਇੱਕ ਪ੍ਰਸ਼ਨ ਇਹ ਹੈ।

## 3. ਪੰਜਵੀਂ ਮੋਹਰ ਦੇ ਖੁੱਲ੍ਹਣ ਦੇ ਅਨੁਸਾਰ, ਮੂਸਾ ਅਤੇ ਏਲੀਯਾਹ ਹਨ ਜਿਨ੍ਹਾਂ ਨੇ ਮਰਨਾ ਹੈ; ਤਾਂ ਹਨੋਕ ਦੇ ਬਾਰੇ ਵਿੱਚ ਕੀ ਹੈ?

95 ਮੈਂ ਨਹੀਂ ਜਾਣਦਾ ਹਾਂ। ਸਮਝੇ? ਮੈਂ-ਮੈਂ ......ਜੇ ਮੈਨੂੰ ਨਹੀਂ ਪਤਾ ਹੈ ਤਾਂ ਮੈਂ ਤੁਹਾਨੂੰ ਇਹ ਹੀ ਕਹਾਂਗਾ ਕਿ ਮੈਨੂੰ ਨਹੀਂ ਪਤਾ ਹੈ। ਸਮਝੇ? ਸੰਗਤ, ਮੈਂ ਨਹੀਂ ਜਾਣਦਾ ਹਾਂ। ਅਤੇ ਜੇ ਮੈਂ ਨਹੀਂ ਜਾਣਦਾ ਹਾਂ ਤਾਂ ਮੈਂ ਤੁਹਾਨੂੰ ਇਹ ਹੀ ਕਹਾਂਗਾ ਕਿ ਮੈਂ ਨਹੀਂ ਜਾਣਦਾ ਹਾਂ। ਜੇ ਮੈਂ ਜਾਣਦਾ ਹਾਂ .....ਮੈਂ ਤੁਹਾਨੂੰ ਤਦ ਤੱਕ ਨਹੀਂ ਦੱਸ ਸੱਕਦਾ ਹਾਂ ਜਦ ਤੱਕ ਮੈਨੂੰ ਪਤਾ ਨਹੀਂ ਹੈ। ਪ੍ਰੰਤੂ ਮੈਂ ਇਹਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ।

96 ਮੈਂ ਖੁਦ ਇਹਦੇ ਬਾਰੇ ਵਿੱਚ ਹੈਰਾਨ ਹੁੰਦਾ ਹਾਂ। ਉੱਥੇ ਹਨੋਕ ਸੀ ....ਮੈਂ ਮੂਸਾ ਅਤੇ ਏਲੀਯਾਹ ਨੂੰ ਮੁੜ ਕੇ ਆਉਂਦੇ ਵੇਖਦਾ ਹਾਂ ਅਤੇ ਉਹ ਮਾਰੇ ਜਾਂਦੇ ਹਨ । ਸਮਝੇ?ਪ੍ਰੰਤੂ ਹਨੋਕ ਮਰਨ ਦੇ ਸਮੇਂ ਤੋਂ ਪਹਿਲਾਂ ਹੀ ਬਦਲ ਗਿਆ ਸੀ। ਮੈਂ ਆਪ ਅਕਸਰ ਸੋਚਦਾ ਹਾਂ ਅਤੇ ਹੈਰਾਨ ਹੋਇਆਂ ਹਾਂ, ਚੰਗਾ ਉਹਦੇ ਬਾਰੇ ਵਿੱਚ ਕੀ ਹੈ?

97 ਪਰ ਇਹ ਤਾਂ ਇੱਕ ਦਿਲਾਸਾ ਹੈ ਜੋ ਮੈਂ ਕਹਿ ਸੱਕਦਾ ਹਾਂ ਕਿ ਇਹ ਏਹ ਹੈ। ਹੁਣ ਧਿਆਨ ਦਿਓ, ਮੂਸਾ ਨੇ ਸਿਰਫ ਚਾਲੀ ਸਾਲ ਖੁਦਾ ਦੀ ਸੇਵਾ ਕੀਤੀ। ਸਮਝੇ? ਉਹ ਇੱਕ ਸੌ ਵੀਹ ਸਾਲ ਦਾ ਸੀ। ਪ੍ਰੰਤੂ ਵੀਹ ਸਾਲ ......ਮੇਰਾ ਮਤਲਬ ਹੈ ਕਿ ਪਹਿਲੇ ਚਾਲੀ ਸਾਲ ਉਹ ਸਿੱਖਿਆ ਪ੍ਰਾਪਤ ਕਰ ਰਿਹਾ ਸੀ। ਕੀ ਇਹ ਠੀਕ ਹੈ?ਅਗਲੇ ਚਾਲੀ ਸਾਲ ਖੁਦਾ ਉਸਦੇ ਵਿੱਚੋਂ ਉਸਦੀ ਸਿੱਖਿਆ ਬਾਹਰ ਕੱਢ ਰਿਹਾ ਸੀ। ਅਤੇ ਉਸ ਤੋਂ ਅਗਲੇ ਚਾਲੀ ਸਾਲ ਉਸਨੇ ਪ੍ਰਮੇਸ਼ੁਰ ਦੀ ਸੇਵਕਾਈ ਕੀਤੀ। ਸਮਝੇ? ਇਹ ਠੀਕ ਹੈ। ਪ੍ਰੰਤੂ ਹਨੋਕ ਪ੍ਰਮੇਸ਼ੁਰ ਦੇ ਸਨਮੁੱਖ ਪੰਜ ਸੌ ਸਾਲ ਚੱਲਦਾ ਰਿਹਾ ਅਤੇ ਬੇਦਾਗ ਰਿਹਾ ਸਮਝੇ, ਵੇਖਿਆ ? ਇਸ ਲਈ ਮੂਸਾ ਅਤੇ ਏਲੀਯਾਹ ਪ੍ਰਮੇਸ਼ੁਰ ਦੀ ਸੇਵਕਾਈ ਕਰਨ ਲਈ ਥੋੜੀ ਦੇਰ ਲਈ ਹੋਰ ਆਉਂਦੇ ਹਨ।

98 ਹੁਣ, ਇਹ-ਇਹ ਮੈਂ ਇਹ ਨਹੀਂ ਕਹਿੰਦਾ ਹਾਂ ਕਿ ਇਹ ਠੀਕ ਹੈ। ਮੈਂ ਤਾਂ ਤੁਹਾਨੂੰ ਇੱਕ ਵਿਚਾਰ ਦੱਸਿਆ ਹੈ। ਪ੍ਰੰਤੂ ਇਹ ਕਹਿਣਾ ਕੀ ਹਨੋਕ ਦਾ ਕੀ ਹਿੱਸਾ ਹੈ, ਉਹ ਮੈਂ ਨਹੀਂ ਜਾਣਦਾ ਹਾਂ । ਮੈਂ ਤੁਹਾਨੂੰ ਨਹੀਂ ਦੱਸ ਸੱਕਦਾ ਹਾਂ ਕਿ ਉੱਥੇ ਕੀ ਹੋਇਆ ਸੀ ਜਾਂ ਪ੍ਰਮੇਸ਼ੁਰ ਕੀ ਕਰੇਗਾ।

## 4. ਉਹ ਨਾਮ ਕਿਹੜਾ ਹੋਵੇਗਾ .....ਜੋ ਪ੍ਰਕਾਸ਼ ਦੀ ਪੋਥੀ 3:12 ਦੇ ਲੋਕਾਂ ਦਾ ਹੋਵੇਗਾ?

99 ਮੈਂ ਨਹੀਂ ਜਾਣਦਾ ਹਾਂ -ਜੀ ਹਾਂ । ਉਸਨੇ ਕਿਹਾ ਸੀ, "ਉਹਨਾਂ ਨੂੰ ਇੱਕ ਨਾਮ ਦਿੱਤਾ ਗਿਆ। ਮੈਂ-ਮੈਂ-ਮੈਂ ਨਹੀਂ ਜਾਣਦਾ ਹਾਂ ਕਿ ਉਹ ਕੀ ਹੈ। ਹੋ ਸੱਕਦਾ ਹੈ ਕਿ ਜਦੋਂ ਅਸੀਂ ਉੱਥੇ ਜਾਈਏ ਤਾਂ ਸ਼ਾਇਦ ਉਹ ਸਾਡੇ ਉੱਤੇ ਪ੍ਰਗਟ ਕੀਤਾ ਜਾਵੇ ਪ੍ਰੰਤੂ ਇਸ ਸਮੇਂ ਮੈਂ ਨਹੀਂ ਜਾਣਦਾ ਹਾਂ ਕਿ ਇਹ ਕੀ ਹੈ। ਸਮਝੇ?ਉਸਨੇ ਉਹਨਾਂ ਨੂੰ ਇੱਕ ਨਵਾਂ ਨਾਮ ਦਿੱਤਾ ਜਿਹਨੂੰ ਉਹ ਆਪ ਹੀ ਜਾਣਦੇ ਹਨ। ਸਮਝੇ?

## 5. ਹੁਣ, ਭਾਈ ਬ੍ਰਾਨਹਾਮ, ਕੀ ਵਚਨ ਦੀ ਕੋਈ ਐਸੀ ਲਿਖਤ ਹੈ ਜੋ ਤਲਾਕ ਤੋਂ ਬਾਦ ਸ਼ਾਦੀ ਕਰਨ ਦੀ ਇਜ਼ਾਜਤ ਦਿੰਦੀ ਹੈ? ਇਹ ਇੱਕ ਬਹੁਤ ਹੀ ਮਹੱਤਵਪੂਰਨ ਪ੍ਰਸ਼ਨ ਹੈ।

100 ਇਹ ਪ੍ਰਸ਼ਨ ਕਹਿੰਦਾ ਹੈ ਕਿ ਇਹ ਮਹੱਤਵਪੂਰਨ ਹੈ। ਅੱਛਾ, ਇਹ ਹੀ ਕਾਰਨ ਹੈ .....ਇਹ ਉਹਦੇ ਨਾਲ ਸਬੰਧ ਨਹੀਂ ਰੱਖਦਾ ਹੈ। ਮੇਰੇ ਭਾਈ ਜਾਂ ਭੈਣ ਜਾਂ ਜਿਸ ਕਿਸੇ ਨੇ ਵੀ ਇਹ ਲਿਖਿਆ ਹੈ, ਜਿੱਥੇ ਤੱਕ ਮੈਂ ਵੇਖ ਸੱਕਦਾ ਹਾਂ ਵਚਨ ਦੀ ਅਜਿਹੀ ਕੋਈ ਵੀ ਲਿਖਤ ਨਹੀਂ ਹੈ ਜੋ ਇਸ ਗੱਲ ਦੀ ਪ੍ਰਵਾਨਗੀ ਦਿੰਦੀ ਹੈ ਜਦ ਤੱਕ ਕਿ ਤੁਹਾਡਾ ਸਾਥੀ ਮਰ ਨਹੀਂ ਜਾਂਦਾ ਹੈ। ਕਿਉਂਕਿ ਬਾਈਬਲ ਆਖਦੀ ਹੈ ਜਦ ਤੱਕ ਅਸੀਂ ਜੀਉਂਦੇ ਹਾਂ ਅਸੀਂ ਇੱਕ ਦੂਸਰੇ ਨਾਲ ਬੱਝੇ ਹੋਏ ਹਾਂ। ਸਮਝੇ?



ਅਫਰੀਕਾ ਦੇ ਸੰਤ ਅਗਸਟੀਨ ਦੇ ਰਾਹੀਂ ਇਹ ਕਲੀਸਿਯਾ ਨੂੰ ਇਹ ਅਧਿਕਾਰ ਦਿੱਤਾ ਗਿਆ ਸੀ। ਇਹ 354 ਈਸਵੀ ਦੀ ਗੱਲ ਹੈ ਜਦ ਇਸ ਤਰ੍ਹਾਂ ਹੋਇਆ ਸੀ। ਇਸ ਤਰ੍ਹਾਂ 1850 ਤੱਕ, ਆਇਰਲੈਂਡ ਦੇ ਕਤਲੇਆਮ ਤੱਕ ਹੁੰਦਾ ਰਿਹਾ। ਇਸ ਲਈ ਇਹ ਸਮਾਂ 33 ਈਸਵੀ ਜਾਂ 30 ਈਸਵੀ .....354 ਈਸਵੀ ਤੱਕ ਰਿਹਾ। ਆਓ ਮੈਂ ਇਸਨੂੰ ਠੀਕ -ਠੀਕ ਵੇਖਦਾ ਹਾਂ। ਇਤਿਹਾਸ ਦੇ ਅਨੁਸਾਰ 3-5-4 ਈਸਵੀ ਤੋਂ 1-8-5-0, 1850 ਈਸਵੀ ਤੱਕ ਛੇ ਕਰੋੜ ਅੱਸੀ ਲੱਖ ਪ੍ਰੋਟੈਸਟੈਂਟਾਂ ਨੂੰ ਰੋਮ ਦੇ ਪੋਪ ਨਾਲ ਸਹਿਮਤ ਨਾ ਹੋਣ ਕਾਰਨ ਮਾਰਿਆ ਗਿਆ, ਜਿਹਦਾ ਵਰਣਨ ਰੋਮਨ ਸ਼ਹੀਦੀਨਾਮਾ (ROMAN MARTYROLOGY) ਪੁਸਤਕ ਵਿੱਚ ਪਾਇਆ ਜਾਂਦਾ ਹੈ। ਇਹ ਇਤਿਹਾਸ ਹੈ। ਜੇ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਇਹ ਝੂਠ ਹੈ ਤਾਂ ਠੀਕ ਹੈ, ਤਦ ਤਾਂ ਹੋ ਸੱਕਦਾ ਹੈ ਕਿ ਜੋਰਜ ਵਸ਼ਿੰਗਟਨ ਜਾਂ ਲਿੰਕਨ ਇੱਥੇ ਨਾ ਰਹੇ ਹੋਣ। ਤੁਸੀਂ ਜਾਣਦੇ ਹੋ ਕਿ ਇਸਨੂੰ ਵੇਖਣ ਲਈ ਸਾਡੇ ਵਿੱਚੋਂ ਕੋਈ ਵੀ ਉਸ ਪੁਰਾਣੇ ਸਮੇਂ ਵਿੱਚ ਨਹੀਂ ਸੀ। ਪ੍ਰੰਤੂ ਮੈਂ ਇਹ ਵਿਸ਼ਵਾਸ਼ ਕਰਦਾ ਹਾਂ ਕਿ ਕਿਵੇਂ ਵੀ ਹੋਵੇ ਉਹ ਇੱਥੇ ਸਨ । ਮੈਂ ਚਿੰਨ੍ਹਾਂ ਨੂੰ ਵੇਖਦਾ ਹਾਂ ਕਿ ਉਹ ਇੱਥੇ ਰਹੇ ਸਨ।

## 39. ਭਾਈ ਬ੍ਰਾਨਹਾਮ, 19 ਬਾਬ ....ਅਤੇ 18 ਆਇਤ : ਇਹ ਕਹਿੰਦਾ ਹੈ, ਤਾਂ ਵੀ ਮੈਂ ਸੱਤ ਹਜ਼ਾਰ ਇਸਰਾਈਲੀਆਂ ਨੂੰ ਬਚਾ ਰੱਖਿਆ ਹੈ, ਇਹ ਉਹ ਹਨ ਜਿਨ੍ਹਾਂ ਨੇ ਨਾ ਤਾਂ ਬਿਲਆਮ ਜਾਂ ......ਬਆਲ ਦੇ ਅੱਗੇ ਗੋਡੇ ਨਹੀਂ ਟੇਕੇ ਅਤੇ ......ਨਾ ਉਸਨੂੰ ਮੂੰਹ ਨਾਲ ਚੁੰਮਿਆਂ ਹੈ।" ਕਿਰਪਾ ਕਰਕੇ ਤੁਸੀਂ ਮੈਨੂੰ ਇਸ ਸੱਤ ਸੌ ਬਾਰੇ ਸਮਝਾਓ।

345 ਇਹ ਸੱਤ ਹਜ਼ਾਰ ਸਨ। ਸਮਝੇ? ਅਤੇ ਬਆਲ ਨੂੰ ਚੁੰਮਣਾ, ਕੀ ਤੁਹਾਨੂੰ ਇਹਦੇ ਬਾਰੇ ਵਿੱਚ ਨਹੀਂ ਪਤਾ ਹੈ .....ਇੱਥੇ ਕਿੰਨੇ ਲੋਕ ਹਨ ਜਿਹੜੇ ਪਹਿਲਾਂ ਰੋਮਨ ਕੈਥੋਲਿਕ ਸਨ ? ਵੇਖਿਆ? ਬਿਲਕੁੱਲ ਤੁਸੀਂ ਮੂਰਤੀਆਂ ਨੂੰ ਚੁੰਮਦੇ ਹੋ। ਸਮਝੇ?

346 ਅਤੇ ਤੁਹਾਨੂੰ ਯਾਦ ਹੋਵੇਗਾ ਕਿ ਬਾਬੁਲ ਅਤੇ ਨਬੂਕਦਨੱਸਰ ਦੇ ਦਿਨਾਂ ਵਿੱਚ ਜਦੋਂ ਪਰਾਈਆਂ ਜਾਤੀਆਂ ਦਾ ਰਾਜ ਸਥਾਪਤ ਹੋਇਆ ਸੀ ਤਾਂ ਇਹ ਹੀ ਗੱਲ ਇੱਕ ਮਨੁੱਖ ਦੀ ਭਗਤੀ ਦੇ ਰਾਹੀਂ ਅੰਦਰ ਆਈ। ਨਬੂਕਦਨੱਸਰ ਨੇ ਇੱਕ ਮਨੁੱਖ ਦੀ ਮੂਰਤੀ ਬਣਵਾਈ। ਹੁਣ ਜੇ ਤੁਹਾਡੇ ਕੋਲ ਆਤਮਿਕ ਬੁੱਧ ਹੈ ਤਾਂ ਤੁਸੀਂ ਇਸ ਪ੍ਰਕਾਸ਼ ਤੇ ਕੰਨ ਲਗਾਓ। ਉਸ ਆਤਮਾ ਨੇ, ਉਸ ਮਨੁੱਖ ਨੂੰ ਜਿਹਨੇ ਮੂਰਤੀ ਦਾ ਪ੍ਰਕਾਸ਼ ਬਣਾਇਆ ਸੀ ਜਾਂ ਉਸਨੇ ਆਪਣੇ ਪ੍ਰਕਾਸ਼ ਦੇ ਰਾਹੀਂ ਦਾਨੀਏਲ ਦੀ ਮੂਰਤੀ ਬਣਵਾਈ ਇਹ ਦਾਨੀਏਲ ਉਹ ਧਾਰਮਿਕ ਆਦਮੀ ਸੀ ਜਿਹਦੀ ਪੂਜਾ ਕੀਤੀ ਗਈ। ਕੀ ਤੁਸੀਂ ਸਮਝ ਗਏ? ਉਸਨੇ ਉਸਦਾ ਨਾਮ ਬੇਲਟਸ਼ੱਸਰ ਰੱਖਿਆ ਜਿਹੜਾ ਕਿ ਉਸਦੇ ਦੇਵਤੇ ਦਾ ਨਾਮ ਸੀ। ਅਤੇ ਉਸਨੇ ਉਸ ਦੇਵਤੇ ਦੀ ਮੂਰਤੀ ਬਣਵਾਈ ਜੋ ਕਿ ਦਾਨੀਏਲ ਦੀ ਮੂਰਤੀ ਸੀ। ਅਤੇ ਦਾਨੀਏਲ ਨੇ ਆਪਣੀ ਹੀ ਮੂਰਤੀ ਨੂੰ ਮੱਥਾ ਟੇਕਣ ਤੋਂ ਇਨਕਾਰ ਕਰ ਦਿੱਤਾ ਸੀ। ਸਮਝੇ?ਵੇਖਿਆ?

347 ਅਤੇ ਇੱਥੇ ਇਹ ਫਿਰ ਹੈ। ਹੁਣ ਧਿਆਨ ਦਿਓ। ਦਾਨੀਏਲ ਦੇ ਦਿਨਾਂ ਵਿੱਚ ਰਾਜਾ ਨਬੂਕਦਨੱਸਰ ਦੇ ਦੁਆਰਾ ਪਰਾਈਆਂ ਜਾਤੀਆਂ ਦਾ ਰਾਜ ਸਥਾਪਤ ਹੋਇਆ ਅਤੇ ਪਰਾਈਆਂ

### ਯੁੱਧ ਨਾਲ ਕੀ ਵਾਸਤਾ ਹੈ ?ਕੀ ਗੋਗ ਅਤੇ ਮਗੋਗ ਨਵੀਂ ਧਰਤੀ ਦੇ ਲੋਕਾਂ ਵਿੱਚੋਂ ਇਕੱਠੇ ਹੋਣਗੇ?

340 ਠੀਕ ਹੈ, ਇਹ ਇੱਕ ਲੰਬਾ ਪ੍ਰਸ਼ਨ ਹੈ ਅਤੇ ਮੈਂ ਬਸ ਇਸ ਦੀਆਂ ਖਾਸ ਗੱਲਾਂ ਨੂੰ ਹੀ ਲਵਾਂਗਾ। ਹੁਣ, ਤੁਸੀਂ ਪਹਿਲੀ ਗੱਲ ਵੇਖੋ, "ਕੀ .... " ਹੁਣ ਹੋ ਸੱਕਦਾ ਹੈ ਕਿ ਮੈਂ ਇਹ ਨਾ ਸਮਝਾ ਸਕਾਂ, ਪਰ ਮੈਂ ਇਹਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ।

### ਕੀ ਤੁਸੀਂ ਕਿਰਪਾ ਕਰਕੇ ਇਹ ਸਮਝਾਓਗੇ ਕਿ ਕਿਵੇਂ ਸ਼ੈਤਾਨ ਨੂੰ ਇੱਕ ਹਜ਼ਾਰ ਸਾਲ ਲਈ ਬੰਨ੍ਹਿਆ ਜਾਂਦਾ ਹੈ ਅਤੇ ਫਿਰ ਉਸਨੂੰ ਪ੍ਰਕਾਸ਼ ਪੋਥੀ 20:8 ਦੇ ਯੁੱਧ ਲਈ ਦੁਬਾਰਾ ਖੋਲ੍ਹਿਆ ਜਾਂਦਾ ਹੈ?

341 ਇਹ ਹਰਮਾਗਿਦਊਨ ਦਾ ਯੁੱਧ ਨਹੀਂ ਹੈ । ਹਰਮਾਗਿਦਾਊਨ ਦਾ ਯੁੱਧ ਤਾਂ ਇਸੇ ਪਾਸੇ ਤਦ ਹੁੰਦਾ ਹੈ ਜਦ ਕਸ਼ਟ ਕਾਲ ਦਾ ਸਮਾਂ ਖਤਮ ਹੋ ਜਾਂਦਾ ਹੈ।

### (ਅ) ਹੁਣ ਇਸਦਾ ਗੋਗ ਅਤੇ ਮਗੋਗ ਦੇ ਯੁੱਧ ਨਾਲ ਕੀ ਸਬੰਧ ਹੈ?

342 ਇਸਦਾ ਇਸਦੇ ਨਾਲ ਕੋਈ ਸਬੰਧ ਨਹੀਂ ਹੈ। ਇੱਕ ਯੁੱਧ ਹਜਾਰ ਸਾਲੇ ਰਾਜ ਤੋਂ ਪਹਿਲਾਂ ਹੈ ਅਤੇ ਦੂਸਰਾ ਹਜ਼ਾਰ ਸਾਲੇ ਰਾਜ ਤੋਂ ਬਾਦ ਵਿੱਚ ਹੈ।

### ....ਜਿਵੇਂ ਕਿ ਚੋਥੀ ਮੋਹਰ ਵਿੱਚ ਬਿਆਨ ਕੀਤਾ ਗਿਆ ਹੈ ?ਕੀ ਗੋਗ ਅਤੇ ਮਗੋਗ ਨਵੀਂ ਧਰਤੀ ਦੇ ਵਿੱਚੋਂ ਇਕੱਠੇ ਹੋਏ ਲੋਕ ਹੋਣਗੇ?

343 ਸ਼ੈਤਾਨ ਨੂੰ ਉਸਦੀ ਕੈਦ ਵਿੱਚੋਂ ਛੱਡ ਦਿੱਤਾ ਜਾਂਦਾ ਹੈ ਅਤੇ ਸਾਰੇ ਦੁਸ਼ਟ ਲੋਕ ਇਕੱਠੇ ਕੀਤੇ ਜਾਂਦੇ ਹਨ ਤਾਂ ਕਿ ਉਨ੍ਹਾਂ ਨੂੰ ਇਸ ਸਥਾਨ ਤੇ ਲਿਆਂਦਾ ਜਾਵੇ। ਅਤੇ ਖੁਦਾ ਸੁਰਗ ਤੋਂ ਅੱਗ ਅਤੇ ਗੰਧਕ ਵਰਸਾਏਗਾ ਅਤੇ ਉਹ ਭਸਮ ਹੋ ਜਾਣਗੇ। ਸੋ ਇਹ ਦੋ ਯੁੱਧ ਹਨ। ਹੁਣ ਅਗਲਾ ਪ੍ਰਸ਼ਨ ਇਹ ਹੈ :

### 38. ਇਹ ਪ੍ਰਸ਼ਨ ਉਨ੍ਹਾਂ ਛੇ ਕਰੋੜ ਅੱਸੀ ਲੱਖ ਲੋਕਾਂ ਨਾਲ ਸਬੰਧਿਤ ਹੈ ਜਿਨ੍ਹਾਂ ਨੂੰ ਰੋਮਨ ਕੈਥੋਲਿਕ ਕਲੀਸਿਯਾ ਨੇ ਮਾਰਿਆ ਸੀ ? ਇਤਿਹਾਸ ਵਿੱਚ ਇਹ ਕਿਸ ਸਮੇਂ ਦੀ ਘਟਨਾ ਹੈ? ਅਤੇ ਇਸ ਤਰ੍ਹਾਂ ਕਿੰਨੇ ਸਮੇਂ ਤੱਕ ਹੋਇਆ ਸੀ?

344 ਤੁਸੀਂ ਇਹ ਸਮੂਕਰ ਦੀ ਕਿਤਾਬ "ਸ਼ਾਨਦਾਰ ਸੁਧਾਰ "(GLORIOUS REFORMATION) ਪੜ੍ਹ ਕੇ ਵੇਖੋ। ਮੇਰਾ ਅੰਦਾਜ਼ਾ ਹੈ ਕਿ ਇਨ੍ਹਾਂ ਕੁਝ ਵਿਦਵਾਨਾਂ ਦੇ ਕੋਲ ਇਹ ਕਿਤਾਬ ਹੈਗੀ ਹੈ। ਅਤੇ ਇਹ ਕਲੀਸਿਯਾ ਦਾ ਇਤਿਹਾਸ ਹੈ। ਅਤੇ ਇਸ ਵੇਲੇ ਇਹ ਮੈਨੂੰ ਯਾਦ ਨਹੀਂ ਹੈ ਕਿ ਇਹ ਕਿਸ ਸਫੇ ਦੇ ਉੱਤੇ ਹੈ, ਪ੍ਰੰਤੂ ਇਸ ਤਰ੍ਹਾਂ ਉਸ ਸਮੇਂ ਤੋਂ ......ਵਾਪਰਿਆ .....ਹਿੱਪੋ



101 ਜਿੱਥੇ ਤੱਕ, "ਕੀ ਕੋਈ ਵਚਨ ਦੀ ਲਿਖਤ ਹੈ, "ਇਹ ਹੀ ਹੈ ਜੋ ਇੱਥੇ ਪੁੱਛਿਆ ਗਿਆ ਹੈ। "ਕੀ ਕੋਈ ਅਜਿਹੀ ਲਿਖਤ ਹੈ ?" ਸਮਝੇ? " ਕੀ ਕੋਈ ਐਸੀ ਲਿਖਤ ਹੈ?" ਜਿੱਥੇ ਤੱਕ ਮੈਂ ਲੱਭ ਸੱਕਦਾ ਹਾਂ ਵਚਨ ਦੀ ਕੋਈ ਵੀ ਇਸ ਤਰ੍ਹਾਂ ਦੀ ਲਿਖਤ ਨਹੀਂ ਹੈ ਜੋ ਤਲਾਕ ਤੋਂ ਬਾਦ ਵਿਆਹ ਦੀ ਆਗਿਆ ਦਿੰਦੀ ਹੋਵੇ। ਜਿੱਥੋਂ ਤੱਕ ਮੈਂ ਲੱਭ ਸੱਕਦਾ ਹਾਂ ਕੋਈ ਵੀ ਲਿਖਤ ਨਹੀਂ ਹੈ।

ਕਿਉਂਕਿ ਪੋਲੂਸ ਵਿਆਹੇ ਜੋੜੇ ਲਈ ਕਹਿੰਦਾ ਹੈ ਕਿ ਜੇ ਤੁਹਾਡਾ ਸਾਥੀ ਮਰ ਜਾਂਦਾ ਹੈ ਤਾਂ ਉਹ ਪ੍ਰਭ, ਵਿੱਚ ਜਿਹਦੇ ਨਾਲ ਵਿਆਹ ਕਰਨਾ ਚਾਹੇ ਉਹਦੇ ਨਾਲ ਵਿਆਹ ਕਰਨ ਵਿੱਚ ਅਜਾਦ ਹੈ। ਪ੍ਰੰਤੂ ਧਿਆਨ ਦਿਓ। ਪ੍ਰੰਤੂ ਤਦ ਤੱਕ ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਤੁਸੀਂ ਸਹੁੰ ਖਾਂਦੇ ਹੋ ਕਿ,"ਜਦ ਤੱਕ ਮੌਤ ਸਾਨੂੰ ਅਲੱਗ ਨਾ ਕਰੇ। "ਇੰਝ ਹੀ ਹੈ। ਤੁਸੀਂ ਉਹਦੇ ਤੇ ਇੱਕ ਸਹੁੰ ਖਾਂਦੇ ਹੋ।

102 ਇਸ ਲਈ ਮੈਂ ਨਹੀਂ ਸੋਚਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਲਿਖਤ ਹੈ ਜੋ ਤਲਾਕ ਤੋਂ ਬਾਦ ਸ਼ਾਦੀ ਦੀ ਇਜ਼ਾਜਤ ਦਿੰਦੀ ਹੈ। ਹੁਣ, ਜੇ ਕੋਈ ਹੈ ....ਜੇ ਤੁਹਾਨੂੰ ਇਸ ਤਰ੍ਹਾਂ ਦੀ ਕੋਈ ਲਿਖਤ ਮਿਲ ਜਾਂਦੀ ਹੈ ਅਤੇ ਇਹ ਪੂਰੀ ਤਰ੍ਹਾਂ ਸਹੀ ਹੈ ਤਾਂ ਠੀਕ ਹੈ। ਪ੍ਰੰਤੂ ਜਿੱਥੋਂ ਤੱਕ ਮੇਰਾ ਆਪਣਾ ਸਵਾਲ ਹੈ ਮੈਂ ਵਚਨ ਦੀ ਕੋਈ ਵੀ ਇਸ ਤਰ੍ਹਾਂ ਦੀ ਲਿਖਤ ਨਹੀਂ ਵੇਖੀ ਹੈ।

### 6. ਪ੍ਰਕਾਸ਼ ਦੀ ਪੋਥੀ 6:6 ਵਿੱਚ, "ਵੇਖ ਤੂੰ ਤੇਲ ਅਤੇ ਮੈ ਦਾ ਵਿਗਾੜ ਨਾ ਕਰੀਂ", ਦਾ ਕੀ ਅਰਥ ਹੈ?

103 ਇਹ ਪਵਿੱਤਰ ਆਤਮਾ ਹੈ। ਸਮਝੇ, ਤੁਸੀਂ ਜਾਣਦੇ ਹੋ, ਸ਼ਾਇਦ ਕੋਈ ਜਣਾ ਸੰਦੇਸ਼ ਲਈ ਥੋੜੀ ਦੇਰ ਨਾਲ ਆਉਂਦਾ ਹੈ ਅਤੇ ਉਹ .....ਤੁਸੀਂ ਦੂਸਰੀਆਂ ਟੇਪਾਂ ਨੂੰ ਵੇਖੋ।

### "ਵੇਖ ਤੂੰ ਤੇਲ ਅਤੇ ਮੈ ਦਾ ਵਿਗਾੜ ਨਾ ਕਰੀਂ।" ਤੇਲ ਅਤੇ ਮੈ ਦਾ ਕੀ ਅਰਥ ਹੈ?

104 ਜਿਵੇਂ ਕਿ ਅਸੀਂ ਤੇਲ ਨੂੰ ਨਮੂਨੇ ਦੇ ਰੂਪ ਵਿੱਚ ਲਿਆ ਸੀ, ਤੇਲ ਦਾ ਅਰਥ ਪਵਿੱਤਰ ਆਤਮਾ ਹੁੰਦਾ ਹੈ। ਸਮਝੇ? ਮੈ .....ਅਤੇ ਤੇਲ ਬਾਈਬਲ ਵਿੱਚ ਭਗਤੀ ਲਈ ਇੱਕ ਦੂਸਰੇ ਨਾਲ ਜੁੜੇ ਹੋਏ ਹਨ। ਸਮਝੇ? ਅਤੇ ਜਿਵੇਂ ਕਿ ਮੈਂ ਦੱਸਿਆ ਸੀ ਕਿ ਮੈ ਤੇ ਮੈਨੂੰ ਇੱਕ ਵਿਚਾਰ ਮਿਲਿਆ ਕਿ ਇਹ ਉਤੇਜਨਾ ਪੈਦਾ ਕਰਦੀ ਹੈ। ਮੈ ਉਤੇਜਨਾ ਪੈਦਾ ਕਰਦੀ ਹੈ। ਅਤੇ ਮੈ ਦਾ ਸੁਭਾਵਕ ਅਰਥ ਹੈ ਪ੍ਰਕਾਸ਼ ਜੋ ਉਤੇਜਨਾ ਦਿੰਦਾ ਹੈ।

105 ਹੁਣ ਜਰਾ ਸੋਚੋ ; ਕਲੀਸਿਯਾ ਨੂੰ ਕਿਹੜੀ ਚੀਜ਼ ਉਤੇਜਨਾ ਦਿੰਦੀ ਹੈ? ਪ੍ਰਕਾਸ਼। ਇਸ ਲਈ ਮੈ, ਨਵੀਂ ਮੈ ਹੋਵੇਗੀ .......ਹੁਣ ਧਿਆਨ ਦਿਓ। ਤੇਲ ਅਤੇ ਮੈ ਬਲੀਦਾਨ ਵਿੱਚ ਇੱਕਠੇ ਨਾਲ-ਨਾਲ ਭਾਗ ਲੈਂਦੇ ਹਨ, ਇਹਨਾਂ ਦੋਹਾਂ ਦਾ ਉਪਯੋਗ ਕਲੀਸਿਯਾ ਦੀ ਅਰਾਧਨਾ ਵਿੱਚ ਇਕੱਠੇ ਕੀਤਾ ਜਾਂਦਾ ਹੈ। ਇਹ ਇੱਕ ਥਾਂ ਇਕੱਠੇ ਹੁੰਦੇ ਹਨ,ਇਹ ਇੱਕ ਦੂਸਰੇ ਨਾਲ ਜੁੜੇ ਹੋਏ ਹਨ।

106 ਜੇ ਤੁਹਾਡੇ ਕੋਲ ਕੋਨਕੋਰਡੈਂਸ ਹੈ ਤਾਂ ਤੁਸੀਂ ਵੇਖੋ ਕਿ ਜਦ ਅਰਾਧਨਾ ਵਿੱਚ ਤੇਲ ਅਤੇ ਮੈ ਇੱਕ ਥਾਂ ਇਕੱਠੇ ਹੋ ਜਾਂਦੇ ਹਨ ਤਾਂ ਸੱਭ ਕੁਝ ਇੱਕ ਹੀ ਸੁਰ ਵਿੱਚ ਜਾਂਦਾ ਹੈ। ਜੇ ਤੁਹਾਡੇ ਕੋਲ ਕਰੁਡੇਨ ਦੀ ਕੋਨਕੋਰਡੈਂਸ ਹੈ ਤਾਂ ਤੁਸੀਂ ਵੇਖੋ ਕਿ ਇਹ ਇਹੋ ਹੀ ਕਹਿੰਦੀ ਹੈ।

107 ਹੁਣ ਇਸ ਤੇ ਧਿਆਨ ਦਿਓ । ਪ੍ਰੰਤੂ ਹੁਣ (ਤੁਸੀਂ ਵੇਖਿਆ?) ਤੇਲ ਹਮੇਸ਼ਾਂ ਹੀ ਪਵਿੱਤਰ ਆਤਮਾ ਹੈ। ਅਸੀਂ ਇਹ ਹਿਜ਼ਕੀਏਲ ਵਿੱਚ ਵੇਖਦੇ ਹਾਂ। ਅਤੇ ਅਸੀਂ ਇਹਨੂੰ ਪੁਰਾਣੇ ਨੇਮ ਵਿੱਚ ਵੇਖਦੇ ਹਾਂ, ਅਸੀਂ ਇਹਨੂੰ ਸਾਰੇ ਨਵੇਂ ਨੇਮ ਵਿੱਚ ਵੇਖਦੇ ਹਾਂ।

108 ਅਸੀਂ ਬਿਮਾਰਾਂ ਤੇ ਤੇਲ ਕਿਉਂ ਮਲਦੇ ਹਾਂ? ਅਸੀਂ ਬਿਮਾਰ ਦੇ ਤੇਲ ਇਸ ਲਈ ਮਲਦੇ ਹਾਂ ਕਿਉਂਕਿ ਅਸੀਂ ਨਮੂਨੇ ਤੇ ਤੌਰ ਤੇ ਉਹਨਾਂ ਤੇ ਪਵਿੱਤਰ ਆਤਮਾ ਦਾ ਉਂਡੇਲਿਆ ਜਾਣਾ ਦਰਸਾਉਂਦੇ ਹਾਂ। ਸਮਝੇ? ਅਤੇ ਚਤਰ ਕੁਆਰੀਆਂ ਦੇ ਕੋਲ ਵੀ ਤੇਲ ਸੀ। ਅਤੇ ਮੂਰਖ ਕੁਆਰੀਆਂ ਦੇ ਕੋਲ ਤੇਲ ਅਥਵਾ ਪਵਿੱਤਰ ਆਤਮਾ ਨਹੀਂ ਸੀ। ਹੁਣ, ਉਹ ਤੇਲ ਹੈ। ਅਤੇ ਫਿਰ ਦਾਖਰਸ, ਇਹ ਹੈ ....ਤੇਲ ਪ੍ਰਮੇਸ਼ੁਰ ਨੂੰ ਦਰਸਾਉਂਦਾ ਹੈ। ਅਤੇ ਪ੍ਰਮੇਸ਼ੁਰ ਆਤਮਾ ਹੈ। ਸਮਝੇ?

109 ਪ੍ਰਮੇਸ਼ੁਰ ਵਚਨ ਹੈ। "ਆਦਿ ਵਿੱਚ ਵਚਨ ਸੀ ਅਤੇ ਵਚਨ ਪ੍ਰਮੇਸ਼ੁਰ ਦੇ ਨਾਲ ਸੀ ਅਤੇ ਵਚਨ ਦੇਹਧਾਰੀ ਹੋਇਆ। " ਹੁਣ, ਤਦ ਜੇ ਹੁਣ ਵਚਨ --ਇੱਥੇ ਸੁਭਾਵਕ ਰੂਪ ਵਿੱਚ ਬੈਠਾ ਹੈ ਤਾਂ ਦਾਖਰਸ ਪਾਣੀ ਦੇ ਵਰਗਾ ਹੈ ਜਾਂ ਤੁਸੀਂ ਵੇਖੋ ਇਹ ਇੱਕ ਪ੍ਰਕਾਸ਼ਨ ਹੈ ਜੋ ਵਚਨ ਦੇ ਅਰਥ ਨੂੰ ਪ੍ਰਗਟ ਕਰਦਾ ਹੈ ;ਜੋ ਵਿਸ਼ਵਾਸ਼ੀ ਨੂੰ ਉਤੇਜਨਾ ਦਿੰਦਾ ਹੈ। ਹੋ ਸੱਕਦਾ ਹੈ, ਉਹ ਬਸ ਇਹ ਕਹਿਣ, "ਮੈਂ ਇਹਨੂੰ ਪਹਿਲਾਂ ਕਦੇ ਨਹੀਂ ਵੇਖਿਆ ਸੀ। ਹੇ ਮੇਰੇ ਪ੍ਰਭੂ ! ਪ੍ਰਮੇਸ਼ੁਰ ਦੀ ਮਹਿਮਾਂ ਹੋਵੇ !ਇਹ ਕੀ ਹੈ? ਵੇਖੋ, ਇਹ ਪ੍ਰਕਾਸ਼ ਦੀ ਉਤੇਜਨਾ ਹੈ।

110 ਮੈਂ ਨਹੀਂ ਜਾਣਦਾ ਹਾਂ ਕਿ ਜਿਹਨੇ ਇਹ ਪ੍ਰਸ਼ਨ ਪੁੱਛਿਆ ਹੈ ਉਹ ਉਸ ਰਾਤ ਇੱਥੇ ਸੀ ਜਾਂ ਨਹੀਂ। ਸਮਝੇ? ਹੁਣ, ਪ੍ਰਸ਼ਨ ਇਹ ਹੈ ਕਿ ਤੇਲ ਅਤੇ ਦਾਖਰਸ ਦਾ ਕੀ ....." ਇਹ ਪ੍ਰਸ਼ਨ ਸੀ। "ਤੂੰ ਉਸਦਾ ਵਿਗਾੜ ਨਾ ਕਰਨਾ ਦਾ ਕੀ ਅਰਥ ਹੈ। ਉਹ ਕਾਲੇ ਘੋੜੇ ਦਾ ਸਵਾਰ ਸੀ ਅਤੇ ਉਹ ਹਨੇਰ ਯੁੱਗ ਦੇ -ਤੀਸਰੇ ਕਲੀਸਿਯਾਈ ਯੁੱਗ ਦੇ ਦਰਮਿਆਨ ਸੀ। ਧਿਆਨ ਦਿਓ। ਅਤੇ ਇੱਥੇ ਇਹ ਬਹੁਤ ਥੋੜਾ ਜਿਹਾ ਹੀ ਰਹਿ ਗਿਆ ਹੈ ਇਹ ਬਹੁਤ ਥੋੜਾ ਹੀ ਬਾਕੀ ਬਚਿਆ ਹੈ ਇਹ ਦਾ ਵਿਗਾੜ ਨਾ ਕਰੀਂ। "

111 ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਜੇ ਤੁਹਾਨੂੰ ਤੀਸਰੀ ਮੋਹਰ ਦਾ ਟੇਪ ਮਿਲ ਜਾਂਦਾ ਹੈ ਤਾਂ ਤੁਸੀਂ .....ਉਸ ਵਿੱਚ ਇਹ ਵੇਖੋਗੇ ਕਿ ਅਸੀਂ ਇਹਨੂੰ ਵਿਸਥਾਰ ਨਾਲ ਦੱਸਿਆ ਹੈ, ਅਸਲ ਵਿੱਚ ਵਿਸਥਾਰ ਨਾਲ।

## 7. ਭਾਈ ਬ੍ਰਾਨਹਾਮ ਕੀ ਲੇਲੇ ਦੇ ਜੀਵਨ ਦੀ ਪੋਥੀ ਅਤੇ ਜੀਵਨ ਦੀ ਪੋਥੀ ਇੱਕ ਹੀ ਕਿਤਾਬ ਹੈ?

112 ਬਿਲਕੁੱਲ। ਕਿਉਂਕਿ ਇਹ ਹੀ ਉਹ ਪੋਥੀ ਹੈ ਜਿਹਦੇ ਵਿੱਚ ਸੰਪੂਰਣ ਛੁਟਕਾਰਾ ਲਿਖਿਆ ਹੋਇਆ ਹੈ । ਸਮਝੇ? ਉਹਨਾਂ ਦੇ ਨਾਮ ਇਸਦੇ ਵਿੱਚ ਹਨ। ਤੁਸੀਂ ਕਹਿੰਦੇ ਹੋ ਠੀਕ ਹੈ, ਭਾਈ ਬ੍ਰਾਨਹਾਮ, "ਸਾਡਾ ਨਾਮ ਲੇਲੇ ਦੇ ਜੀਵਨ ਦ ਪੋਥੀ ਵਿੱਚ ਲਿਖਿਆ ਗਿਆ ਸੀ । ਮੈਂ ਆਪਣਾ ਨਾਮ ਕਿਸੇ ਦੂਸਰੀ ਰਾਤ ਉਸ ਵਿੱਚ ਲਿਖਵਾਇਆ ਸੀ। " ਜੀ ਨਹੀਂ, ਤੁਸੀਂ ਇਹ ਨਹੀਂ ਕੀਤਾ ਸੀ। ਨਹੀਂ, ਤੁਸੀਂ ਇਸ ਤਰ੍ਹਾਂ ਨਹੀਂ ਕੀਤਾ ਸੀ। ਤੁਸੀਂ ਤਾਂ ਕਿਸੇ ਦੂਸਰੀ ਰਾਤ ਆਪਣਾ ਨਾਮ ਉਸ ਵਿੱਚ ਲਿਖਿਆ ਹੋਇਆ ਲੱਭਿਆ ਹੈ ; ਪ੍ਰੰਤੂ ਉਹ ਨਾਮ ਤਾਂ ਉਸ ਵਿੱਚ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਦੇ ਹੀ ਲਿਖ ਦਿੱਤੇ ਗਏ ਸਨ। ਸਮਝੇ? ਵੇਖੋ, ਇਸ ਤਰ੍ਹਾਂ ਹੈ ਕਿ ਇਹ ਇੱਕ ਹੀ ਪੋਥੀ ਹੈ।



338 ਨਹੀਂ ਜੀ, ਕਿਉਂਕਿ ਤਦ ਮਸੀਹ ਦਾ ਲਹੂ ਹਟ ਚੁੱਕਾ ਹੁੰਦਾ ਹੈ। ਤੁਸੀਂ ਵੇਖੋ ਕਿ ਤਦ ਕੋਈ ਵਿਚੋਲਗੀ ਦਾ ਕੰਮ ਨਹੀਂ ਹੁੰਦਾ ਹੈ । ਤਦ ਪਰਾਈਆਂ ਜਾਤੀਆਂ ਦਾ ਯੁੱਗ ਖਤਮ ਹੋ ਚੁੱਕਾ ਹੁੰਦਾ ਹੈ। ਸਵਰਗ ਤੇ ਉਠਾ ਲਏ ਜਾਣ ਤੋਂ ਬਾਦ ਕੋਈ ਕਲੀਸਿਯਾ ਨਹੀਂ ਬਚੇਗੀ, ਕੋਈ ਵੀ ਨਹੀਂ ਬਚੇਗਾ। ਫਿਰ ਤਾਂ ਜਿਹੜਾ ਦੁਸ਼ਟ ਹੈ, ਉਹ ਦੁਸ਼ਟ ਹੀ ਬਣਿਆ ਰਹੇ ਅਤੇ ਜਿਹੜਾ ਧਰਮੀ ਹੈ, ਉਹ ਧਰਮੀ ਹੀ ਬਣਿਆ ਰਹੇ। " ਜਦ ਕਲੀਸਿਯਾ ਜਾ ਚੁੱਕੀ ਹੁੰਦੀ ਹੈ ਤਾਂ ਫਿਰ ਇਸ ਤਰ੍ਹਾਂ ਨਹੀਂ ਹੋਵੇਗਾ ਕਿ -ਤਾਂ ਫਿਰ ਕੋਈ ਕਲੀਸਿਯਾ ਨਹੀਂ ਬਚੇਗੀ।

## 36. ਭਾਈ ਬ੍ਰਾਨਹਾਮ, ਮੈਂ ਤੁਹਾਡੇ ਤੇ ਧਿਆਨ ਦਿੱਤਾ ਸੀ ਕਿ ਤੁਸੀਂ ਪਹਿਲੀ ਮੋਹਰ ਦੇ ਸੰਦੇਸ਼ ਤੇ ਦਾਨੀਏਲ ਦੇ ਸੱਤਰ ਸਾਤਿਆਂ ਦਾ ਹਵਾਲਾ ਦੇ ਰਹੇ ਸੀ । ਮੈਂ ਦਾਨੀਏਲ ਦੇ ਸੱਤਰ ਸਾਤਿਆਂ ਤੇ ਜਿਹੜੇ ਟੇਪ ਸੁਣੇ ਹਨ ਉਨ੍ਹਾਂ ਤੋਂ ਇਹ ਸਮਝਿਆ ਹੈ ਕਿ ਜਦੋਂ ਖੁਸ਼ਖਬਰੀ ਯਹੂਦੀਆਂ ਵੱਲ ਮੁੜਦੀ ਹੈ ਤਾਂ ਸੱਤਰ ਸਾਤੇ ਸ਼ੁਰੂ ਹੁੰਦੇ ਹਨ । ਕੀ ਇੱਕ ਸੱਤਰ ....ਕੀ ਯਹੂਦੀਆਂ ਲਈ ਇੱਕ ਸਾਤਾ ਅਥਵਾ ਸੱਤ ਸਾਲ ਬਾਕੀ ਹਨ ? ਜਾਂ ਹਾਲੇ ਵੀ ਉਨ੍ਹਾਂ ਲਈ ਅੱਧਾ ਸਾਤਾ ਅਥਵਾ ਸਾਢੇ ਤਿੰਨ ਸਾਲ ਰਹਿੰਦੇ ਹਨ?

339 ਉਨ੍ਹਾਂ ਲਈ ਸਿਰਫ ਅੱਧਾ ਸਾਤਾ ਬਾਕੀ ਹੈ। ਜਿਵੇਂ ਕਿ ਭਵਿੱਖਬਾਣੀ ਕੀਤੀ ਗਈ ਸੀ , ਯਿਸੂ ਮਸੀਹ ਨੇ ਸਾਤੇ ਦੇ ਪਹਿਲੇ ਅੱਧੇ ਭਾਗ ਵਿੱਚ ਭਵਿੱਖਬਾਣੀ ਕੀਤੀ। ਸੋ ਉਨ੍ਹਾਂ ਲਈ ਸਿਰਫ ਅੱਧਾ ਸਾਤਾ ਬਾਕੀ ਰਹਿੰਦਾ ਹੈ।

**ਭਾਈ ਬ੍ਰਾਨਹਾਮ ਤੁਸੀਂ ਇਸ ਹਫਤੇ ਦੌਰਾਨ ਤਦ ਤੋਂ ਬੀਮਾਰਾਂ ਲਈ ਦੁਆ ਨਹੀਂ ਕੀਤੀ ਹੈ ਕੀ ਤੁਸੀਂ ......?....**

ਇਹ ਉਸਦੇ ਲਈ ਇੱਕ ਬੇਨਤੀ ਹੈ ........

**ਭਾਈ ਬ੍ਰਾਨਹਾਮ ਕੀ ਤੁਸੀਂ ਮੇਰੇ ਨਾਲ ਮੁਲਾਕਾਤ ਕਰੋਗੇ ....ਦੇ ਬਾਦ .....**

ਵੇਖੋ, ਇਹ ਇੱਕ ਬੇਨਤੀ ਹੈ ........

## 37. ਕਿਰਪਾ ਕਰਕੇ ਤੁਸੀਂ ਸ਼ੈਤਾਨ ਦੇ ਇੱਕ ਹਜ਼ਾਰ ਸਾਲ ਬੰਨ੍ਹੇ ਜਾਣ ਦੇ ਬਾਰੇ ਵਿੱਚ ਅਤੇ ਉਸਨੂੰ ਪ੍ਰਕਾਸ਼ ਦੀ ਪੋਥੀ 20:8 ਦੇ ਯੁੱਧ ਲਈ ਖੋਲ੍ਹੇ ਜਾਣ ਦੇ ਬਾਰੇ ਵਿੱਚ ਸਮਝਾਓਗੇ? ਜਿਵੇਂ ਕਿ ਚੌਥੀ ਮੋਹਰ ਵਿੱਚ ਬਿਆਨ ਕੀਤਾ ਗਿਆ ਹੈ, ਇਸਦਾ ਹਰਮਾਗਿਦਾਊਨ ਦੇ

333 ਜਦ ਉਸਦੇ ਕੋਲ ਕੋਈ ਦੂਸਰਾ ਸੰਦੇਸ਼ ਸੀ ਤਾਂ ਉਹ ਸਿੱਧਾ ਹੇਠਾਂ ਆਇਆ ਅਤੇ ਉਸਨੇ ਉਹ ਸੰਦੇਸ਼ ਦੱਸਿਆ ਅਤੇ ਫਿਰ ਵਾਪਸ ਮੁੜ ਗਿਆ ਅਤੇ ਸਿੱਧਾ ਜੰਗਲ ਵਿੱਚ ਚਲਾ ਗਿਆ। ਸਮਝੇ?

334 ਹੁਣ ਜੇ ਤੁਸੀਂ ਵੇਖੋ, ਜਦ ਮੈਂ ਉਸ ਭਵਨ ਦਾ ਖੂੰਜੇ ਦਾ ਪੱਥਰ ਰੱਖਿਆ ਸੀ ਤਾਂ ਉਸਨੇ ਕਿਹਾ ਸੀ, "ਤੂੰ ਪ੍ਰਚਾਰਕ ਦਾ ਕੰਮ ਕਰ। " ਅਤੇ ਹੁਣ ਉਹ ਸਮਾਂ ਆ ਰਿਹਾ ਹੈ ਜਦ ਕੰਮ ਅਲੱਗ ਹੋ ਰਿਹਾ ਹੈ। ਕੁਝ ਹੋਰ ਵਾਪਰ ਰਿਹਾ ਹੈ। ਫਿਰ ਮੈਂ ਉਸੇ ਤਰ੍ਹਾਂ ਹੀ ......ਵੇਖੋ ਮੈਂ ਇੱਥੇ ਆਉਂਦਾ ਹਾਂ ਅਤੇ ਪ੍ਰਚਾਰਕ ਦਾ ਕੰਮ ਅਤੇ ਹੋਰ ਕੁਝ ਕਰਨ ਦਾ ਯਤਨ ਕਰਦਾ ਹਾਂ ਅਤੇ ਵੇਖਦਾ ਹਾਂ ਕਿ ਤੁਸੀਂ ਕਿੱਥੇ ਹੋ? ਸਮਝੇ? ਤੁਸੀਂ ਹੋ .....ਔਹ, ਮੈਂ ਆਸ ਕਰਦਾ ਹਾਂ ਕਿ ਇਹ ਕਲੀਸਿਯਾ ਇਸਨੂੰ ਸਮਝਣ ਲਈ ਕਾਫੀ ਆਤਮਿਕ ਹੈ।

## 34. ਭਾਈ ਬ੍ਰਾਨਹਾਮ, ਮੈਂ ਸਮਝਦਾ ਹਾਂ ਕਿ ਏਲੀਯਾਹ ਨੂੰ ਤਿੰਨ ਵਾਰ ਆਉਣਾ ਚਾਹੀਦਾ ਹੈ । ਤੁਸੀਂ ਸਾਨੂੰ ਦੱਸਿਆ ਹੈ ਕਿ ਉਹ ਪਹਿਲਾਂ ਹੀ ਦੋ ਵਾਰ ਆ ਚੁੱਕਾ ਹੈ ਅਤੇ ਫਿਰ ਆਵੇਗਾ। ਹੁਣ, ਉਹ ਆਦਮੀ ਜਿਹਦੇ ਤੇ ਏਲੀਯਾਹ ਦਾ ਆਤਮਾ ਹੋਵੇਗਾ, ਉਹ ਉਸੇ ਮੂਸਾ ਅਤੇ ਏਲੀਯਾਹ ਜੋ ਕਿ ਦੋ ਗਵਾਹ ਹੋਣਗੇ, ਦੋਹਾਂ ਵਿੱਚੋਂ ਇੱਕ ਹੋਵੇਗਾ?

335 ਨਹੀਂ, ਨਹੀਂ। ਉਹ ਪਰਾਈਆਂ ਜਾਤੀਆਂ ਵਿੱਚੋਂ ਹੋਵੇਗਾ, ਅਤੇ ਉਹ ਪਰਾਈਆਂ ਜਾਤੀਆਂ ਦੀ ਕਲੀਸਿਯਾ ਲਈ ਹੋਵੇਗ। ਪ੍ਰਮੇਸ਼ੁਰ ਹਮੇਸ਼ਾਂ ਹੀ ਆਪਣੇ ਲੋਕਾਂ ਕੋਲ ਨਬੀ ਭੇਜਦਾ ਹੈ। "ਉਹ ਆਪਣਿਆਂ ਦੇ ਕੋਲ ਆਇਆ ਅਤੇ ਉਸਦੇ ਆਪਣਿਆਂ ਨੇ ਉਸਨੂੰ ਕਬੂਲ ਨਹੀਂ ਕੀਤਾ। " ਉਸਨੇ ਹਮੇਸ਼ਾਂ ਹੀ ਆਪਣੇ ਲੋਕਾਂ ਕੋਲ ਸਮੇਂ ਦਾ ਸੰਦੇਸ਼ ਭੇਜਿਆ ਹੈ।

336 ਜਦੋਂ ਖੁਦਾ ਯਹੂਦੀਆਂ ਨਾਲ ਵਿਵਹਾਰ ਕਰ ਰਿਹਾ ਸੀ ਤਾਂ ਕੋਈ ਪਰਾਈ ਜਾਤੀਆਂ ਦਾ ਨਬੀ ਨਹੀਂ ਆਉਣਾ ਸੀ। ਜਦ ਉਹ ਪਰਾਈਆਂ ਜਾਤੀਆਂ ਨਾਲ ਵਿਵਹਾਰ ਕਰ ਰਿਹਾ ਹੈ ਤਾਂ ਕੋਈ ਯਹੂਦੀ ਨਬੀ ਨਹੀਂ ਆਉਂਦਾ ਹੈ। ਜਦ ਪ੍ਰਮੇਸ਼ੁਰ ਫਿਰ ਯਹੂਦੀਆਂ ਵੱਲ ਮੁੜਦਾ ਹੈ ਤਾਂ ਕੋਈ ਪਰਾਈਆਂ ਜਾਤੀਆਂ ਦਾ ਨਬੀ ਨਹੀਂ ਹੋਵੇਗਾ। ਸਮਝੇ? ਕੀ ਤੁਹਾਨੂੰ ਸਮਝ ਲੱਗੀ ਮੇਰੇ ਕਹਿਣ ਦਾ ਕੀ ਮਤਲਬ ਹੈ? ਠੀਕ ਹੈ।

### ਸੁਰਗ ਤੇ ਉਠਾਏ ਜਾਣਾ ਹੋਣ ਤੋਂ ਬਾਦ ..........

337 ਹੁਣ, ਤਦ ਸੱਚਮੁੱਚ ਸਮੇਂ ਦਾ ਵੱਧਣਾ ਹੋਵੇਗਾ, ਇੱਕ ਸੰਦੇਸ਼ ਕਿਸੇ ਦੂਸਰੇ ਸਮੇਂ ਤੱਕ ਅੱਗੇ ਵਧੇਗਾ। ਇਹਨੂੰ ਤਾਂ ਉਸਦੇ ਅੰਦਰ ਠੀਕ ਇਸੇ ਤਰ੍ਹਾਂ ਹੀ ਆਉਣਾ ਪਵੇਗਾ ਜਿਵੇਂ ਕਿ ਮੈਂ ਇਹ ਸਮਝਾਇਆ ਸੀ, ਜਿਵੇਂ ਪੌਲੁਸ ਪਰਾਈਆਂ ਜਾਤੀਆਂ ਆਦਿ, ਆਦਿ ਲਈ ਸੀ। ਠੀਕ ਹੈ।

## 35. ਸੁਰਗ ਤੇ ਉਠਾ ਲਏ ਜਾਣ ਤੋਂ ਬਾਦ ਕੀ ਅੰਤ ਵਿੱਚ ਕੋਈ ਉਹ ਕਲੀਸਿਯਾ ਬਚੇਗੀ ਜਿਹੜੀ ਰੈਪਚਰ ਵਿੱਚ ਉਠਾਈ ਨਹੀਂ ਗਈ ਸੀ?



## 8. ਭਾਈ ਬ੍ਰਾਨਹਾਮ, ਕੀ ਇਹ ਸੱਚ ਹੈ ਕਿ ਹਰ ਇੱਕ ਉਹ ਯਹੂਦੀ ਜੋ ਜਦ ਤੋਂ ਮਸੀਹ ਆਇਆ ਹੈ ਜੰਮਿਆ ਹੈ ਬਚ ਜਾਵੇਗਾ ? ਅਤੇ ਉਹ ਇੱਕ ਲੱਖ ਚੁਤਾਲੀ ਹਜ਼ਾਰ ਕੌਣ ਹਨ? ਕੀ ਉਹ, ਉਹ ਹਨ ਜਿਹੜੇ ਪਵਿੱਤਰ ਆਤਮਾ ਨਾਲ ਮੋਹਰ ਕਰਨ ਨੂੰ ਪਹਿਲਾਂ ਹੀ ਠਹਿਰਾਏ ਹੋਏ ਹਨ। ਅਤੇ ਉਹਨਾਂ ਦੇ ਜੀਵਨ ਦਾ ਉਦੇਸ਼ ਕੀ ਹੈ?

113 ਇੱਥੇ ਤਿੰਨ ਪ੍ਰਸ਼ਨ ਪੁੱਛੇ ਗਏ ਹਨ ਪ੍ਰੰਤੂ ਹੁਣ ਅਸੀਂ ਪਹਿਲਾਂ ਪ੍ਰਸ਼ਨ ਵੇਖਾਂਗੇ :

### ਕੀ ਇਹ ਸੱਚ ਹੈ ਕਿ ਜਦ ਤੋਂ ਮਸੀਹ ਆਇਆ ਹੈ ਤਦ ਤੋਂ ਜੋ ਯਹੂਦੀ ਜਨਮੇ ਹਨ ਉਹ ਸੱਭ ਬਚਾਏ ਜਾਣਗੇ?

114 ਜੀ ਨਹੀਂ, ਹੋਰ ਕੋਈ ਨਹੀਂ ਬਸ ਉਹ ਹੀ ਬਚਣਗੇ ਜਿਨ੍ਹਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਜਗਤ ਦੀ ਉਤਪਤੀ ਤੋਂ ਪਹਿਲਾਂ ਦੇ ਲਿਖੇ ਹੋਏ ਹਨ ਭਾਵੇਂ ਉਹ ਯਹੂਦੀ ਹੋਵੇ ਜਾਂ ਪਰਾਈ ਜਾਤੀਆਂ ਵਿੱਚੋਂ। ਸਮਝੇ?ਬਸ ਇਹਦੇ ਬਾਰੇ ਵਿੱਚ ਇਹੋ ਹੈ। ਉਸ ਪੋਥੀ ਵਿੱਚ ਹੀ ਇਹ ਭੇਤ ਪਾਇਆ ਜਾਂਦਾ ਹੈ ਅਤੇ ਉਹ ਪੋਥੀ ਹੁਣ ਇਹਨੂੰ ਪ੍ਰਗਟ ਕਰ ਰਹੀ ਹੈ, ਉਹ ਹਰ ਇੱਕ ਨਾਮ ਤਾਂ ਪ੍ਰਗਟ ਨਹੀਂ ਕਰ ਰਹੀ ਹੈ ਪਰ ਉਹ ਪੋਥੀ ਇਹ ਪ੍ਰਗਟ ਕਰ ਰਹੀ ਹੈ ਕਿ ਇਸ ਪੋਥੀ ਦਾ ਭੇਤ ਕੀ ਹੈ ਜਦਕਿ ਇਹ ਉਹਨਾਂ ਨਾਮਾਂ ਨੂੰ ਬੁਲਾ ਰਹੀ ਹੈ। ਹੁਣ ਕੀ ਤੁਸੀਂ ਇਹਨੂੰ ਸਮਝ ਗਏ ਹੋ? ਸਮਝੇ?

115 ਉਹ ਪੋਥੀ ਇਹ ਨਹੀਂ ਕਹਿੰਦੀ ਹੈ, "ਹੁਣ, ਇਹ ਲੀ ਵੇਲ ਜਾਂ ਆੱਰਮਨ ਨੇਵਿਲ ਜਾਂ ਇਹ ਜੋ ਕੋਈ ਵੀ ਹੈ, ਇਸ ਕਲੀਸਿਯਾਈ ਯੁੱਗ ਦੇ ਸਮੇਂ ਦੌਰਾਨ ਬਚੇਗਾ। " ਜੀ ਨਹੀਂ, ਇਹ ਪੋਥੀ ਇਸ ਤਰ੍ਹਾਂ ਨਹੀਂ ਕਹਿੰਦੀ ਹੈ ਕਿ ਇਹ ਗੱਲਾਂ ਕੀ ਹਨ। ਪ੍ਰੰਤੂ ਅਸੀਂ ਨਿਹਚਾ ਨਾਲ ਇਹਦੀ ਪ੍ਰਤੀਤ ਕਰਦੇ ਹਾਂ। ਇਹ ਹੀ ਉਹ ਹੈ ਜੋ ਮੈਂ ਕਿਸੇ ਦੂਜੀ ਰਾਤ ਕਿਹਾ ਸੀ।

116 ਕਿਸੇ ਨੇ ਕਿਹਾ ਸੀ, "ਚੰਗਾ, ਮੈਨੂੰ ਇਹਦੇ ਲਈ ਕੋਈ ਕੋਸ਼ਿਸ਼ ਕਰਨ ਦੀ ਲੋੜ ਨਹੀਂ ਹੈ। ਭਾਈ ਬ੍ਰਾਨਹਾਮ ਨੇ ਕਿਹਾ ਸੀ, ਜੈਫਰਸਿਨਵਿਲੇ ਵਿੱਚੋਂ ਸਿਰਫ ਇੱਕ ਹੀ ਆਦਮੀਂ ਬਚੇਗਾ। " ਵੇਖਿਆ? ਹੁਣ, ਇਹ ਤਾਂ ਇੱਕ ਦ੍ਰਿਸ਼ਟਾਂਤ ਹੀ ਹੈ। ਇਸ ਤਰ੍ਹਾਂ ਨਹੀਂ ਹੈ, ਇੰਝ ਨਹੀਂ ਹੈ। ਹੋ ਸੱਕਦਾ ਹੈ ਕਿ ਹਜ਼ਾਰਾਂ ਬਚਣ। ਮੈਂ ਨਹੀਂ ਜਾਣਦਾ ਹਾਂ। ਮੈਂ ਨਿਹਚਾ ਕਰਦਾ ਹਾਂ ਕਿ ਉਹਨਾਂ ਵਿੱਚੋਂ ਹਰ ਕੋਈ ਬਚਿਆ ਹੋਇਆ ਹੈ। ਪ੍ਰੰਤੂ ਮੈਂ ਨਹੀਂ ਜਾਣਦਾ ਹਾਂ।

ਪ੍ਰੰਤੂ ਮੈਂ ਤਾਂ ਇਹਦਾ ਇਸ ਢੰਗ ਦੇ ਨਾਲ ਵਿਸ਼ਵਾਸ਼ ਕਰਨਾ ਚਾਹੁੰਦਾ ਹਾਂ ਕਿ, "ਉਹ ", ਇੱਕ ਵਿਅਕਤੀ ਮੈਂ ਹੀ ਹਾਂ। ਤੁਸੀਂ ਆਪਣੇ ਲਈ ਬਿਲਕੁੱਲ ਇਹੋ ਹੀ ਵਿਸ਼ਵਾਸ਼ ਕਰੋ। ਜੇ ਤੁਸੀਂ ਇਸ ਤਰ੍ਹਾਂ ਵਿਸ਼ਵਾਸ਼ ਨਹੀਂ ਕਰਦੇ ਹੋ ਤਾਂ ਤੁਹਾਡੇ ਵਿਸ਼ਵਾਸ਼ ਵਿੱਚ ਕੋਈ ਗੜਬੜ ਹੈ ਤੁਸੀਂ ਉਸ ਗੱਲ ਲਈ ਯਕੀਨੀ ਨਹੀਂ ਹੋ ਜਿਹੜੀ ਤੁਸੀਂ ਕਰ ਰਹੇ ਹੋ।

117 ਤੁਸੀਂ ਕਿਵੇਂ .....ਤੁਸੀਂ ਮੌਤ ਦੇ ਸਾਹਮਣੇ ਕਿਵੇਂ ਚੱਲ ਸੱਕਦੇ ਹੋ ਜਦਕਿ ਤੁਹਾਨੂੰ ਇਸ ਗੱਲ ਦਾ ਹੀ ਯਕੀਨ ਨਹੀਂ ਹੈ ਕਿ ਤੁਸੀਂ ਬਚੇ ਹੋਏ ਹੋ ਜਾਂ ਨਹੀਂ। ਸਮਝੇ? ਤੁਸੀਂ ਕਿਵੇਂ ਉੱਥੇ ਹੇਠਾਂ ਜਾ ਕੇ ਉਸ ਲੰਗੜੇ ਵਿਅਕਤੀ ਨੂੰ ਜੋ ਅੰਨ੍ਹਾ ਜਾਂ ਲੰਗੜਾ ਹੈ ਅਤੇ ਇੱਥੇ ਲੰਮਾ ਪਿਆ ਹੋਇਆ ਹੈ, ਇਹ ਕਹਿ ਸੱਕਦੇ ਹੋ, *"ਯਹੋਵਾਹ ਇਉਂ ਫਰਮਾਉਂਦਾ ਹੈ,* ਉੱਠ ਖੜਾ ਹੋ ! ਯਿਸੂ ਮਸੀਹ ਤੈਨੂੰ ਚੰਗਾ ਕਰਦਾ ਹੈ। "?

118 ਤੁਸੀਂ ਖੜੇ ਹੋ ਕੇ ਕਿਵੇਂ ਉਸ ਠੰਢੀ ਦੇਹ ਨੂੰ ਜੋ ਮਰੀ ਹੋਈ ਹੈ ਅਤੇ ਕਈ ਘੰਟਿਆਂ ਤੋਂ ਮਰੀ ਹੋਈ ਅਤੇ ਠੰਢੀ ਪਈ ਹੋਈ ਹੈ ਇਹ ਕਹਿ ਸੱਕਦੇ ਹੋ, *"ਯਹੋਵਾਹ ਇਉਂ ਫਰਮਾਉਂਦਾ ਹੈ,* ਆਪਣੇ ਪੈਰਾਂ ਤੇ ਖੜਾ ਹੋ ਜਾ "? ਚੰਗਾ ਤਾਂ ਇਹੋ ਹੈ ਕਿ ਜੋ ਤੁਸੀਂ ਕਹਿ ਰਹੇ ਹੋ ਤੁਹਾਨੂੰ ਪਤਾ ਹੋਵੇ ਕਿ ਤੁਸੀਂ ਕੀ ਕਹਿ ਰਹੇ ਹੋ। ਸਮਝੇ?

119 ਚੰਗਾ, ਤੁਸੀਂ ਕਹਿੰਦੇ ਹੋ, "ਮੌਤ ਹਰ ਚੀਜ਼ ਦਾ ਦਾਅਵਾ ਕਰਦੀ ਹੈ। ਇਹ ਸੱਭ ਖਤਮ ਹੋ ਗਿਆ ਹੈ। " ਜੀ ਹਾਂ, ਪ੍ਰੰਤੂ ਜਦੋਂ ਖੁਦਾ ਦਾ ਵਚਨ ਪ੍ਰਗਟ ਹੁਦਾ ਹੈ ਤਾਂ ਤੁਸੀਂ ਜਾਣਦੇ ਹੋ ਕਿ ਇਹ ਖੁਦਾ ਹੈ ਜੋ ਚੀਜ਼ਾਂ ਨੂੰ ਬਦਲ ਦਿੰਦਾ ਹੈ। ਇਹ ਠੀਕ ਹੈ।

120 ਹੁਣ, ਹਾਂ ਜੀ। ਇਹ ਯਹੂਦੀ ਨਹੀਂ ਹਨ .....ਸਾਰੇ ਯਹੂਦੀ ਬਚਾਏ ਨਹੀਂ ਜਾਣਗੇ। ਨਹੀਂ ਜੀ ਸ਼੍ਰੀਮਾਨ। ਸਿਰਫ ਉਹ ਜਿਹੜੇ .....ਜਦੋਂ ਉਹ ਯਹੂਦੀਆਂ ਦੇ ਬਾਰੇ ਵਿੱਚ ਕਹਿ ਰਿਹਾ ਹੈ .....ਯਹੂਦੀ ਤਾਂ ਸਿਰਫ ਇੱਕ ਨਾਮ ਹੈ ਜਿਹੜਾ ਉਹਨਾਂ ਨੂੰ ਤਦ ਦਿੱਤਾ ਗਿਆ ਜਦ ਉਹਨਾਂ ਛੱਡਿਆ, ਮੇਰਾ ਵਿਸ਼ਵਾਸ਼ ਹੈ ਕਿ ਜਦ ਨਬੂਕਦਨੱਸਰ ਸੀ ਜਿਹਨੇ ਉਹਨਾਂ ਨੂੰ ਯਹੂਦੀ ਕਹਿਣਾ ਸ਼ੁਰੂ ਕੀਤਾ ਸੀ ਕਿਉਂਕਿ ਇਹ ਯਹੂਦਾ ਦਾ ਗੋਤ ਸੀ ਜੋ ਉੱਥੇ ਲਿਜਾਇਆ ਗਿਆ ਸੀ। ਅਤੇ ਉਹਨਾਂ ਨੂੰ ਇੱਕ ਨਾਮ ਦਿੱਤਾ ਗਿਆ ਅਥਵਾ ਉਹਨਾਂ ਨੂੰ ਯਹੂਦੀ ਕਿਹਾ ਗਿਆ, ਕਿਉਂਕਿ ਉਹ ਯਹੂਦਿਆ ਵਿੱਚੋਂ ਆਏ ਸਨ ਅਤੇ ਉਹਨਾਂ ਨੇ ਯਹੂਦੀ ਨਾਮ ਪਾਇਆ ਸੀ।

121 ਪ੍ਰੰਤੂ ਹੁਣ ਇਸਰਾਏਲ ਭਿੰਨ ਹੈ। ਯਹੂਦੀ ਅਤੇ ਇਸਰਾਏਲੀ ਬਿਲਕੁੱਲ ਅਲੱਗ-ਅਲੱਗ ਹਨ। ਹਰ ਇੱਕ ਯਹੂਦੀ -ਹਰੇਕ ਯਹੂਦੀ ਇਸਰਾਏਲੀ ਨਹੀਂ ਹੈ। ਜੀ ਨਹੀਂ, ਉਹ ਤਾਂ ਬਸ ਇੱਕ ਯਹੂਦੀ ਹੈ। ਪਰ ਫਿਰ ਇਸਰਾਏਲ ....ਪੌਲੁਸ ਨੇ ਇਹ ਕਦੇ ਨਹੀਂ ਕਿਹਾ ਸੀ ਕਿ ਸਾਰੇ ਯਹੂਦੀ ਬਚਾਏ ਜਾਣਗੇ । ਉਹਨੇ ਕਿਹਾ ਸੀ, "ਸਾਰਾ ਇਸਰਾਏਲ ਬਚਾਇਆ ਜਾਵੇਗਾ। " ਕਿਉਂ?ਕਿਉਂਕਿ ਇਸਰਾਏਲ ਇੱਕ ਨਾਮ ਸੀ, ਇਹ ਪੁਰਾਣੇ ਸਮੇਂ ਵਿੱਚ ਛੁਟਕਾਰੇ ਦਾ ਨਾਮ ਸੀ। ਸਮਝੇ?ਅਤੇ ਸਾਰੇ ਇਸਰਾਏਲੀ ਬਚਾਏ ਜਾਣਗੇ, ਪ੍ਰੰਤੂ ਸਾਰੇ ਯਹੂਦੀ ਬਚਾਏ ਨਹੀਂ ਜਾਣਗੇ--ਯਹੂਦੀਵਾਦ ਬਚ ਜਾਵੇਗਾ। ਸਮਝੇ?

122 ਜਿਵੇਂ ਕਿ ਪਰਾਈਆਂ ਜਾਤੀਆਂ ਹਨ, ਇਸ ਤਰ੍ਹਾਂ ਹੋਵੇਗਾ ਕਿ .......ਇਹਨਾਂ ਜੱਥੇਬੰਦੀਆਂ ਵਿੱਚ, ਪਰਾਈਆਂ ਜਾਤੀਆਂ ਦੇ ਹਜ਼ਾਰਾਂ ਗੁਣਾ ਹਜ਼ਾਰਾਂ ਲੋਕ ਹਨ-ਜੀ ਹਾਂ, ਸੁਭਾਵਕ ਤੌਰ ਤੇ ਇਹਨਾਂ ਮਿਸ਼ਨਾਂ ਵਿੱਚ ਲੱਖਾਂ ਹੀ ਲੋਕ ਹਨ ਅਤੇ ਉਹ ਆਪਣੇ ਆਪ ਨੂੰ ਮਸੀਹੀ, ਮਸੀਹ ਦੀ ਕਲੀਸਿਯਾ ਆਖਦੇ ਹਨ ਅਤੇ ਉਹ ਆਪਣੇ ਲਈ ਇਸੇ ਤਰ੍ਹਾਂ ਦੇ ਕਈ ਨਾਮ ਵਰਤਦੇ ਹਨ। ਪ੍ਰੰਤੂ ਇਹਦਾ ਕੋਈ ਵੀ ਮਤਲਬ ਨਹੀਂ ਹੈ। ਨਹੀਂ .....ਇਹਦਾ ਮਤਲਬ ਇਹ ਨਹੀਂ ਕਿ ਉਹ ਬਚ ਜਾਣਗੇ।



ਆਉਂਦਾ ਹੈ ਅਤੇ ਚਾਰੇ ਪਾਸੇ ਨਿਗਾਹ ਮਾਰਦਾ ਹੈ ਤਾਂ ਉਹ ਆਦਮੀ ਉੱਥੇ ਸੀ .....ਉਹ ....ਇਹ ਪਹਿਲਾਂ ਅਜੀਬ ਬੱਤਖਾਂ ਰਹੇ ਹਨ, ਹੁਣ ਇਹ ਅਜੀਬ ਬੱਤਖ ਹੈ। ਵੇਖਿਆ?" ਤੂੰ ਬਿਨਾਂ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਅਤੇ ਇਨ੍ਹਾਂ ਸੱਭ ਗੱਲਾਂ ਦੇ ਬਿਨਾਂ ਇੱਥੇ ਕੀ ਕਰ ਰਿਹਾ ਹੈਂ ? ਤੂੰ ਇੱਥੇ ਅੰਦਰ ਕਿਵੇਂ ਆ ਗਿਆ?" ਇਹ ਠੀਕ ਹੈ ਕਿ ਉਹ ਬੂਹੇ ਦੇ ਪਾਸਿਓਂ, ਕਿਸੇ ਪਾਸੇ ਦੀ ਅੰਦਰ ਆ ਜਾਂਦਾ ਹੈ। ਉਹ ਠੀਕ ਸੱਦੇ ਤੋਂ ਬਿਨਾਂ ਹੀ ਆਉਂਦਾ ਹੈ। ਸਮਝੇ?ਉਹ ਕਿਸੇ ਸਿੱਖਿਆ ਕੇਂਦਰ ਦੇ ਤੰਤਰ ਰਾਹੀਂ ਜਾਂ ਇਸੇ ਤਰ੍ਹਾਂ ਦੇ ਕਿਸੇ ਹੋਰ ਥਾਂ ਰਾਹੀਂ ਅੰਦਰ ਆਉਂਦਾ ਹੈ, ਅਤੇ ਅੰਦਰ ਵੜ ਜਾਂਦਾ ਹੈ।

329 ਅਤੇ ਉਹ ਅੰਦਰ ਆਉਂਦਾ ਹੈ ਅਤੇ ਉਹ ਉਨ੍ਹਾਂ ਨੂੰ ਆਖਦਾ ਹੈ, ਇਸਦੇ ਹੱਥ ਪੈਰ ਬੰਨ੍ਹ ਕੇ ਬਾਹਰ ਦੇ ਅੰਧਕੋਰ ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਵਿਲਕਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ। " ਸਮਝੇ? ਉਹ ਕਸ਼ਟ ਕਾਲ ਦੇ ਸਮੇਂ ਵਿੱਚ ਚਲਾ ਜਾਂਦਾ ਹੈ। ਸਮਝੇ? ਉਹ ਬੂਹੇ ਰਾਹੀਂ ਅੰਦਰ ਨਹੀਂ ਆਇਆ ਸੀ। ਇਸ ਲਈ, ਠੀਕ ਹੈ।

## 32. ਕੀ ਮਲਾਕੀ 4 ਦਾ ਏਲੀਯਾਹ ਮਲਾਕੀ 3 ਦਾ ਏਲੀਯਾਹ ਹੈ ਜਿਨ੍ਹਾਂ ਦਾ ਵਰਣਨ ਪ੍ਰਕਾਸ਼ ਦੀ ਪੋਥੀ 11:3 ਵਿੱਚ ਕੀਤਾ ਗਿਆ ਹੈ? ਜਾਂ ਇਹ ਕੋਈ ਹੋਰ ਗਵਾਹ ਹੈ .....ਕੀ ਇਹ ਦੋਨੋਂ ਗਵਾਹ ਦੋ ਅਲੱਗ-ਅਲੱਗ ਆਦਮੀ ਹਨ?

330 ਜੀ ਹਾਂ, ਮਲਾਕੀ 4 ਦਾ ਏਲੀਯਾਹ ਮਲਾਕੀ 3 ਦਾ ਏਲੀਯਾਹ ਨਹੀਂ ਹੈ। ਅਸੀਂ ਕੱਲ ਰਾਤ ਇਹਦਾ ਅਧਿਐਨ ਕਰ ਚੁੱਕੇ ਹਾਂ । ਪ੍ਰਸ਼ਨ ਇਹ ਹੈ, "ਕੀ ਇਹ ਦੋ ਗਵਾਹ ਦੋ ਅਲੱਗ-ਅਲੱਗ ਵਿਅਕਤੀ ਹੋਣਗੇ?" ਜੀ ਹਾਂ, ਸ਼੍ਰੀ ਮਾਨ ਜੀ, ਮੇਰੇ ਪ੍ਰਕਾਸ਼ ਅਨੁਸਾਰ ਉਹ ਮੂਸਾ ਅਤੇ ਏਲੀਯਾਹ ਹੋਣਗੇ। ਹੁਣ, ਮੈਂ ਤੁਹਾਨੂੰ ਇੱਥੇ ਬਹੁਤੀ ਦੇਰ ਰੋਕ ਕੇ ਨਹੀਂ ਰੱਖਣਾ ਚਾਹੁੰਦਾ ਹਾਂ।

## 33. ਭਾਈ ਬ੍ਰਾਨਹਾਮ, ਮੇਰਾ ਵਿਸ਼ਵਾਸ਼ ਹੈ ਕਿ ਪਹਿਲੀ ਰਾਜਿਆਂ ਦੀ ਪੋਥੀ 19 ਬਾਬ ਵਿੱਚ ਜਿਨ੍ਹਾਂ ਲੋਕਾਂ ਨੇ ਆਪਣੇ ਗੋਡੇ ਨਹੀਂ ਟੇਕੇ ਸਨ ਉਨ੍ਹਾਂ ਦੀ ਗਿਣਤੀ ......

331 ਹਾਂ ਜੀ ਇਹ ਸਹੀ ਗੱਲ ਹੈ। ਇਹ ਸੱਤ ਸੌ ਦੀ ਬਜਾਏ ....ਧੰਨਵਾਦ। ਇਹ ਠੀਕ ਹੈ। ਉਹ ਸੱਤ ਹਜਾਰ ਦੀ ਬਜਾਏ ਸੱਤ ਸੌ ਸਨ ...."ਭਾਈ ਬ੍ਰਾਨਹਾਮ ", ਉਹ ਸੱਤ ਸੌ ਦੀ ਬਜਾਏ ਸੱਤ ਹਜ਼ਾਰ ਹੀ ਹਨ। ਹੁਣ, ਕੀ ਤੁਸੀਂ ਇਹਨੂੰ ਸਮਝ ਗਏ ਹੋ?

332 ਤੁਸੀਂ ਅਸਲ ਵਿੱਚ ਜਾਣਦੇ ਹੋ ਕਿ ਜਦ ਕੋਈ ਆਦਮੀ ਇਸ ਤਰ੍ਹਾਂ ਪ੍ਰਚਾਰ ਕਰਨ ਆਉਂਦਾ ਹੈ ....ਹੁਣ, ਮੈਂ ਤੁਹਾਥੋਂ ਕੁਝ ਪੁੱਛਣਾ ਚਾਹੁੰਦਾ ਹਾਂ ਜਿਹਦੇ ਨਾਲ ਕੀ ਤੁਸੀਂ ਇਸਨੂੰ ਸਮਝ ਜਾਓਗੇ। ਜਦ ਏਲੀਯਾਹ ਜੰਗਲ ਵਿੱਚੋਂ ਨਿੱਕਲ ਕੇ ਆਇਆ ਤਾਂ ਉਸਦੇ ਕੋਲ ਇੱਕ ਸੰਦੇਸ਼ ਸੀ । ਉਹ ਜੰਗਲ ਵਿੱਚੋਂ ਆਇਆ ਅਤੇ ਸਿੱਧਾ ਹੇਠਾਂ ਆਇਆ ਅਤੇ ਉਸਨੇ ਰਾਜੇ ਨੂੰ ਦੱਸਿਆ, "ਜਦ ਤੱਕ ਮੈਂ ਨਾ ਕਹਾਂ ਅਕਾਸ਼ ਤੋਂ ਪਾਣੀ ਦਾ ਇੱਕ ਤੁਪਕਾ ਵੀ ਨਹੀਂ ਡਿੱਗੇਗਾ। " ਇਹ ਵਚਨ ਸਨ ਜਿਹੜੇ ਉਸਦੇ ਕੋਲ ਸਨ ਅਤੇ ਫਿਰ ਉਹ ਸਿੱਧਾ ਵਾਪਸ ਚਲਾ ਗਿਆ ਅਤੇ ਉਸਨੇ ਕਿਸੇ ਨੂੰ ਕੁਝ ਨਹੀਂ ਕਿਹਾ। ਸਮਝੇ?

## 31. ਭਾਈ ਬ੍ਰਾਨਹਾਮ,ਪ੍ਰਭੂ ਯਿਸੂ ਦੇ ਨਾਮ ਵਿੱਚ ਸ਼ੁੱਭ ਕਾਮਨਾਵਾਂ। ਕਿਰਪਾ ਕਰਕੇ ਸਮਝਾਓ ਕਿ ਮੱਤੀ 22:11ਵਿੱਚ ਜਿਹੜਾ ਆਦਮੀ ਵਿਆਹ ਦੇ ਕੱਪੜੇ ਪਹਿਨੇ ਹੋਏ ਨਹੀਂ ਹੈ, ਜਿਸ ਆਦਮੀ ਨੇ ਵਿਆਹ ਵਾਲੇ ਕੱਪੜੇ ਨਹੀਂ ਪਾਏ ਸਨ, ਉਹ ਕੌਣ ਸੀ .....ਮੈਂ ਜਾਣਦਾ ਹਾਂ ਕਿ ਇਹ ਆਦਮੀ ਵਿਆਹ ਦੇ ਕੱਪੜੇ ਪਹਿਨੇ ਬਿਨਾਂ ਸੁਰਗ ਦੇ ਅੰਦਰ ਨਹੀਂ ਜਾ ਸੱਕਦਾ ਹੈ । ਮੈਂ ਸਮਝਦਾ ਹਾਂ ਕਿ ਇਹ ਲਾੜੀ ਨਹੀਂ ਸੀ,ਇਹ ਤਾਂ ਮਹਿਮਾਨ ਸੀ।

324 ਹਾਂ ਜੀ, ਇਹ ਸਹੀ ਹੈ । ਉਹ ਮਹਿਮਾਨ ਹੋਵੇਗਾ। ਜੀ ਹਾਂ ਉਹ ਤਾਂ ਬਸ ਅੰਦਰ ਵੜ ਜਾਂਦਾ ਹੈ। ਸਮਝੇ? ਹੁਣ, ਵੇਖੋ । ਹੁਣ ਮੈਂ .....ਇਸਦੇ ਉੱਤੇ ਇੱਕ ਪ੍ਰਚਾਰ ਹੀ ਕਰ ਸੱਕਦਾ ਹਾਂ। ਹੁਣ ਮੇਰੇ ਕੋਲ ਦਸ ਮਿੰਟ ਹਨ ਕਿ ਮੈਂ ਬਿਮਾਰਾਂ ਲਈ ਦੁਆ ਕਰਾਂ ਅਤੇ ਇਸ ਸਭਾ ਨੂੰ ਬਰਖਾਸਤ ਕਰਾਂ। ਅਤੇ ਮੇਰਾ ਅੰਦਾਜ਼ਾ ਹੈ ਕਿ ਮੈਂ ਉਨ੍ਹਾਂ ਵਿੱਚੋਂ ਲੱਗ-ਭੱਗ ਅੱਧੇ ਸਵਾਲਾਂ ਦੇ ਜਵਾਬ ਦੇ ਚੁੱਕਾ ਹਾਂ । ਧਿਅਨ ਦਿਓ । ਪਰ ਮੈਂ --ਮੈਂ ਇਸ ਪ੍ਰਸ਼ਨ ਤੋਂ ਬਾਦ ਜਰੂਰ ਜਲਦੀ ਕਰਾਂਗਾ । ਸਮਝੇ?

325 ਜੇ ਤੁਹਾਨੂੰ ਪੂਰਬੀ ਦੇਸ਼ਾਂ ਦੇ ਰਿਵਾਜ਼ ਬਾਰੇ ਪਤਾ ਹੈ ਤਾਂ ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਇੱਥੇ ਇਹ ਹੀ ਵਾਪਰਿਆ ਸੀ। ਵੇਖਿਆ? ਜਦੋਂ ਕੋਈ ਲਾੜਾ ਆਪਣੇ ਵਿਆਹ ਤੇ ਲੋਕਾਂ ਨੂੰ ਸੱਦਾ ਦਿੰਦਾ ਹੈ ਤਾਂ ਉਹ ਬਹੁਤ ਸਾਰੇ ਸੱਦੇ ਦਿੰਦਾ ਹੈ। ਅਤੇ ਹਰੇਕ ਸੱਦੇ ਲਈ ਉਹ ਇੱਕ ਨਿਉਤਾ ਦੇਣ ਵਾਲੇ ਨੂੰ ਭੇਜਦਾ ਹੈ। ਉਹ ਦਰਵਾਜੇ ਤੇ ਨਿਉਤਾ ਦੇਣ ਵਾਲੇ ਨੂੰ ਖੜ੍ਹਾ ਕਰਦਾ ਹੈ ਤਾਂ ਕਿ ਉਹ ਸੱਦੇ ਗਏ ਆਦਮੀ ਦੇ ਕੱਪੜੇ ਪਹਿਨਾਏ। ਚਾਹੇ ਸੱਦਿਆ ਹੋਇਆ ਆਦਮੀ ਗਰੀਬ ਹੋਵੇ ਜਾਂ ਅਮੀਰ ਜਾਂ ਜੋ ਕੋਈ ਵੀ ਹੋਵੇ ਉਸਨੇ ਤਾਂ .....ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ ਚਾਹੇ ਉਹ ਕੋਈ ਵੀ ਹੋਵੇ ਉਨਾਂ ਸਭਨਾਂ ਨੇ ....ਵਿਆਹ ਦੇ ਇਹ ਕੱਪੜੇ ਪਾਉਣੇ ਹੁੰਦੇ ਸਨ।

326 ਜਦੋਂ ਉਹ ਬੂਹੇ ਤੇ ਖੜੇ ਹੁੰਦੇ ਹਨ ਤਾਂ ਉਹ ਇਸਨੂੰ ਉਸਦੇ ਪਹਿਨਾਉਂਦੇ ਹਨ, ਇਹ ਉਸਦੇ ਬਾਹਰਲੇ ਪਾਸੇ ਨੂੰ ਢੱਕਦਾ ਹੈ। ਉਹ ਤਾਂ ਸੱਦਿਆ ਹੋਇਆ ਹੈ ਭਾਵੇਂ ਉਹ ਲੱਖਪਤੀ ਹੋਵੇ ਜਾਂ ਭਾਵੇਂ ਕੰਗਾਲ ਹੋਵੇ, ਭਾਵੇਂ ਉਹ ਇੱਕ ਕਿਸਾਨ ਹੋਵੇ ਭਾਵੇਂ ਉਹ ਟੋਏ ਪੁੱਟਣ ਵਾਲਾ ਹੋਵੇ ਜਾਂ ਭਾਵੇਂ ਉਹ ਕੋਈ ਵੀ ਹੋਵੇ, ਜਾਂ ਭਾਵੇਂ ਉਹ ਅਮੀਰ ਹੋਵੇ ,ਉਹ ਇਸ ਸਮੇਂ ਉਸੇ ਕੱਪੜਿਆਂ ਨੂੰ ਪਾਏ ਹੋਏ ਉਥੇ ਹੁੰਦਾ ਸੀ। ਕਿਉਂਕਿ ਉਹ ਕੱਪੜੇ ਤਾਂ ਉਸਨੂੰ ਬੂਹੇ ਤੇ ਉਸੇ ਵੇਲੇ ਹੀ ਪੁਆ ਦਿੱਤੇ ਜਾਂਦੇ ਸਨ ਜਦ ਉਹ ਬੂਹੇ ਦੇ ਅੰਦਰ ਦਾਖਲ ਹੁੰਦਾ ਸੀ।

327 ਹੁਣ ਤੁਸੀਂ ਸੰਤ ਯੂਹੰਨਾ 10 ਬਾਬ ਲਵੋ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਹੋ ਹੀ ਹੈ ਜਿੱਥੇ ਉਸਨੇ ਕਿਹਾ ਸੀ, " ਮੈਂ ਹੀ ਦਰਵਾਜ਼ਾ ਹਾਂ। " ਸਮਝੇ? "ਮੈਂ ਉਹ ਬੂਹਾ ਹਾਂ ........ਜਿਹਦੇ ਵਿੱਚ ਦੀ ਹੋ ਕੇ ਤੁਸੀਂ ਅੰਦਰ ਦਾਖਲ ਹੁੰਦੇ ਹੋ। " ਹੁਣ ਉੱਥੇ ਉਹ ਖੜ੍ਹਾ ਹੈ ਅਤੇ ਇੱਥੇ ਉਹ ਵਿਅਕਤੀ ਜਦ ਉਹ ਅੰਦਰ ਆਉਂਦਾ ਹੈ,ਤਾਂ ਕੱਪੜੇ ਪੁਆਉਣ ਦੇ ਲਈ, ਪਵਿੱਤਰ ਆਤਮਾ ਦੇਣ ਲਈ ਧਾਰਮਿਕਤਾ ਦੇ ਕੱਪੜੇ ਪੁਆਉਣ ਲਈ ਖੜ੍ਹਾ ਹੁੰਦਾ ਹੈ।

328 ਹੁਣ, ਇਹ ਆਦਮੀ ਕਿਸੇ ਮਿਸ਼ਨ ਰਾਹੀਂ, ਕਿਸੇ ਖਿੜਕੀ ਵਿੱਚੋਂ, ਕਿਸੇ ਖੁੱਡ ਵਿੱਚ ਦੀ ਅੰਦਰ ਵੜ ਜਾਂਦਾ ਹੈ। ਅਤੇ ਉਹ ਜਾ ਕੇ ਮੇਜ਼ ਤੇ ਬੈਠ ਜਾਂਦਾ ਹੈ। ਅਤੇ ਬਾਦ ਵਿੱਚ ਜਦੋਂ ਲਾੜਾ



ਲੋਕ ਕਹਿੰਦੇ ਹਨ ਕਿ, " ਤੁਹਾਨੂੰ ਇਹਦਾ ਉਹਦਾ ਜਾਂ ਕਿਸੇ ਸੰਸਥਾ ਦਾ ਮੈਂਬਰ ਬਣਨਾ ਪੈਣਾ ਹੈ। ਜੇ ਤੁਹਾਡਾ ਨਾਮ ਸਾਡੇ ਚਰਚ ਦੇ ਰਜਿਸਟਰ ਵਿੱਚ ਦਰਜ ਨਹੀਂ ਹੈ ਤਾਂ ਤੁਸੀਂ ਨਾਸ਼ ਹੋ ਜਾਓਗੇ। " ਹੁਣ ਇਹ ਤਾਂ ਇੱਕ ਮੱਤ ਹੈ। ਇਹ ਤਾਂ ਸਿਰਫ ਇੱਕ ਮੱਤ ਹੀ ਹੈ। ਸਮਝੇ?

123 ਸਿਰਫ ਇੱਕ ਹੀ ਤਰੀਕਾ ਹੈ ਜਿਹਦੇ ਨਾਲ ਤੁਸੀਂ ਬਚ ਸੱਕਦੇ ਹੋ ਅਤੇ ਉਹ ਇਹ ਹੈ, "ਇਹ ਨਾ ਤਾਂ ਚਾਹੁਣ ਵਾਲੇ ਦੀ ਇੱਛਾ ਅਤੇ ਨਾ ਹੀ ਦੌੜਨ ਵਾਲੇ ਦੀ ਇੱਛਾ .....ਪ੍ਰੰਤੂ ਦਯਾ ਕਰਨ ਵਾਲੇ ਪ੍ਰਮੇਸ਼ੁਰ ਤੇ ਨਿਰਭਰ ਹੈ। " ਅਤੇ ਪ੍ਰਮੇਸ਼ੁਰ ਨੇ ਆਪਣੇ ਅਗੇਤੇ ਗਿਆਨ ਦੁਆਰਾ ਆਪਣੀ ਮਹਿਮਾਂ ਲਈ ਇੱਕ ਸੱਚੀ ਕਲੀਸਿਯਾ ਪਹਿਲਾਂ ਤੋਂ ਹੀ ਠਹਿਰਾਈ ਹੈ ਅਤੇ ਇਹ ਹੀ ਹੈ ਜਿਹੜੀ ਮੁਕਤੀ ਪਾਈ ਹੋਈ ਹੈ। ਹੁਣ ਤੁਹਾਡਾ ਵਿਸ਼ਵਾਸ਼ ਉੱਥੇ ਮਜ਼ਬੂਤੀ ਨਾਲ ਲੰਗਰ ਸੁੱਟੇ ਹੋਏ ਹੈ........

124 ਤੁਸੀਂ ਆਖਦੇ ਹੋ, "ਮੇਰੀ ਨਿਹਚਾ ਉੱਥੇ ਲੰਗਰ ਪਾਏ ਹੋਏ ਹੈ। " ਅਤੇ ਤੁਸੀਂ ਨਿਗਾਹ ਮਾਰ ਕੇ ਵੇਖੋ ਕਿ ਤੁਸੀਂ ਕਿਸ ਕਿਸਮ ਦਾ ਜੀਵਨ ਬਤੀਤ ਕਰ ਰਹੇ ਹੋ । ਤੁਸੀਂ ਉਹਨੂੰ ਚੱਟਾਨ ਤੇ ਪਾਉਣ ਦੀ ਬਜਾਏ ਰੇਤ ਤੇ ਪਾਇਆ ਹੋਇਆ ਹੈ। ਪਹਿਲੀ ਛੋਟੀ ਜਿਹੀ ਛੱਲ ਹੀ ਉਸਨੂੰ ਪੁੱਟ ਸੁੱਟੇਗੀ।

125 ਇਹ ਹੋਵੇ ਕਿ ਵਚਨ ਹੀ ਕਿਸੇ ਚੀਜ਼ ਦੇ ਅੰਦਰ ਪ੍ਰਗਟ ਹੋਵੇ। ਤੁਸੀਂ ਕਹਿੰਦੇ ਹੋ, "ਮੇਰੀ ਕਲੀਸਿਯਾ ਉਹਦੀ ਸਿੱਖਿਆ ਨਹੀਂ ਦਿੰਦੀ ਹੈ। " ਇਹ ਪ੍ਰਗਟ ਕਰਦਾ ਹੈ ਕਿ ਤਦ ਤਾਂ ਤੁਸੀਂ ਆਪਣਾ ਲੰਗਰ ਚੱਟਾਨ ਉੱਤੇ ਨਹੀਂ ਪਾਇਆ ਹੋਇਆ ਸੀ। ਤੁਸੀਂ ਤਾਂ ਰੇਤ ਉੱਤੇ ਸੀ-ਜੀ ਹਾਂ, ਇਹ ਠੀਕ ਹੈ। ਇਸ ਲਈ ਹੁਣ । ਤੁਸੀਂ ਸਮਝੇ?

## ਅਤੇ ਕੀ ਉਹ ਇੱਕ ਲੱਖ ਚੁਤਾਲੀ ਹਜ਼ਾਰ ਪਹਿਲਾਂ ਤੋਂ ਹੀ ਚੁਣੇ ਹੋਏ ਹਨ?

126 ਜੀ ਹਾਂ, ਸ਼੍ਰੀਮਾਨ। ਉਹ ਇਸਰਾਏਲ ਹੈ, ਉਹ ਆਤਮਿਕ ਇਸਰਾਏਲ ਹੈ।

127 ਜਰਾ ਸੋਚੋ ਕਿ ਉਹਨਾਂ ਵਿੱਚੋਂ ਉੱਥੇ ਲੱਖਾਂ ਹੀ ਲੋਕ ਹੋਣਗੇ । ਮੈਂ ਨਹੀਂ ਜਾਣਦਾ ਹਾਂ ਕਿ ਇਸ ਸਮੇਂ ਉੱਥੇ ਕਿੰਨੇ ਹਨ, ਮੇਰਾ ਅੰਦਾਜ਼ਾ ਹੈ ਕਿ ਉੱਥੇ ਪੂਰਾ ਇੱਕ ਝੁੰਢ ਹੈ ਪ੍ਰੰਤੂ ਉਹ ਸੱਭ ਬਚਾਏ ਨਹੀਂ ਜਾਣਗੇ ਕਿਉਂਕਿ ਉਹ ਯਹੂਦਿਆ ਵਿੱਚ ਨਹੀਂ ਹਨ। ਸਮਝੇ?

ਕਿ ਤੁਹਾਡੇ ਕੋਲ ਕੋਈ ਵਿਚਾਰ ਹੈ ਕਿ ਇਸ ਸਮੇਂ ਉੱਥੇ ਉਹ ਕਿੰਨੇ ਹਨ? ਮੈਨੂੰ ਨਹੀਂ ਪਤਾ ਹੈ। ਪ੍ਰੰਤੂ ਉਹ ਲੱਗ-ਭੱਗ ਇਸ ਅਗਲੇ ਕਸ਼ਟ ਦੇ ਸ਼ੁਰੂ ਹੋਣ ਤੋਂ ਬਾਦ ਉੱਠਣਾ ਸ਼ੁਰੂ ਹੁੰਦੇ ਹਨ, ਉਹ ਇਕੱਠੇ ਹੋ ਰਹੇ ਹਨ .....ਦੇ ਰਾਹੀਂ .....ਤੁਸੀਂ ਜਾਣਦੇ ਹੋ ਕਿ ਮੈਨੂੰ ਉਨ੍ਹਾਂ ਤੇ ਇੱਕ ਟੇਪ ਮਿਲਿਆ ਸੀ ਜਿਹਨੂੰ ਹੁਣ ਮੈਂ ਆਪਣੇ ਨਾਲ ਪੱਛਮ ਵਿੱਚ ਇੱਕ ਕੋਵਨਟ ਗਿਰਜੇ ਵਿੱਚ ਲੈ ਕੇ ਜਾ ਰਿਹਾ ਹਾਂ ਜੋ ਕਿ ....

128 ਇਹ ਇੱਕ ਬਹੁਤ ਪੁਰਾਣਾ ਚਰਚ ਹੈ .....ਓਹ, ਹੁਣ ਮੈਨੂੰ ਯਾਦ ਨਹੀਂ ਆ ਰਿਹਾ ਹੈ। ਇਹ ਸ਼ੁਰੂ ਹੋਇਆ ਸੀ ....ਉਹ ਉੱਥੇ ਅਫਰੀਕਾ ਵਿੱਚ ਹਨ। ਡੱਚ ਰਿਫਾੱਰਮ ....ਉਹ ਕੋਵਨਟ ਡੱਚ ਰਿਫਾੱਰਮ ਚਰਚ ਹੈ। ਹੁਣ, ਤੁਹਾਡੇ ਵਿੱਚੋਂ ਕੋਈ ਇੱਥੇ ਬੈਠਾ ਹੋਇਆ ਹੈ ਤਾਂ ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਇਹ ਕਿਉਂ ਹੈ। ਤੁਸੀਂ ਹਾਲੇ ਵੀ ਉਸੇ ਪੁਰਾਣੇ ਹਾਈਡਲਬਰਗ ਸਿਧਾਂਤ ਨੂੰ ਫੜੇ ਹੋਏ

ਹੋ ਅਤੇ ਇਹ ਹੀ ਕਾਰਨ ਹੈ ਕਿ ਤੁਸੀਂ ਹਾਲੇ ਵੀ .....ਡੱਚ ਰਿਫਾੱਰਮ ਵਿੱਚ ਹੋ। ਇਸ ਲਈ ਹੋ ਸੱਕਦਾ ਹੈ ਕਿ ਤੁਸੀਂ ਕਿਸੇ ਅਮਰੀਕੀ ਨਾਮ ਨਾਲ ਸਜਾਏ ਗਏ ਹੋਵੋ। ਪਰ ਇਹੋ ਗੱਲ ਉਸਦੇ ਪਿੱਛੇ ਹੈ ਕਿਉਂਕਿ ਤੁਸੀਂ ਉਸੇ ਪੁਰਾਣੇ ਹਾਈਡਲਬਰਗ ਸਿਧਾਂਤ ਦੇ ਨਾਲ ਸਿੱਖਿਆ ਦੇ ਰਹੇ ਹੋ। ਤੁਸੀਂ ਆਪਣੇ ਸੇਵਾਦਾਰ ਨੂੰ ਪੁੱਛੋ ਕਿ ਇਹ ਸੱਚ ਨਹੀਂ ਹੈ। ਸਮਝੇ? ਸੋ ਹੁਣ ਤੁਸੀਂ ਇਸ ਤੇ ਧਿਆਨ ਦਿਓ।

**ਕੀ ਉਹ ਇੱਕ ਲੱਖ ਚੁਤਾਲੀ ਹਜ਼ਾਰ ਉਹ ਹਨ ਜਿਹਨਾਂ ਨੂੰ ਪਵਿੱਤਰ ਆਤਮਾ ਨਾਲ ਮੋਹਰ ਬੰਦ ਕਰਨ ਲਈ ਪਹਿਲਾਂ ਤੋਂ ਹੀ ਠਹਿਰਾਇਆ ਹੋਇਆ ਹੈ?**

129 ਜੀ ਹਾਂ, ਸ਼੍ਰੀਮਾਨ। ਇਹ ਬਿਲਕੁੱਲ ਸੱਚ ਹੈ। ਹੁਣ ਕੀ ਕੋਈ ਹੋਰ ਹੈ ..ਹੁਣ ਜੇ ਮੈਂ ....ਕੀ ਮੈਂ ਇਹਦਾ ਉਹ ਉੱਤਰ ਨਹੀਂ ਦਿੱਤਾ ਹੈ ਜਿਹੜਾ ਕਿ ਤੁਹਾਨੂੰ ਢੁੱਕਵਾਂ ਲੱਗੇ। ਕਿਉਂ, ਕੀ ਹੋ ਸੱਕਦਾ ਹੈ ਕਿ ਮੈਂ ....ਵੇਖੋ ਹੋ ਸੱਕਦਾ ਹੈ ਮੈਂ-ਮੈਂ ਗਲਤ ਹੋਵਾਂ ......ਵੇਖੋ, ਮੈਂ ਇਹ ਆਪਣੀ ਵਧੀਆ ਸਮਝ ਨਾਲ ਦੱਸਿਆ ਹੈ। ਤੁਸੀਂ ਸਮਝੇ? ਇਹ ਮੇਰੀ ਵਧੀਆ ਸਮਝ ਦੇ ਅਨੁਸਾਰ ਹੈ।

**9. ਭਾਈ ਬ੍ਰਾਨਹਾਮ, ਜਿਵੇਂ ਕਿ ਤੁਸੀਂ ਸੱਪ ਦੇ ਵੰਸ਼ ਤੇ ਬਹੁਤ ਮਿਹਨਤ ਕੀਤੀ ਹੈ --(ਔਹ, ਮੈਂ ਇਸ ਪ੍ਰਸ਼ਨ ਤੇ ਕਦੇ ਧਿਆਨ ਨਹੀਂ ਦਿੱਤਾ ਸੀ। ਇਹ ਪ੍ਰਸ਼ਨ ਮੇਰੇ ਕੋਲੋਂ ਰਹਿ ਗਿਆ ਸੀ) ....ਜਿਵੇਂ ਕਿ ਇਹ ਹਫਤਾ ਤੁਸੀਂ ਸੱਪ ਦੇ ਵੰਸ਼ ਤੇ ਬਹੁਤ ਮਿਹਨਤ ਕੀਤੀ ਹੈ, ਕੀ ਇਹ ਪ੍ਰਸ਼ਨ ਪੁੱਛਣਾ ਇਸ ਲੜੀ ਵਿੱਚ ਹੋਵੇਗਾ? ਮੇਰੇ ਦੋਸਤਾਂ ਨੇ ਮੇਰੇ ਕੋਲੋਂ ਉਤਪਤ 4:1 ਸਮਝਣ ਲਈ ਕਿਹਾ ਅਤੇ ਮੈਂ ਉਹਨਾਂ ਨੂੰ ਇਹ ਨਹੀਂ ਸਮਝਾ ਸੱਕਦਾ ਹਾਂ। ਕੀ ਤੁਸੀਂ ਮੇਰੀ ਮੱਦਦ ਕਰੋਗੇ?**

130 ਇਹ ਪ੍ਰਸ਼ਨ ਸਾਡੇ ਵਿਸ਼ੇ ਤੋਂ ਵੱਖਰਾ ਹੈ ਪ੍ਰੰਤੂ ਕੁਝ ਵੀ ਹੋਵੇ ਪ੍ਰਮੇਸ਼ੁਰ ਦੀ ਸਹਾਇਤਾ ਨਾਲ ਅਰ ਆਪਣੀ ਵਧੀਆ ਸਮਝ ਦੇ ਦੁਆਰਾ ਮੈਂ ਇਹ ਦੱਸਣ ਦੀ ਕੋਸ਼ਿਸ਼ ਕਰਾਂਗਾ। ਹੁਣ ਆਓ ਵੇਖੀਏ। ਆਓ ਮੈਂ ਇਹਨੂੰ ਜਰਾ ਕੁ ਬਿਵਸਥਾ ਵਿੱਚ ਕਰਦਾ ਹਾਂ। ਮੈਂ ਸੋਚਦਾ ਹਾਂ ਕਿ ਇਹ ਉੱਥੇ ਹੈ ਜਿੱਥੇ ਉਹ ਕਹਿੰਦੀ ਹੈ ਕਿ, "ਮੈਂ ਯਹੋਵਾਹ ਵੱਲੋਂ ਇੱਕ ਮਨੁੱਖ ਪ੍ਰਾਪਤ ਕੀਤਾ । " ਮੇਰਾ ਵਿਸ਼ਵਾਸ਼ ਹੈ ਕਿ ਇਹ ਹੀ ਉਹ ਪ੍ਰਸ਼ਨ ਹੈ ਜੋ ਪੁੱਛਿਆ ਗਿਆ ਹੈ। ਮੈਂ ਸੋਚਦਾ ਹਾਂ ਕਿ ਇਹ ਹੱਵਾਹ ਸੀ ਜਿਹਨੇ ਇਸ ਤਰ੍ਹਾਂ ਉੱਥੇ ਕਿਹਾ ਸੀ। ਮੈਂ ਇਸ ਪ੍ਰਸ਼ਨ ਤੇ ਨਿਗਾਹ ਮਾਰਨ ਜਾ ਰਿਹਾ ਹਾਂ ਤਾਂ ਕਿ ਮੈਂ ਇਹਦੇ ਬਾਰੇ ਵਿੱਚ ਪੱਕਾ ਹੋ ਜਾਵਾਂ।

131 ਕਿਉਂਕਿ ਉਸ ਰਾਤ ਮੈਂ ਸੱਤ ....ਕਿਹਾ ਸੀ ...ਮੈਂ ਸੱਤ ਹਜ਼ਾਰ ਦੀ ਜਗ੍ਹਾ ਸੱਤ ਸੌ ਕਹਿ ਦਿੱਤਾ ਸੀ। ਇਸ ਲਈ ਇਹ ਮੈਨੂੰ ਬਹੁਤ ਜਿਆਦਾ ਬੇਚੈਨ ਕਰ ਦਿੰਦਾ ਹੈ ਅਤੇ ਤੁਸੀਂ ਤਾਂ ਸਿਰਫ ਧਿਆਨ ਦੇਣਾ ਹੁੰਦਾ ਹੈ। ਅਤੇ ਦੁਸ਼ਮਣ ਹਰ ਇੱਕ ਪਾਸੇ ਹੈ ਅਤੇ ਤੁਸੀਂ ਇਸ ਪ੍ਰਤੀ ਸੁਚੇਤ ਹੋ। ਜੀ ਹਾਂ, ਇਸੇ ਤਰ੍ਹਾਂ ਹੀ ਹੈ।



ਅਤੇ ਉਨ੍ਹਾਂ ਨੂੰ ਵਚਨ ਦੱਸਣ ਲੱਗਾ। ਅਵਾਜ਼ ਦੇਣ ਦੇ ਸ਼ੁਰੂ ਵਿੱਚ....ਠੀਕ ਹੈ। ਉਹ ਉਨ੍ਹਾਂ ਨੂੰ ਵਚਨ ਦੱਸਣ ਲੱਗਾ। ਉਨ੍ਹਾਂ ਨੇ ਕਿਹਾ,"ਔਹ,ਹੁਣ ਇੱਕ ਮਿੰਟ ਰੁਕੋ!ਹੂੰ!ਮੈਂ ਇਹਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ। " ਉਨ੍ਹਾਂ ਨੇ ਕਿਹਾ,"ਚੰਗਾ ਮੈਂ ਜਾਣਦਾ ਹਾਂ ਕਿ ਅਸੀਂ ਚਰਚ ਅਤੇ ਇਸੇ ਤਰ੍ਹਾਂ ਦੀਆਂ ਦੂਜੀਆਂ ਥਾਵਾਂ ਛੱਡ ਦਿੱਤੀਆਂ ਹਨ ਪਰ ਭਾਈਓ ਹੋ ਸੱਕਦਾ ਹੈ ਕਿ ਇਸ ਤਰ੍ਹਾਂ ਕਰਨ ਵਿੱਚ ਅਸੀਂ ਗਲਤ ਰਹੇ ਹੋਈਏ। ਚੰਗਾ ਇਹੀ ਹੈ ਕਿ ਅਸੀਂ ਵਾਪਿਸ ਮੁੜ ਜਾਈਏ ਕਿਉਂਕਿ ਇਹ ਮਨੁੱਖ ਤਾਂ ਦ੍ਰਿਸ਼ਟਾਂਤਾਂ ਵਿੱਚ ਗੱਲਾਂ ਕਰਦਾ ਹੈ। ਇਹ ਤਾਂ ਅਜੀਬ ਕਿਸਮ ਦਾ ਆਦਮੀ ਹੈ। ਮੈਂ ਉਹ ਨਹੀਂ ਸਮਝ ਸੱਕਦਾ ਹਾਂ। "ਵੇਖਿਆ? ਉਹ ਕੀ ਸੀ? ਉਹ ਬੀਜ਼ ਤਾਂ ਪਹਿਲਾਂ ਤੋਂ ਹੀ ਠਹਿਰਾਇਆ ਹੋਇਆ ਨਹੀਂ ਸੀ।

319 ਫਿਰ ਤੁਸੀਂ ਪਹਿਲੀ ਗੱਲ ਇਹ ਜਾਣਦੇ ਹੋ ਕਿ ਉਸਦੇ ਕੋਲ ਸੇਵਾਦਾਰਾਂ ਦਾ ਇੱਕ ਛੋਟਾ ਜਿਹਾ ਝੁੰਡ ਸੀ ਅਤੇ ਉਸਨੇ ਸੇਵਾਦਾਰਾਂ ਨਾਲ ਗੱਲਬਾਤ ਕੀਤੀ । ਉਨ੍ਹਾਂ ਨੇ ਕਿਹਾ,"ਆਹ!ਹਹਮ! ਚੰਗਾ ਇਹੀ ਹੈ ਕਿ ਅਸੀਂ ਵੀ ਪਿੱਛੇ ਮੁੜ ਜਾਈਏ ਅਤੇ ਵਾਪਸ ਜਾ ਕੇ ਮਿਸ਼ਨ ਵਿੱਚ ਚਲੇ ਜਾਈਏ ਅਤੇ ਵੇਖੋ ਅਸੀਂ ਫਿਰ ਆਪਣੇ ਕਾਗਜ਼ ਲੈ ਲਵਾਂਗੇ। ਕਿਉਂਕਿ,ਇਹ ਆਦਮੀ ....ਕੌਣ ਇਸ ਤਰ੍ਹਾਂ ਦੇ ਆਦਮੀ ਨੂੰ ਸਮਝ ਸੱਕਦਾ ਹੈ? ਇਹ ਇੱਥੇ ਤਾਂ *ਇਹ* ਕਹਿੰਦਾ ਹੈ ਅਤੇ ਫਿਰ ਉੱਥੇ *ਇਹ* ਕਹਿੰਦਾ ਹੈ। ਆਹ!"

320 ਉਹ ਦੂਸਰੇ ਇਸ ਤਰ੍ਹਾਂ ਨਹੀਂ ਸਮਝੇ ਸਨ। ਉਹ ਉਨ੍ਹਾਂ ਵਿੱਚੋ ਕੁਝ ਨੂੰ ਤਾਂ ਦ੍ਰਿਸ਼ਟਾਂਤ ਵਿਖਾ ਰਿਹਾ ਸੀ ;ਪ੍ਰੰਤੂ ਉਹ ਉਨ੍ਹਾਂ ਦੂਸਰਿਆਂ ਨੂੰ ਇਹ ਨਹੀਂ ਵਿਖਾ ਰਿਹਾ ਸੀ। ਇਸੇ ਲਈ ਉਹ ਪਿੱਛੇ ਮੁੜ ਗਏ ਸਨ। ਇਸ ਤੋਂ ਬਾਦ ਉਹ ਪਿੱਛੇ ਮੁੜਿਆ ਅਤੇ ਉੱਥੇ ਖੜੇ ਬਾਰ੍ਹਾਂ ਨੂੰ ਵੇਖਿਆ ਅਤੇ ਕਿਹਾ, "ਕੀ ਤੁਸੀਂ ਵੀ ਜਾਣਾ ਚਾਹੁੰਦੇ ਹੋ?" ਸਮਝੇ?

321 ਹੁਣ, ਪਤਰਸ ਨੇ ਕਿਹਾ, ਤੈਨੂੰ ਕੀ ਪਤਾ ਹੈ?ਮੈਂ ਉਸ ਸਾਰੇ ਸਮੇਂ ਉਸ ਪੁਰਾਣੀ ਜਗ੍ਹਾ ਤੇ ਹਾਜ਼ਰ ਰਿਹਾ ਹਾਂ ਮੈਂ ਸੰਸਾਰ ਵਿੱਚ ਕਿੱਥੇ ਜਾਵਾਂਗਾ? ਮੈਂ ਕਿੱਥੇ ਜਾਵਾਂਗਾ? ਮੈਂ ਕਿੱਥੇ ਜਾ ਸੱਕਦਾ ਹਾਂ? ਜਦਕਿ ਮੈਂ ਇੱਥੇ ਕੰਮ ਕਰ ਚੁੱਕਾ ਹਾਂ ਤਾਂ ਇਸ ਤੋਂ ਬਾਦ ......ਮੈਂ ਉਸ ਕੂੜੇ ਵਿੱਚ ਦੁਬਾਰਾ ਨਹੀਂ ਜਾ ਸੱਕਦਾ ਹਾਂ ਜਿਹਦੇ ਵਿੱਚ ਦੁਨੀਆਂ ਦਾ ਹਰ ਤਰ੍ਹਾਂ ਦਾ ਗੰਦ ਅਤੇ ਚਿੱਕੜ ਭਰਿਆ ਪਿਆ ਹੈ। ਸਮਝੇ? ਮੈਂ-ਮੈਂ ....ਮੈਂ ਕਿੱਥੇ ਜਾਵਾਂਗਾ? ਮੈਂ ਇਸ ਤਰ੍ਹਾਂ ਕਰ ਹੀ ਨਹੀਂ ਸੱਕਦਾ ਹਾਂ। "

322 ਉਸਨੇ ਕਿਹਾ, " ਫਿਰ ਠੀਕ ਹੈ, ਅਗਾਂਹ ਆ ਚੱਲਿਆ ਚੱਲ। " ਹੁਣ, ਤੁਸੀਂ ਬਿਲਕੁੱਲ ਇਸੇ ਹਾਲਤ ਵਿੱਚ ਹੋ। ਤਦ ਇਹ ਕਿਵੇਂ ਸੀ? ਤਦ ਲੱਗ-ਭੱਗ ਪੱਚੀ ਲੱਖ ਲੋਕਾਂ ਵਿੱਚੋਂ ਬਾਰ੍ਹਾਂ ਹੀ ਉਸਦੇ ਨਾਲ ਸਨ। ਕਰੋੜਾਂ ਵਿੱਚੋਂ ਸਿਰਫ ਬਾਰਾਂ ਹੀ ਉਸਦੇ ਨਾਲ ਸਨ ਅਤੇ ਜਦਕਿ ਉਹ ਦੁਨੀਆਂ ਦਾ ਮੁਕਤੀਦਾਤਾ ਸੀ, ਅਤੇ ਫਿਰ ਵੀ ਉਹ ਹਲੀਮ ਸੀ। ਉਹ ਹਲੀਮ ਹੀ ਬਣਿਆ ਰਿਹਾ। ਧਿਆਨ ਦਿਓ। ਜਦੋਂ ਕਿ ਉਹ ਸਾਰੇ ਫਰੀਸੀ ਉੱਥੇ ਸਨ,ਉਹ ਨਿਮਾਣੀ ਵੇਸ਼ਵਾ ਉੱਥੇ ਆਉਂਦੀ ਹੈ, ਉਸਨੇ ਕਿਹਾ ਸੀ, "ਕਹੋ, ਤੈਨੂੰ ਤਾਂ ਇੱਕ ਨਬੀ ਹੋਣਾ ਚਾਹੀਦਾ ਹੈ। ਹੁਣ, ਅਸੀਂ ਜਾਣਦੇ ਹਾਂ ਕਿ ਮਸੀਹ ਆ ਰਿਹਾ ਹੈ, ਅਤੇ ਜਦੋਂ ਉਹ ਆਵੇਗਾ ਤਾਂ ਉਹ ਉਸਨੂੰ ਕਰੇਗਾ। "

ਉਸਨੇ ਕਿਹਾ, "ਮੈਂ ਉਹ ਹੀ ਹਾਂ। "

323 ਉਸਨੇ ਕਿਹਾ, "ਇਹ ਉਹ ਹੀ ਹੈ। "ਅਤੇ ਉਹ ਉੱਥੋਂ ਨੱਸ ਗਈ। ਤੁਸੀਂ ਉਸਨੂੰ ਜਰਾ ਇੱਕ ਵਾਰ ਤਾਂ ਰੋਕਣ ਦਾ ਯਤਨ ਕਰੋ? ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ।

ਇਹ ਇਸੇ ਤਰ੍ਹਾਂ ਦੇ ਹੀ ਲੋਕ ਹਨ ਜੋ ਉਸ ਤਰ੍ਹਾਂ ਦੀਆਂ ਗੱਲਾਂ ਨੂੰ ਸੁਣਦੇ ਹਨ। " ਪ੍ਰਭੂ ਦਾ ਧੰਨਵਾਦ ਹੋਵੇ। ਆਮੀਨ। ਸਮਝੇ? ਕਿਉਂ, ਕਿਉਂ, , ਉਹ ਨਹੀਂ .......ਉਸਦੇ ਪਿਤਾ ਨੂੰ ਵੇਖੋ, ਉਹ ਵੀ ਅਨਪੜ੍ਹ ਸੀ। ਉਸਨੇ ਤਾਂ ਉਨ੍ਹਾਂ ਨੂੰ ਸਕੂਲ ਵੀ ਨਹੀਂ ਭੇਜਿਆ ਸੀ। ਪ੍ਰੰਤੂ ਉਹ ਇੱਕ ਅਜਿਹਾ ਸੀ ਜਿਹਨੂੰ ਉਸਨੇ ਸਕੂਲ ਭੇਜਿਆ ਸੀ ; ਅਤੇ ਉਸਨੂੰ ਇਸ ਤਰ੍ਹਾਂ ਸਿੱਖਿਆ ਦਿੱਤੀ ਜਿਵੇਂ ਉਹ ਚਾਹੁੰਦਾ ਸੀ।

314 ਹੁਣ,ਮੈਂ ਲੋਕਾਂ ਨੂੰ ਸਕੂਲ ਨਾ ਭੇਜਣ ਨੂੰ ਬੜਾਵਾ ਨਹੀਂ ਦੇ ਰਿਹਾ ਹਾਂ। ਮੈਨੂੰ ਉਮੀਦ ਹੈ ਤੁਸੀਂ ਇਸ ਗੱਲ ਨੂੰ ਸਮਝਦੇ ਹੋ। ਪ੍ਰੰਤੂ ਇਹ ਤਾਂ ਸਿਰਫ ਉਸਦੀ ਛਾਇਆ ਹੈ ਜੋ ਤੁਹਾਨੂੰ ਉਸ ਵਿੱਚ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਦੀ ਤਦ ਗੱਲ ਸੀ ਅਤੇ ਇਹ ਹੀ ਕਾਰਨ ਸੀ ਕਿ ਇਹ ਉਨ੍ਹਾਂ ਦੇ ਉੱਪਰ ਦੀ ਲੰਘ ਜਾਂਦਾ ਹੈ।

315 ਅਤੇ ਤੁਸੀਂ ਕੀ ਜਾਣਦੇ ਹੋ? ਇੱਕ ਨਹੀਂ .....ਮੈਂ ਕਿਹਾ ਸੀ ਧਰਤੀ ਉੱਤੇ ਸਾਰੇ ਯਹੂਦੀਆਂ ਵਿੱਚੋਂ ਇੱਕ ਤਿਹਾਈ ਯਹੂਦੀਆਂ ਨੂੰ ਵੀ ਉਸਦੇ ਆਉਣ ਬਾਰੇ ਕੁਝ ਪਤਾ ਨਹੀਂ ਲੱਗਾ ਸੀ। ਅਤੇ ਫਿਰ ਉਨ੍ਹਾਂ ਇੱਕ ਤਿਹਾਈ ਯਹੂਦੀਆਂ ਵਿੱਚੋਂ ਇੱਕ ਵਟਾ ਪੰਜ ਨੇ ਹੀ ਉਸਨੂੰ ਸੁਣਿਆ ਸੀ। ਅਤੇ ਫਿਰ ਉਨ੍ਹਾਂ ਇੱਕ ਵਟਾ ਪੰਜ ਵਿੱਚੋਂ ਇੱਕ ਵਟਾ ਸੌ ਨੇ ਹੀ ਉਸਨੂੰ ਕਬੂਲ ਕੀਤਾ ਸੀ। ਤੁਹਾਨੂੰ ਪਤਾ ਹੀ ਹੈ ਕਿ ਉਸਦੇ ਕੋਲ ਕਿੰਨੇ ਕੁ ਸਨ। ਉਸ ਪੂਰੇ ਸਮੂਹ ਵਿੱਚੋਂ ਸਿਰਫ ਬਾਰਾਂ ਹੀ ਅਜਿਹੇ ਸਨ ਜਿਹੜੇ ਸਲੀਬ ਤੇ ਉਸਦੇ ਕੋਲ ਖੜ੍ਹੇ ਸਨ। ਉਨ੍ਹਾਂ ਵਿੱਚੋਂ ਬਾਕੀ ਕਿੱਥੇ ਸਨ? ਸਮਝੇ? ਸੱਤਰ ਤਾਂ ਵਾਪਸ ਮੁੜ ਗਏ ਸਨ।

316 ਹੁਣ,ਜਦਕਿ ਉਹ ਬਿਮਾਰਾਂ ਨੂੰ ਚੰਗੇ ਕਰ ਰਿਹਾ ਸੀ ਅਤੇ ਹੇਠਾਂ ਜਾ ਰਿਹਾ ਸੀ ਅਤੇ ਆਪਣੀ ਸਿੱਖਿਆ ਦੇ ਬਾਰੇ ਵਿੱਚ ਕੁਝ ਨਹੀਂ ਕਹਿ ਰਿਹਾ ਸੀ ....ਤਾਂ ਉਹ ਬਸ ਅਗਾਂਹ ਵਧਿਆ, ਉਹ ਬੀਮਾਰਾਂ ਨੂੰ ਚੰਗੇ ਕਰ ਰਿਹਾ ਸੀ ਅਤੇ ਇਸੇ ਤਰ੍ਹਾਂ ਦੇ ਹੋਰ ਕਈ ਕੰਮ ਕਰ ਰਿਹਾ ਸੀ। ਹੇ ਮੇਰੇ ਪ੍ਰਮੇਸ਼ੁਰ!ਇਹ ਖੁਦਾ ਦਾ ਆਤਮਾ ਸੀ ਜਿਹੜਾ ਉਸਦੇ ਉੱਤੇ ਸੀ। ਕੀ ਤੁਸੀਂ ਇਹਦੀ ਪ੍ਰਤੀਤ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ। "-ਸੰਪਾ]ਜਦ ਉਹ ਬਿਮਾਰਾਂ ਨੂੰ ਚੰਗੇ ਕਰ ਰਿਹਾ ਸੀ ਤਾਂ ਉਹ ਵਧੀਆ ਸੀ। ਅਤੇ ਉਸਦੇ ਲਈ ਕਿਹਾ ਜਾਂਦਾ ਸੀ, "ਉਹ ਇੱਕ ਮਹਾਨ ਰੱਬੀ ਹੈ। ਤੁਹਾਨੂੰ ਸਾਰੇ ਭਾਈਆਂ ਨੂੰ ਉਸਨੂੰ ਆਪਣੀ ਕਲੀਸਿਯਾ ਵਿੱਚ ਥਾਂ ਦੇਣੀ ਚਾਹੀਦੀ ਹੈ। ਮੁੰਡਿਓ, ਤੁਸੀਂ ਸ਼ਕਤੀ ਦੇ ਬਾਰੇ ਵਿੱਚ ਗੱਲ ਕਰਦੇ ਹੋ, ਉਹ ਆਦਮੀ ਸਚਮੁੱਚ ਰੋਗੀਆਂ ਨੂੰ ਚੰਗਾ ਕਰ ਸੱਕਦਾ ਹੈ। ਤੁਹਾਨੂੰ ਚਾਹੀਦਾ ਹੈ .......ਉਸਦੇ ਕੋਲ ਚੰਗਾਈ ਦਾ ਵਰਦਾਨ ਹੈ। "

317 ਠੀਕ ਹੈ,ਅਸਲ ਵਿੱਚ ਉਹ ਉਸਦੀ ਕੁਝ ਨਕਲ ਕਰਨ ਜਾ ਰਹੇ ਸਨ (ਇੱਥੇ ਉਹ ਆਉਂਦੇ ਹਨ) ਕਿਉਂਕਿ ਹਰੇਕ ਗਰੁੱਪ ਦੇ ਕੋਲ ਆਪਣਾ ਹੀ ਇੱਕ ਆਦਮੀ ਹੋਣਾ ਹੈ। ਇੱਥੇ ਉਹ ਆਉਂਦਾ ਹੈ।

ਅਰ ਤਦ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਇਸ ਤੋਂ ਬਾਦ ਇੱਕ ਦਿਨ ਉਹ ਬੈਠ ਜਾਂਦਾ ਹੈ।

"ਹੇ ਰੱਬੀ, ਅਸੀਂ ਤੇਰੇ ਨਾਲ ਪੱਕਾ ਚੱਲਾਂਗੇ। "

318 "ਠੀਕ ਹੈ, ਹੇਠਾਂ ਬੈਠ ਜਾਓ। ਆਓ ਅਸੀਂ ਚੱਲੀਏ। "ਠੀਕ ਹੈ ਉਸਨੇ ਉਨ੍ਹਾਂ ਸੱਤਰਾਂ ਨੂੰ ਅਤੇ ਬਾਕੀਆਂ ਨੂੰ ਬਾਹਰ ਭੇਜਿਆ। ਮਹਾਨ ਚਮਤਕਾਰ ਕਰਨ ਤੋਂ ਬਾਦ, ਇੱਕ ਦਿਨ ਉਹ ਬੈਠਾ



*ਤਦ ਆਦਮ ਨੇ ਆਪਣੀ ਤੀਵੀਂ ਹੱਵਾਹ ਨਾਲ ਸੰਗ ਕੀਤਾ ਅਤੇ ਉਹ ਗਰਭਣੀ ਹੋਈ ਅਤੇ ਕਾਇਨ ਨੂੰ ਜਣੀ ਤਾਂ ਉਹਨੇ ਆਖਿਆ ਕਿ ਮੈਂ ਇੱਕ ਮਨੁੱਖ ਯਹੋਵਾਹ ਕੋਲੋਂ ਪ੍ਰਾਪਤ ਕੀਤਾ ਹੈ।*

132 ਮੇਰੇ ਭਾਈ ਜਾਂ ਭੈਣ, ਹੁਣ ਮੈਂ ਬਸ ਤੁਹਾਡੇ ਪ੍ਰਸ਼ਨ ਦਾ ਉੱਤਰ ਦੇਣ ਜਾ ਰਿਹਾ ਹਾਂ। ਅਤੇ ਹੁਣ ਤੁਸੀਂ ਯਾਦ ਰੱਖੋ ਕਿ ਮੈਂ ਤੁਹਾਨੂੰ ਟਾਲ ਨਹੀਂ ਰਿਹਾ ਹਾਂ .......ਜੀ ਨਹੀਂ। ਮੈਂ ਤਾਂ ਤੁਹਾਡੀ ਮੱਦਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਤੁਹਾਡੇ ਨਾਲ ਪਿਆਰ ਕਰਦਾ ਹਾਂ, ਮੈਂ ਉਸ ਆਦਮੀਂ ਨਾਲ ਪਿਆਰ ਕਰਦਾ ਹਾਂ ਜੋ ਇਸਦੇ ਸਬੰਧ ਵਿੱਚ ਅਲੋਚਕ ਰਿਹਾ ਹੋਵੇ। ਪ੍ਰੰਤੂ ਮੈਂ ਨਹੀਂ ਸੋਚਦਾ ਹਾਂ ਕਿ ਇਹ ਵਿਆਕਤੀ ਕੋਈ ਅਲੋਚਕ ਹੈ ਕਿਉਂਕਿ ਉਸਨੇ ਪੁੱਛਿਆ ਸੀ ਕਿ "ਮੇਰੀ ਸਹਾਇਤਾ ਕਰੋ। " ਕਿਉਂਕਿ ਲੋਕ ਇਹਦਾ ਵਿਸ਼ਵਾਸ਼ ਤਾਂ ਕਰਦੇ ਹਨ ਪ੍ਰੰਤੂ ਉਹਨਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਇਹ ਜਾਨਣ ਦੇ ਲਈ ਕਿ ਉਹ ਉਸ ਆਦਮੀਂ ਨੂੰ ਕੀ ਕਹਿਣ ਜਿਹਨੇ ਉਹਨਾਂ ਤੋਂ ਇਹ ਪੁੱਛਿਆ ਹੈ, ਪੂਰੇ ਰੂਪ ਵਿੱਚ ਨਿਯੁਕਤ ਕੀਤਾ ਹੋਇਆ ਨਹੀਂ ਹੁੰਦਾ ਹੈ।

133 ਹੁਣ, ਇੱਥੇ ਉਹ ਕਹਿ ਰਹੀ ਹੈ ਜੋ ਕਿ ਪ੍ਰਸ਼ਨ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹ ਕਹਿ ਰਹੇ ਹਨ, "ਹੱਵਾਹ ਨੇ ਯਹੋਵਾਹ ਦੀ ਸਹਾਇਤਾ ਨਾਲ ਇੱਕ ਮਨੁੱਖ ਪ੍ਰਾਪਤ ਕੀਤਾ। "

134 ਤੁਸੀਂ ਇਹ ਕਿਵੇਂ ਸੋਚਦੇ ਹੋ ਕਿ ਜੇ ਕਦੇ ਕੋਈ ਜੀਵਨ ਆਇਆ ਹੋਵੇ ਅਤੇ ਉਹ ਪ੍ਰਮੇਸ਼ੁਰ ਦੇ ਵੱਲੋਂ ਨਾ ਆਇਆ ਹੋਵੇ ਭਾਵੇਂ ਉਹ ਸਹੀ ਹੈ ਜਾਂ ਗਲਤ?ਕਿਹਨੇ ਯਹੂਦਾ ਇਸਕਰਿਯੋਤੀ ਨੂੰ ਜਗਤ ਵਿੱਚ ਭੇਜਿਆ ਸੀ? ਮੈਨੂੰ ਇਹ ਦੱਸੋ। ਬਾਈਬਲ ਦੱਸਦੀ ਹੈ ਕਿ ਉਹ ਵਿਨਾਸ਼ ਦਾ ਪੁੱਤਰ ਪੈਦਾ ਹੋਇਆ ਸੀ। ਤੁਸੀਂ ਉਹਨਾਂ ਕੋਲੋਂ ਜਰਾ ਇਹ ਗੱਲ ਪੁੱਛੋ ਕਿ ਨਿੰਬੂ ਦੇ ਵਿੱਚ ਕੀੜਾ ਕਿਵੇਂ ਹੁੰਦਾ ਹੈ। ਸਮਝੇ? ਹੁਣ, ਵੇਖੋ, ਉਹ ਨਹੀਂ ਦੱਸ ਸੱਕਦੇ ਹਨ ....ਇਸੇ ਤਰ੍ਹਾਂ ਹੀ ਹੈ।

135 ਧਿਆਨ ਦਿਓ। ਅਤੇ ਫਿਰ ਜੇ ਤੁਸੀਂ ਉਹਨਾਂ ਨੂੰ ਥੋੜਾ ਜਿਹਾ ਹੋਰ ਸਿੱਖਿਆ ਵਿੱਚ ਲਿਆਉਣਾ ਚਾਹੁੰਦੇ ਹੋ । ਤਾਂ ਵੇਖੋ। ਹੱਵਾਹ ਇੱਥੇ ਕਹਿੰਦੀ ਹੈ, ਜੇ ਤੁਸੀਂ ਇਸਨੂੰ ਬਿਲਕੁੱਲ ਉਸੇ ਭਾਸ਼ਾ ਵਿੱਚ ਲੈਣਾ ਚਾਹੁੰਦੇ ਹੋ ਜਿਵੇਂ ਇਹ ਇੱਥੇ ਲਿਖਿਆ ਹੈ, ਇਹ ਇੱਥੇ ਇਸ ਤਰ੍ਹਾਂ ਲਿਖਿਆ ਹੈ ਕਿ ਇਹ ਗਿਆਨੀਆਂ ਅਤੇ ਬੁੱਧੀਮਾਨਾਂ ਦੀ ਸਮਝ ਤੋਂ ਛਿਪਿਆ ਹੋਇਆ ਹੈ। ਇੱਥੇ ਇਸ ਢੰਗ ਦੇ ਨਾਲ ਸਿਖਾਇਆ ਗਿਆ ਹੈ ਕਿ ਇਹ ਪ੍ਰਮੇਸ਼ੁਰ ਹੀ ਸੀ ਜਿਹਦੇ ਰਾਹੀਂ ਹੱਵਾਹ ਨੇ ਇਹ ਪੁੱਤਰ ਪ੍ਰਾਪਤ ਕੀਤਾ ਸੀ। ਅਤੇ ਉਹ ਆਤਮਾ ਹੈ ਅਰ ਉਹ ਇਸ ਤਰ੍ਹਾਂ ਨਹੀਂ ਕਰ ਸੱਕਦਾ ਹੈ। ਸਮਝੇ? ਜੇ ਤੁਸੀਂ ਇਹਨੂੰ ਵੇਖਣਾ ਚਾਹੁੰਦੇ ਹੋ ਤਾਂ ਇੱਥੇ ਧਿਆਨ ਦਿਓ। ਉਸਨੇ ਕਿਹਾ ਸੀ, " ਮੈਂ ਇੱਕ ਮਨੁੱਖ ਯਹੋਵਾਹ ਕੋਲੋਂ ਪ੍ਰਾਪਤ ਕੀਤਾ। " ਵੇਖਿਆ? ਤੁਸੀਂ ਇਹਨੂੰ ਕਿਸੇ ਹੋਰ ਢੰਗ ਨਾਲ ਨਹੀਂ ਕਹਿ ਸੱਕਦੇ ਹੋ ....ਪ੍ਰੰਤੂ ਇਸਦਾ ਤਾਂ ਸਹੀ ਅਨੁਵਾਦ ਹੋਣਾ ਹੁੰਦਾ ਹੈ। ਜੀ ਹਾਂ, ਸ਼੍ਰੀਮਾਨ। ਜੀ ਨਹੀਂ, ਸ਼੍ਰੀਮਾਨ, ਜੇ ਉਹ .....ਉਹ ਆਤਮਾ ......

136 ਅਤੇ ਅਸੀਂ ਹਮੇਸ਼ਾਂ ਹੀ ਅਪਣੇ ਮਾਂ ਬਾਪ ਦੇ ਸੁਭਾਅ ਨੂੰ ਪ੍ਰਾਪਤ ਕੀਤਾ ਹੈ। ਅੱਛਾ, ਤਦ ਆਦਮ ਪ੍ਰਮੇਸ਼ੁਰ ਦਾ ਪੁੱਤਰ ਸੀ ਅਤੇ ਹੱਵਾਹ ਪ੍ਰਮੇਸ਼ੁਰ ਦੀ ਧੀ ਸੀ, ਇਹ ਸੱਚ ਹੈ, ਉਹ ਪ੍ਰਮੇਸ਼ੁਰ ਦੀ ਰਚਨਾ ਦੇ ਪਹਿਲੇ ਮਨੁੱਖ ਸਨ ਜਿਹਨਾਂ ਵਿੱਚ ਕਿਤੇ ਵੀ ਬੁਰਾਈ ਦਾ ਨਿਸ਼ਾਨ ਤੱਕ ਨਹੀਂ ਪਾਇਆ ਜਾਂਦਾ ਸੀ। ਇੱਥੋਂ ਤੱਕ ਕਿ ਉਹਨਾਂ ਨੂੰ ਬੁਰਾਈ ਦਾ ਪਤਾ ਵੀ ਨਹੀਂ ਸੀ।

137 ਫਿਰ ਕਾਇਨ ਝੂਠ ਕਿਉਂ ਬੋਲਿਆ ਅਤੇ ਉਹ ਕਾਤਲ ਅਤੇ ਬਾਕੀ ਸੱਭ ਕੁਝ ਸੀ? ਉਹ ਕਿੱਥੋਂ ਆਇਆ ਸੀ? ਤੁਸੀਂ ਇਹ ਪ੍ਰਸ਼ਨ ਆਪਣੇ ਆਪ ਤੋਂ ਪੁੱਛੋ। ਉਹ ਸੱਪ ਦਾ ਵੰਸ਼ ਸੀ। ਸਮਝੇ? ਕੀ ਬਾਈਬਲ ਇਸ ਤਰ੍ਹਾਂ ਨਹੀਂ ਆਖਦੀ ਹੈ ? ਉਸਦੇ ਵੰਸ਼ ਦੇ ਅਗਾਂਹ ਵੱਧਣ ਵੱਲ ਧਿਆਨ ਦਿਓ। ਉਸ ਵਿੱਚ ਇਹ ਬਣਦਾ ਹੈ ..........

138 ਇਹ ਸੰਸਾਰ ਕਿਹਦਾ ਹੈ? ਸ਼ੈਤਾਨ ਦਾ। ਇਸ ਸਮੇਂ ਇਹਨੂੰ ਕੋਣ ਕੰਟਰੋਲ ਕਰ ਰਿਹਾ ਹੈ?: ਸ਼ੈਤਾਨ। ਇਹ ਪੂਰੀ ਤਰ੍ਹਾਂ ਸੱਚ ਹੈ। ਸ਼ੈਤਾਨ ਸੰਸਾਰ ਨੂੰ ਕੰਟਰੋਲ ਕਰਦਾ ਹੈ। ਕੀ ਉਸਨੇ ਯਿਸੂ ਨੂੰ ਨਹੀਂ ਕਿਹਾ ਸੀ, ਵੇਖ ਇਹ ਕਿੰਨਾ ਸੁੰਦਰ ਹੈ, ਇਸਦਾ ਸਾਰਾ ਜਲਾਲ ਵੇਖ ਕਿ ਇਹ ਕਿਵੇਂ ਸੋਹਣਾ ਹੈ? ਜੇ ਤੂੰ ਮੈਨੂੰ ਮੱਥਾ ਟੇਕੇ ਤਾਂ ਮੈਂ ਇਹ ਤੈਨੂੰ ਦੇ ਦਿਆਂਗਾ। " ਵੇਖੋ ਉਹ ਹੀ ਇਹਨੂੰ ਕੰਟਰੋਲ ਕਰਨ ਵਾਲਾ ਹੈ। ਹੁਣ ਉਹ ਇਹਦੇ ਤੇ ਉਸਦਾ ਅਧਿਕਾਰ ਹੈ।

139 ਹੁਣ ਧਿਆਨ ਦਿਓ। ਉਸਦੀ : ਸ਼ੈਤਾਨ ਦੀ ਸੰਤਾਨ ਬੁੱਧੀਮਾਨ ਹੈ । ਜਾਂ ਤੁਸੀਂ ਕਾਇਨ ਦੀ ਸੰਤਾਨ ਨੂੰ ਵੇਖੋ, ਜੇ ਤੁਸੀਂ ਇਹ ਵੇਖਣਾ ਚਾਹੁੰਦੇ ਹੋ ਤਾਂ ਤੁਸੀਂ ਕਾਇਨ ਦੇ ਵੰਸ਼ ਨੂੰ ਲੈ ਕੇ ਇਸਨੂੰ ਪੀੜ੍ਹੀਆਂ ਦੇ ਰਾਹੀਂ ਹੇਠਾਂ ਤੱਕ ਲੈ ਕੇ ਆਓ ਅਤੇ ਤੁਸੀਂ ਇਹ ਵੇਖੋਗੇ ਕਿ ਉਹ ਤੇਜ ਅਤੇ ਚਲਾਕ ਲੋਕ ਸਨ ਉਹਨਾਂ ਵਿੱਚੋਂ ਹਰ ਇੱਕ ਹੁਸ਼ਿਆਰ ਅਤੇ ਚਲਾਕ ਸੀ।

140 ਪ੍ਰੰਤੂ ਫਿਰ ਜਦ ਉਸਨੇ ਹਾਬਲ ਨੂੰ ਮਾਰਿਆ ਤਾਂ ਪ੍ਰਮੇਸ਼ੁਰ ਨੇ ਉਹਨੂੰ ਵਾਪਸ ਸੇਥ ਦਿੱਤਾ ਜੋ ਕਿ ਇਸ ਗੱਲ ਦਾ ਨਮੂਨਾ ਸੀ ਕਿ ਧਰਮੀਂ ਦਾ ਛੁਡਾਇਆ ਜਾਣਾ ਹੈ, ਉਹ ਮਰ ਗਿਆ ਸੀ ਅਤੇ ਫਿਰ ਜੀ ਉੱਠਿਆ। ਅਤੇ ਉੱਥੋਂ ......ਹੁਣ ਧਿਆਨ ਦਿਓ। ਉਹ ਪਹਿਲਾਂ ਸੁਭਾਵਕ ਬੀਜ਼ ਤੋਂ ਨਹੀਂ ਆਇਆ ਸੀ ਉਹ ਤਾਂ ਮਰ ਗਿਆ ਸੀ । (ਕੀ ਹੁਣ ਤੁਸੀਂ ਆਪਣਾ ਮਨ ਖੋਲ੍ਹ ਕੇ ਰੱਖਿਆ ਹੋਇਆ ਹੈ?ਵੇਖੋ?) ਪਹਿਲਾ ਬੀਜ, ਪਹਿਲਾ ਸੁਭਾਵਕ ਬੀਜ਼ ਜੋ ਕਿ ਹਾਬਲ ਸੀ ਸਧਾਰਨ ਤੋਰ ਤੇ ਭਲਾ ਸੀ ਉਹ ਅਧੁਨਿਕ ਕਲੀਸਿਯਾ ਦਾ ਨਮੂਨਾ ਸੀ। ਉਸ ਲੜੀ ਨੂੰ ਜੋ ਅੱਗੇ ਚੱਲੀ ਆ ਰਹੀ ਸੀ ਸੁਰੱਖਿਅਤ ਰੱਖਣ ਲਈ ਉਹ ਮਰ ਗਿਆ ਤਾਂ ਕਿ ਇੱਕ ਹੋਰ ਉਠਾ ਕੇ ਖੜਾ ਕੀਤਾ ਜਾ ਸਕੇ। ਇਸ ਲਈ ਉਹਨੇ ਤਾਂ ਫਿਰ ਦੁਬਾਰਾ ਪੈਦਾ ਹੋਣਾ ਸੀ। ਕੀ ਤੁਸੀਂ ਇਹਨੂੰ ਸਮਝ ਗਏ ਹੋ? ["ਆਮੀਨ।"] ਠੀਕ ਹੈ, ਤੁਸੀਂ ਬਸ ਇਹਨੂੰ ਸਮਝਦੇ ਜਾਓ। ਵੇਖਿਆ?

141 ਇਹ ਹੀ ਇਸਦਾ ਸਿੱਧ ਨਮੂਨਾ ਹੈ। ਸੋ ਇੱਥੋਂ ਤੱਕ ਕਿ ਇੱਕ ਸੁਭਾਵਕ ਮਨੁੱਖ ਜੋ ਆਪਣੇ ਪਿਤਾ ਆਦਮ ਤੋਂ ਪੈਦਾ ਹੋਇਆ ਉਸ ਸੁਭਾਵਕ ਚਲਨ ਨੂੰ ਵਿਖਾਉਂਦਾ ਹੈ। ਪਰ ਇਸਦੇ ਨਾਲ ਕੰਮ ਨਹੀਂ ਬਣੇਗਾ ਸੁਭਾਵਕ(ਸ਼ਰੀਰਕ)ਮਨੁੱਖ ਪ੍ਰਮੇਸ਼ੁਰ ਦੀਆਂ ਗੱਲਾਂ ਨੂੰ ਨਹੀਂ ਸਮਝਦਾ ਹੈ। ਇਸ ਲਈ ਇੱਕ ਅਜਿਹਾ ਮਨੁੱਖ ਸੀ ਜਿਹੜਾ ਸ਼ਰੀਰਕ ਰੂਪ ਵਿੱਚ ਆਇਆ ਅਤੇ ਮਰਿਆ ਤਾਂ ਕਿ ਫਿਰ ਉਸਨੂੰ ਉਸਦੀ ਮੂਲ ਹਾਲਤ ਵਿੱਚ ਲੈ ਆਏ ਅਤੇ ਇਹ ਹੀ ਹਾਬਲ ਦੀ ਮੌਤ ਅਤੇ ਸੇਥ ਦਾ ਉਸਦੇ ਸਥਾਨ ਨੂੰ ਲੈਣ ਦੇ ਦੁਆਰਾ ਸਾਬਤ ਹੁੰਦਾ ਹੈ।

142 ਅਤੇ ਧਿਆਨ ਦਿਓ ਕਿ ਉਸ ਆਤਮਾ ਨੇ, ਉਸ ਤੋਂ ਜੋ ਲੋਕ ਪੈਦਾ ਕੀਤੇ ਉਹ ਕਿਸ ਤਰ੍ਹਾਂ ਦੇ ਸਨ, ਉਹ ਹਲੀਮ ਸਨ, ਕਿਸਾਨ ਸਨ,ਚਰਵਾਹੇ ਸਨ। ਧਿਆਨ ਦਿਓ ਕਿ ਸੰਸਾਰ ਦੇ ਇਸ ਗਿਆਨ ਦੁਆਰਾ ਇੱਥੇ ਕੀ ਆਇਆ ; ਇਸ ਨਾਲ ਹੁਸ਼ਿਆਰ ,ਚਲਾਕ, ਤੇਜ਼ ਬੁੱਧੀ ਵਾਲੇ ਲੋਕ ਅਤੇ ਇਸੇ ਤਰ੍ਹਾਂ ਦੀਆਂ ਚੀਜ਼ਾਂ ਆਈਆਂ। ਵੇਖੋ ਉਹਨਾਂ ਦਾ ਅੰਤ ਕਿੱਥੇ ਹੁੰਦਾ ਹੈ। ਉਹ ਉੱਥੇ ਹੇਠਾਂ ਸਨ



309 "ਮੈਂ ਉਸਨੂੰ ਸੁਣਾਂਗਾ। " ਅਰ ਵੇਖੋ ਉਹ ਉੱਥੇ ਹੇਠਾਂ ਆਉਂਦਾ ਹੈ। ਜੀ ਹਾਂ, ਪ੍ਰਮੇਸ਼ੁਰ ਉਸਦੇ ਕੋਲ ਕਦੇ ਨਹੀਂ ਜਾ ਸੱਕਦਾ ਸੀ। ਅਤੇ ਉਹ ਉੱਥੇ ਖੜਾ ਸੀ ਅਤੇ ਉਸਨੇ ਕਿਹਾ .....ਉਨ੍ਹਾਂ ਨੇ ਕਿਹਾ, "ਹੁਣ ਉੱਧਰ ਵੇਖੋ। ਉੱਥੇ ਵੇਖੋ। ਉੱਥੇ ਇੱਕ ਵਿਅਕਤੀ ਆਉਂਦਾ ਹੈ । ਉੱਥੇ ਉਸਦੇ ਚੇਲਿਆਂ ਵਿੱਚੋਂ ਇੱਕ ਆਉਂਦਾ ਹੈ। ਹੁਣ ਇੱਥੇ ਇੱਕ ਵਿਅਕਤੀ ਆਉਂਦਾ ਹੈ। ਉਸ ਵਿਅਕਤੀ ਦਾ ਨਾਮ ਅੰਦ੍ਰਿਆਸ ਹੈ। ਤੁਸੀਂ ਯਾਦ ਕਰੋ। ਔਹ, ਕੀ ਤੁਹਾਨੂੰ ਉਹ ਬੁੱਢੇ ਮਛੇਰੇ ਯਾਦ ਹਨ ਜੋ ਉੱਥੇ ਹੇਠਾਂ ਹੁੰਦੇ ਸਨ?ਜੀ ਹਾਂ, ਉੱਥੇ ਹਨ ......ਉੱਥੇ ਉਸਦਾ ਭਰਾ ਸ਼ਮਊਨ ਹੈ । ਵੇਖਿਆ? ਅਤੇ ਇਹ ਬੁੱਢੇ ਯੋਨਾਹ ਦੇ ਪੁੱਤਰ ਹਨ। ਹੁਣ ਉਹ ਉੱਥੇ .....ਉਹ ਉਸਦੇ ਕੋਲ ਕਿਸੇ ਹੋਰ ਨੂੰ ਲੈ ਕੇ ਆ ਰਿਹਾ ਹੈ ਉਹ ਕੋਣ ਹੈ? ਠੀਕ ਹੈ, ਵੇਖਦੇ ਹਾਂ ਕਿ ਹੁਣ ਉਹ ਕੀ ਕਰਦਾ ਹੈ। ਉਹ ਉੱਥੇ ਆਉਣ ਵਾਲਾ ਅਗਲਾ ਆਦਮੀ ਹੈ। " ਅਤੇ ਉਹ ਉਸਦੇ ਕੋਲ ਆਉਂਦਾ ਹੈ।

ਅਤੇ ਉਹ ਕਹਿੰਦਾ ਹੈ, " ਤੇਰਾ ਨਾਮ ਸ਼ਮਊਨ ਹੈ ਅਤੇ ਤੂੰ ਯੋਨਾਹ ਦਾ ਪੁੱਤਰ ਹੈਂ। "

310 ਅਤੇ ਫਰੀਸੀਆਂ ਨੇ ਕਿਹਾ, "ਇਹ ਮਨੁੱਖ ਤਾਂ ਬਾਲਜਬੂਲ ਹੈ। ਇਸਦੇ ਉੱਤੇ ਕਿਸੇ ਤਰ੍ਹਾਂ ਦਾ ਕੋਈ ਆਤਮਾ ਹੈ। ਇਹ ਤਾਂ ਇੱਕ ਅਜੀਬ ਪ੍ਰਾਣੀ ਹੈ। ....ਤੁਸੀਂ ਇਸ ਤਰ੍ਹਾਂ ਦੀ ਕਿਸੇ ਵੀ ਗੱਲ ਵੱਲ ਧਿਆਨ ਨਾ ਲਗਾਓ। ਆਪਣੇ ਆਪ ਨੂੰ ਉਸ ਤੋਂ ਦੂਰ ਰੱਖੋ। ਮੈਂ ਤਾਂ ਇਸ ਤਰ੍ਹਾਂ ਦੀ ਕਿਸੇ ਹੋਰ ਸਭਾ ਵਿੱਚ ਕਦੇ ਵੀ ਨਹੀਂ ਜਾਵਾਂਗਾ। ਜਿਉਂ ਹੀ ਇਹ ਖਤਮ ਹੋ ਜਾਵੇਗੀ ਬਸ ਅਸੀਂ ਬਾਹਰ ਨਿੱਕਲ ਜਾਵਾਂਗੇ। ਅਸੀਂ ਇੱਥੇ ਫਿਰ ਕਦੇ ਨਹੀਂ ਆਵਾਂਗੇ। " ਸਮਝੇ? ਕਿਉਂ? ਹੁਣ, ਇਹ ਹੀ ਸੀ ਜੋ ਉਸਨੇ ਸੋਚਿਆ ਸੀ, ਅਤੇ ਜਦਕਿ ਉਸਨੂੰ ਉਨ੍ਹਾਂ ਵਿੱਚੋਂ ਇੱਕ ਹੋਣਾ ਚਾਹੀਦਾ ਸੀ । ਜਿਨ੍ਹਾਂ ਲੋਕਾਂ ਦੇ ਕੋਲ ਉਹ ਆਇਆ ਸੀ ਉਨ੍ਹਾਂ ਨੇ ਹੀ ਉਸਨੂੰ ਸਲੀਬ ਉੱਤੇ ਚੜ੍ਹਾਇਆ ਸੀ। ਸਮਝੇ?

311 ਉੱਥੇ ਹੀ ਇੱਕ ਛੋਟੀ ਵੇਸ਼ਵਾ ਸੀ ਜਿਹਨੂੰ ਹਰ ਕੋਈ ਬਾਹਰ ਕੱਢ ਦਿੰਦਾ ਸੀ। ਮੈਂ ਵੇਸ਼ਵਾਪਨ ਨੂੰ ਬੜਾਵਾ ਨਹੀਂ ਦੇ ਰਿਹਾ ਹਾਂ । ਬਿਲਕੁੱਲ ਮੈਂ ਇਸ ਤਰ੍ਹਾਂ ਨਹੀਂ ਕਰ ਰਿਹਾ ਹਾਂ। ਪਰ ਮੈਂ ਤਾਂ ਤੁਹਾਨੂੰ ਪਹਿਲਾਂ ਤੋਂ ਹੀ ਠਹਿਰਾਇਆ ਹੋਇਆ ਬੀਜ਼ ਵਿਖਾ ਰਿਹਾ ਹਾਂ।

312 ਇਸ ਆਦਮੀ ਵੱਲ ਵੇਖੋ, ਇਹ ਬੁੱਢਾ ਮਛੇਰਾ ਨਹੀਂ ਕਰ ਸੱਕਦਾ ਸੀ .....ਬਾਈਬਲ ਨੇ ਆਖਿਆ ਹੈ ਕਿ ਉਹ ਅਨਪੜ੍ਹ ਸੀ। ਕੀ ਇਹ ਠੀਕ ਹੈ?ਉਹ ਸਿਰਫ ਅਨਪੜ੍ਹ ਹੀ ਨਹੀਂ ਬਲਕਿ ਅਗਿਆਨੀ ਵੀ ਸੀ। ਹੁਣ, ਕੀ ਇਹ ਠੀਕ ਹੈ?ਔਹ, ਕਾਸ਼ ਕਿ ਅਸੀਂ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਦੇ ਬਾਰੇ ਵਿੱਚ ਅਗਿਆਨੀ ਬਣ ਜਾਈਏ ਜਿਨ੍ਹਾਂ ਦੇ ਬਾਰੇ ਵਿੱਚ ਅਸੀਂ ਸੋਚਦੇ ਹਾਂ ਕਿ ਅਸੀਂ ਉਹ ਜਾਣਦੇ ਹਾਂ। ਸਮਝੇ? ਇਹ ਠੀਕ ਹੈ। ਵੇਖੋ, ਉਹ ਅਨਪੜ੍ਹ ਅਤੇ ਅਗਿਆਨੀ ਦੋਨੋਂ ਹੀ ਸੀ। ਅਤੇ ਫਿਰ ਉਹ ਉੱਥੇ ਯਿਸੂ ਮਸੀਹ ਦੀ ਹਜੂਰੀ ਵਿੱਚ ਚੱਲ ਕੇ ਆਇਆ ਅਤੇ ਪ੍ਰਭੂ ਯਿਸੂ ਨੇ ਉਸਨੂੰ ਦੱਸਿਆ ਕਿ ਉਹ ਕੋਣ ਹੈ। ਅਤੇ ਉਸੇ ਵੇਲੇ ਹੀ ਉਸਨੇ ਇਹ ਫੈਸਲਾ ਲੈ ਲਿਆ ਸੀ।

313 ਹੁਣ, ਇਸ ਦੂਸਰੇ ਆਦਮੀ ਦੇ ਇਸਦੇ ਵਿਰੁੱਧ ਕੀ ਵਿਚਾਰ ਹਨ। "ਚੰਗਾ ਵੇਖੋ, ਉਸਨੇ ਇਸਦਾ ਵਿਸ਼ਵਾਸ਼ ਕੀਤਾ। ਵੇਖੋ ਉਹ ਕੋਣ ਹੈ। ਤੁਸੀਂ ਜਾਣਦੇ ਹੋ ਕਿ ਉਹ ਕੋਣ ਹੈ। ਚੰਗਾ, ਉਸ ਆਦਮੀ ਨੇ ਤਾਂ ਕਦੇ ......ਕਿਉਂ, ਉਹਨੇ ਕਿਉਂ, ਉਹ ਤਾਂ ਇੱਕ ਮਛੇਰਾ ਸੀ। ਕਿਉਂ, ਉਹ ਤਾਂ ੳ, ਅ, ੲ ਵੀ ਨਹੀਂ ਜਾਣਦਾ ਹੈ। ਮੈਂ ਤਾਂ ਉਸ ਕੋਲੋਂ ਮੱਛੀ ਖਰੀਦੀ ਸੀ ਉਹ ਤਾਂ ਮੇਰੇ ਲਈ ਰਸੀਦ ਤੇ ਦਸਤਖਤ ਵੀ ਨਹੀਂ ਕਰ ਸਕਿਆ। ਵੇਖੋ, ਉਹ ਤਾਂ ਇਸ ਤਰ੍ਹਾਂ ਦਾ ਅਨਪੜ੍ਹ ਆਦਮੀ ਹੈ। ਅਤੇ

ਕੀ ਤੁਸੀਂ ਜਾਣਦੇ ਹੋ ਕਿ ਜਦੋਂ ਉਸਦੇ ਅੱਗੇ ਚੱਲਣ ਵਾਲਾ ਦੂਤ ਆਉਂਦਾ ਹੈ, ਜਦ, "ਪਹਾੜ", ਅਤੇ ਬਾਕੀ ਸਾਰੀਆਂ ਘਟਨਾਵਾਂ ਘਟਣਗੀਆਂ, ਤਾਂ ਮੈਂ ਸੋਚਦਾ ਹਾਂ ਕਿ ਇਸਰਾਏਲ ਦੀ ਸਾਰੀ ਜਨਸੰਖਿਆ ਵਿੱਚੋਂ ਸੌ ਵਿੱਚੋਂ ਇੱਕ ਆਦਮੀ ਨੇ ਵੀ ਕਦੇ ਉਸਦੇ ਬਾਰੇ ਵਿੱਚ ਨਹੀਂ ਜਾਣਿਆ ਸੀ?ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ?

304 ਕਿਉਂ, ਉਸ ਵੇਲੇ ਸਾਰੀ ਦੁਨੀਆਂ ਵਿੱਚ ਲੋਕ ਅਰ ਯਹੂਦੀ ਸਨ। ਹੁਣ, ਯਾਦ ਰੱਖੋ ਕਿ ਯਿਸੂ ਇੱਕ ਗਵਾਹ ਬਣਨ ਲਈ ਆਇਆ, ਉਹ ਦੁਨੀਆਂ ਦੇ ਮੁਕਤੀਦਾਤੇ ਦੇ ਰੂਪ ਵਿੱਚ ਆਇਆ। ਕੀ ਇਹ ਠੀਕ ਹੈ? ਕਿਉਂ, ਉੱਥੇ ਲੋਕ ਸਨ, ਲੋਕਾਂ ਤੋਂ ਬਾਦ ਹੋਰ ਲੋਕ ਆਏ, ਪੀੜ੍ਹੀ ਤੋਂ ਬਾਦ ਹੋਰ ਪੀੜ੍ਹੀ ਆਈ, ਲੋਕਾਂ ਤੋਂ ਬਾਦ ਹੋਰ ਲੋਕ ਆਏ ਪ੍ਰੰਤੂ ਉਨ੍ਹਾਂ ਨੂੰ ਇਸਦੇ ਬਾਰੇ ਵਿੱਚ ਬਿਲਕੁੱਲ ਵੀ ਪਤਾ ਨਾ ਲੱਗਾ। ਉਹ ਤਾਂ ਬਸ ਅਗਾਂਹ ਵੱਧਦੇ ਗਏ ਅਤੇ ਉਨ੍ਹਾਂ ਨੇ ਉਸਦੇ ਬਾਰੇ ਵਿੱਚ ਉਸੇ ਤਰ੍ਹਾਂ ਹੀ ਕੁਝ ਨਹੀਂ ਜਾਣਿਆ ਜਿਵੇਂ ਦੁਨੀਆਂ ਨੇ ਨਹੀਂ ਜਾਣਿਆ ਸੀ, ਪ੍ਰੰਤੂ ਇਹ ਦੁਨੀਆਂ ਵਿੱਚ ਹਰ ਸਮੇਂ ਚੱਲਦਾ ਰਿਹਾ। ਸਮਝੇ?

305 ਕਿਉਂ ਉਸਨੇ ਉਹਨਾਂ ਨੂੰ ਪਤਾ ਨਾ ਲੱਗਣ ਦਿੱਤਾ? ਕਿਉਂਕਿ ਉਹ ਆਇਆ ਅਤੇ ਸਿਰਫ ਉਨ੍ਹਾਂ ਨੇ ਹੀ ਉਸਨੂੰ ਕਬੂਲ ਕੀਤਾ ਜਿਨ੍ਹਾਂ ਨੂੰ ਪਹਿਲਾਂ ਤੋਂ ਹੀ ਅਨੰਤ ਜੀਵਨ ਲਈ ਠਹਿਰਾਇਆ ਹੋਇਆ ਸੀ। ਉਹਨਾਂ ਬਾਕੀ ਦੇ ਲੋਕਾਂ ਲਈ ਕਹਿਣ ਲਈ ਕੋਈ ਵੀ ਚੰਗੀ ਗੱਲ ਨਹੀਂ ਹੈ ਕਿਉਂਕਿ ਉਹ ਉਨ੍ਹਾਂ ਨੂੰ ਨਹੀਂ ਬਚਾ ਸੱਕਦਾ ਸੀ, ਕਿਉਂਕਿ ਉਹ ਬਚਣ ਦੇ ਯੋਗ ਹੀ ਨਹੀਂ ਸਨ। ਜਦੋਂ ਉਹ ਜਾਜਕ ਉੱਥੇ ਖੜੇ ਸਨ ਤਾਂ ਇਹ ਇਸ ਤਰ੍ਹਾਂ ਕਿਉਂ ਸੀ? ਉਸਨੇ ਉਸ ਥਾਂ ਤੱਕ ਆਉਣਾ ਸੀ ਕਿਉਂਕਿ ਪਹਿਲੇ ਤੋਂ ਠਹਿਰਾਏ ਹੋਏ ਲੋਕ ਸੱਭ ਜਗ੍ਹਾ ਰੱਖੇ ਗਏ ਸਨ, ਇਸ ਲਈ ਉਸਨੇ ਉਹਨਾਂ ਨੂੰ ਇੱਕ ਸਮੂਹ ਦੇ ਰੂਪ ਵਿੱਚ ਪ੍ਰਚਾਰ ਕਰਨਾ ਸੀ।

306 ਅਤੇ ਉਨ੍ਹਾਂ ਮਹਾਨ ਵਿਦਵਾਨਾਂ ਨੇ ਜਿਨ੍ਹਾਂ ਨੂੰ ਉਸਨੂੰ ਜਾਣ ਲੈਣਾ ਚਾਹੀਦਾ ਸੀ, ਕਿਹਾ, "ਇਹ ਮਨੁੱਖ ਤਾਂ ਬਾਲਜਬੂਲ ਹੈ। ਅਸੀਂ ਇਸ ਆਦਮੀ ਨੂੰ ਆਪਣੇ ਉੱਪਰ ਰਾਜ ਆਦਿ ਨਹੀਂ ਕਰਨ ਦਿਆਂਗੇ। " "ਅਸੀਂ ਇੰਝ ਨਹੀਂ ਕਰਨ ਦਿਆਂਗੇ। " ਪ੍ਰੰਤੂ ਉਹ ਇੱਕ ਛੋਟੀ ਵੇਸ਼ਵਾ ਜਿਹਦੇ ਅੰਦਰ ਉਹ ਜੀਵਨ ਸੀ, ਉਹ ਪਹਿਲਾਂ ਤੋਂ ਹੀ ਅਨੰਤ ਜੀਵਨ ਲਈ ਠਹਿਰਾਈ ਗਈ ਸੀ ਅਤੇ ਉਸਦਾ ਨਾਮ ਇੱਥੇ ਪ੍ਰਮੇਸ਼ੁਰ ਦੇ ਵਚਨ ਵਿੱਚ ਅਮਰਤਾ ਦੇ ਰੂਪ ਵਿੱਚ ਲਿਖਿਆ ਹੋਇਆ ਸੀ। ਉਹ ਉੱਥੇ ਤੱਕ ਚੱਲ ਕੇ ਆਇਆ, ਅਤੇ ਜਦੋਂ ਪਹਿਲੀ ਵਾਰ ਪ੍ਰਕਾਸ਼ ਉਸ ਛੋਟੇ ਜਿਹੇ ਜੀਵਨ ਤੇ ਪਿਆ ਤਾਂ ਉਹ ਉਸੇ ਘੜੀ ਹੀ ਉਹਨੂੰ ਪਛਾਣ ਗਈ।

307 ਉਹ ਬੁੱਢੇ ਮਛੇਰੇ ਨੂੰ ਵੇਖੋ ਜਿਹੜਾ ਉੱਥੇ ਆਉਂਦਾ ਹੈ । ਉੱਥੇ ਉਹ ਖੜਾ ਚਿੰਨ੍ਹ ਅਤੇ ਅਚੰਭੇ ਕਰ ਰਿਹਾ ਸੀ ਅਤੇ ਲੋਕਾਂ ਨੂੰ ਉਨ੍ਹਾਂ ਦੇ ਹਿਰਦੇ ਦੇ ਵਿਚਾਰ ਦੱਸ ਰਿਹਾ ਸੀ ਅਰ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਸੀ। ਅਤੇ ਉੱਥੇ ਹੀ ਉਹ ਫਰੀਸੀ ਖੜ੍ਹੇ ਸਨ ਅਤੇ ਉਨ੍ਹਾਂ ਨੇ ਕਿਹਾ, " ਇਹ ਆਦਮੀ ਬਾਲਜਬੂਲ ਹੈ। " ਉਹਨਾਂ ਨੇ ਆਪਣੀ ਸੰਗਤੀ ਨੂੰ ਜਵਾਬ ਦੇਣਾ ਸੀ।

308 ਉਹ ਸਾਰੇ ਚਾਰੇ ਪਾਸੇ ਖੜੇ ਸਨ ਅਤੇ ਉਨ੍ਹਾਂ ਨੇ ਕਿਹਾ, "ਡਾੱਕਟਰ ਜੋਨਸ, ਕੀ ਤੁਸੀਂ ਹੇਠਾਂ ਆਓਗੇ ਅਤੇ ਇਸ ਆਦਮੀ ਨੂੰ ਸੁਣੋਗੇ ? ਇਸ ਤਰ੍ਹਾਂ ਲੱਗਦਾ ਹੈ ਕਿ ਉਹ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ। ਉਹ ਸਧਾਰਨ ਲੋਕਾਂ ਵਾਗੂੰ ਗੱਲਾਂ ਨਹੀਂ ਕਰਦਾ ਹੈ। "



ਅਤੇ ਪ੍ਰਮੇਸ਼ੁਰ ਨੇ ਉਹਨਾਂ ਵਿੱਚੋਂ ਹਰ ਇੱਕ ਦਾ ਨਾਸ਼ ਕੀਤਾ। ,ਉਹਨਾਂ ਵਿੱਚੋਂ ਹਰੇਕ ਨੂੰ ਨਾਸ਼ ਕੀਤਾ ਅਤੇ ਹਲੀਮਾਂ ਅਤੇ ਦੀਨਾਂ ਨੂੰ ਬਚਾਇਆ। ਕੀ ਯਿਸੂ ਨੇ ਮੱਤੀ 5 ਵਿੱਚ ਨਹੀਂ ਕਿਹਾ ਸੀ, "ਹਲੀਮ ਲੋਕ ਧਰਤੀ ਦੇ ਵਾਰਿਸ ਹੋਣਗੇ"?

143 ਜੀ ਹਾਂ, ਇਸ ਲਈ ਤੁਸੀਂ ਫਿਕਰ ਨਾ ਕਰੋ ; ਉਹਨਾਂ ਦੇ ਕੋਲ ਤਾਂ ਪੈਰ ਰੱਖਣ ਤੱਕ ਦੀ ਜਗ੍ਹਾ ਨਹੀਂ ਹੈ। ਸਮਝੇ?ਉਹ ਤਾਂ ਕਾਇਨ ਦਾ ਪੁੱਤਰ ਹੋਣ ਵਿੱਚ ਯਕੀਨ ਨਹੀਂ ਕਰਦੇ ਹਨ ; ਪ੍ਰੰਤੂ ਸਾਡੇ ਕੋਲ ਟੇਪ ਹੈ ਜੇ ਤੁਸੀਂ ਇਹਨੂੰ ਸੁਣਨਾ ਚਾਹੋ ਤਾਂ ਸੁਣੋ ਇਹ ਵਿਸਥਾਰ ਨਾਲ ਇਹਦਾ ਵਰਣਨ ਕਰਦੀ ਹੈ। ਵੇਖਿਆ? ਜੀ ਨਹੀਂ ਸ਼੍ਰੀਮਾਨ।

144 ਅਤੇ ਮੈਂ ਵੇਖਿਆ ਹੈ ਕਿ ਉਨ੍ਹਾਂ ਨੇ ਅਖਬਾਰ ਵਿੱਚ ਇੱਕ ਛੋਟਾ ਜਿਹਾ ਲੇਖ ਦਿੱਤਾ ਹੈ ਜਿੱਥੇ ਸਾਇੰਸ ਇਹ ਸਿੱਧ ਕਰ ਰਹੀ ਹੈ ਕਿ ,: ਹੱਵਾਹ ਨੇ ਕਦੇ ਵੀ ਸੇਬ ਨਹੀਂ ਖਾਧਾ ਸੀ । ਉਸਨੇ ਤਾਂ ਆੜੂ ਖਾਧਾ ਸੀ। " ਵੇਖਿਆ? ਇਸ ਸਮੇਂ ਮੇਰੇ ਘਰ ਵਿੱਚ ਇਹ ਅਖਬਾਰ ਪਈ ਹੋਈ ਹੈ। ਸਮਝੇ?ਇਹ ਆੜੂ ਸੀ । ਕਿੰਨੇ ਦੂਰ ਲੋਕ ਜਾ ਸੱਕਦੇ .....ਇਹ ਸ਼ਰੀਰਕ ਬੁੱਧੀ ਹੈ?ਅਤੇ ਇਹ ਵੀ ਕਿ ਮੂਸਾ ਕੇ ਕਦੇ ਵੀ ਪਾਣੀ ਨੂੰ ਪਾਰ ਨਹੀਂ ਕੀਤਾ ਸੀ, ਉਹ ਤਾਂ ਕਾਨਿਆਂ ਦੇ ਸਮੁੰਦਰ ਨੂੰ ਪਾਰ ਕਰਕੇ ਗਿਆ ਸੀ, ਅਤੇ ਉਹ ਇਸਰਾਈਲੀਆਂ ਨੂੰ ਮੁਰਦਾ ਸਾਗਰ ਦੇ ਉੱਪਰ ਪਾਸੇ ਦੇ ਪਾਰ ਲੈ ਕੇ ਆਇਆ ਸੀ। ਉੱਥੇ ਕਾਨਿਆਂ ਦਾ ਢੇਰ ਸੀ, ਸਾਰਾ ਸਮੁੰਦਰ ਹੀ ਕਾਨਿਆਂ ਦਾ ਸੀ ਜਿੱਥੇ ਕਿ ਕਿਸੇ ਵੇਲੇ ਪਾਣੀ ਸੀ, ਪ੍ਰੰਤੂ ਉਹ ਸੁੱਕ ਗਿਆ ਸੀ। ਅਤੇ ਮੂਸਾ ਨੇ ਇੱਕ ਛੋਟਾ ਜਿਹਾ ਰਸਤਾ ਲਿਆ ਸੀ ਅਤੇ ਉਹ ਉਸੇ ਰਾਹ ਥਾਣੀਂ ਪਾਰ ਗਿਆ ਸੀ। ਅਤੇ ਔਰਥੋਡੋਕਸ ਕਲੀਸਿਆਵਾਂ ਨੇ ਇਹਨੂੰ ਕਬੂਲ ਕਰ ਲਿਆ ਹੈ। ਤੁਸੀਂ ਇਹਨੂੰ ਵੇਖ ਲਿਆ ਹੈ। ਔਰਥੋਡੋਕਸ ਕਲੀਸਿਆਵਾਂ ਨੇ ਇਹਨੂੰ ਮੰਨ ਲਿਆ ਹੈ ਕਿ ਇਹ ਇਸੇ ਤਰ੍ਹਾਂ ਹੀ ਸੀ।

145 ਹੇ ਮਨੁੱਖ ਕੀ ਤੂੰ ਸੱਪ ਦੀ ਸੰਤਾਨ ਨੂੰ, ਉਸ ਮਸੀਹ ਵਿਰੋਧੀ ਨੂੰ ਅਤੇ ਉਸ ਸਾਰੀ ਗੱਲ ਨੂੰ ਜਿਹੜੀ ਉੱਥੇ ਰੱਖੀ ਹੋਈ ਹੈ ਨਹੀਂ ਵੇਖ ਸੱਕਦਾ ਹੈਂ ?ਯਕੀਨਨ ਹੀ। ਜੀ ਹਾਂ, ਸ਼੍ਰੀਮਾਨ ਜੀ।

> *ਭਾਈ ਬ੍ਰਾਨਹਾਮ ਕਿਰਪਾ ਕਰਕੇ ਮੇਰੇ ਛੋਟੇ ਬੱਚੇ ਲਈ ਪ੍ਰਾਰਥਨਾ ਕੀਤੀ ਜਾਵੇ* (ਚੰਗਾ ਇਹ ਇਹ ਇੱਕ ਬੇਨਤੀ ਲਈ ਮੰਗ ਹੈ,ਮੈਂ ਇਹਨੂੰ ਵੇਖਦਾ ਹਾਂ) *ਮੇਰੇ ਛੋਟੇ ਪੋਤਰੇ ਲਈ ਜੋ ਕਿ ਫਲੂ ਦੇ ਨਾਲ ਬਹੁਤ ਬਿਮਾਰ ਹੈ ਦੁਆ ਕਰ ਦਿਓ। ਉਹ ਰਿਵਰਵਿਊ ਹੋਟਲ ਵਿੱਚ ਹੈ।*

146 ਪ੍ਰਭੂ ਇਸ ਬੇਚਾਰੀ ਜਨਾਨੀ ਨੇ ਬਸ ਇਉਂ ਹੀ ਇਹ ਨਹੀਂ ਲਿਖਿਆ ਹੈ। ਉਸਨੇ ਤੈਨੂੰ ਉਸ ਰਾਤ ਉਸ ਛੋਟੇ ਜਿਹੇ ਮੁੰਡੇ ਵਿੱਚੋਂ ਪੂਰੀ ਤਰ੍ਹਾਂ ਗਠੀਏ ਦਾ ਬੁਖਾਰ ਕੱਢਦੇ ਵੇਖਿਆ ਹੈ। ਉਹ ਜਾਣਦੀ ਹੈ ਕਿ ਤੂੰ ਮਹਾਨ ਖੁਦਾ ਹੈਂ ਅਤੇ ਉਸ ਛੋਟੇ ਬੱਚੇ ਲਈ ਆਪਣੀਆਂ ਦੁਆਵਾਂ ਤੇਰੇ ਅੱਗੇ ਕਰਦੇ ਹਾਂ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਹ ਠੀਕ ਹੋ ਜਾਵੇ। ਆਮੀਨ।

147 ਜਦੋਂ ਕੋਈ ਕੁਝ ਲਿਖਦਾ ਹੈ ਤਾਂ ਉਹ ਐਵੇਂ ਹੀ ਵਿਅਰਥ ਵਿੱਚ ਨਹੀਂ ਹੁੰਦਾ ਹੈ। ਉਹ-ਉਹ-ਉਹਨਾਂ ਦਾ ਹੁੰਦਾ ਹੈ ........ਇਹਦੇ ਨਾਲ ਕੋਈ ਵਾਸਤਾ ਨਹੀਂ ਹੈ ਕਿ ਗੱਲ ਸਾਨੂੰ ਕਿੰਨੀ ਸਾਦਾ ਜਿਹੀ ਲੱਗਦੀ ਹੈ,ਪਰ ਉਸਦੇ ਪਿੱਛੇ ਕੋਈ ਨਾ ਕੋਈ ਗੱਲ ਹੁੰਦੀ ਹੈ। ਤੁਸੀਂ ਵੇਖਿਆ? ਉਸ ਜਨਾਨੀ ....ਉਸ ਛੋਟੇ ਬੱਚੇ ਬਾਰੇ ....ਕੋਈ ਗੱਲ ਹੈ।

**10. ਉਹ ਏਲੀਯਾਹ ਜਿਹੜਾ ਯਹੂਦੀਆਂ ਲਈ ਪ੍ਰਚਾਰ ਕਰਨ ਆਉਂਦਾ ਹੈ, ਕੀ ਉਹ ਉਹ ਹੀ ਆਦਮੀਂ ਹੈ ਜਿਹੜਾ ਅਸਲ ਵਿੱਚ ਧਰਤੀ ਤੇ ਰਿਹਾ ਸੀ ਜਾਂ ਇਹ ਏਲੀਯਾਹ ਦਾ ਆਤਮਾ ਹੋਵੇਗਾ ਜੋ ਕਿਸੇ ਦੂਸਰੇ ਆਦਮੀਂ ਤੇ ਆਵੇਗਾ?** (ਆਓ ਵੇਖੀਏ। ਹੁਣ, ਇਹ ...ਹੁਣ, ਮੈਂ ਇਹਨੂੰ ਕਹਿਣ ਵਿੱਚ ਡਰਦਾ ਹਾਂ । ਮੈਂ ਨਹੀਂ ਜਾਣਦਾ ਹਾਂ। ਸਮਝੇ?ਮੈਂ ਇਹਨੂੰ ਫਿਰ ਦੁਬਾਰਾ ਪੜ੍ਹਦਾ ਹਾਂ। ) **ਉਹ ਏਲੀਯਾਹ ਜਿਹੜਾ ਯਹੂਦੀਆਂ ਲਈ ਪ੍ਰਚਾਰ ਕਰਨ ਆਉਂਦਾ ਹੈ, ਕੀ ਉਹ ਉਹ ਹੀ ਆਦਮੀਂ ਹੈ ਜਿਹੜਾ ਅਸਲ ਵਿੱਚ ਧਰਤੀ ਤੇ ਰਿਹਾ ਸੀ (ਔਹ, ਹਾਂ)ਜਾਂ ਇਹ ਏਲੀਯਾਹ ਦਾ ਆਤਮਾ ਹੋਵੇਗਾ ਜੋ ਕਿਸੇ ਦੂਸਰੇ ਆਦਮੀਂ ਤੇ ਆਵੇਗਾ?**

148 ਹੁਣ, ਜੇ ਮੈਂ ਇਸਦਾ ਠੀਕ ਜਵਾਬ ਦੇ ਸਕਾਂ ਤਾਂ ਮੈਂ ਤੁਹਾਨੂੰ ਹਨੋਕ ਦੇ ਬਾਰੇ ਵਿੱਚ ਦੱਸ ਸੱਕਦਾ ਹਾਂ । ਸਮਝੇ? ਪਰ ਮੈਂ ....ਮੈਂ ਇਹ ਨਹੀਂ ਕਰ ਸੱਕਦਾ ਹਾਂ। ਸਮਝੇ ਤੁਸੀਂ?ਮੈਂ ਤਾਂ ਬਸ ਇੱਕ ਗੱਲ ਹੀ ਜਾਣਦਾ ਹਾਂ ਜਿਹੜੀ ਕਿ ਇਹ ਹੈ ਕਿ ਵਚਨ ਦੱਸਦਾ ਹੈ ਕਿ ਉਹ ਕੀ ਹੋਵੇਗਾ। ਅਤੇ ਹੁਣ ਇਹ ਹੋ ਸੱਕਦਾ ਹੈ ਕਿ .....ਮੇਰਾ ਇੱਕ ਤਰ੍ਹਾਂ ਨਾਲ ਲਗਾਵ ......(ਹੁਣ ਮੈਂ ਇਹਨੂੰ ਇਸ ਢੰਗ ਨਾਲ ਕਹਿੰਦਾ ਹਾਂ, ਅਤੇ ਮੇਰਾ ਖਿਆਲ ਹੈ ਕਿ ਜਿਹੜੇ ਭਾਈ ਇਹਨੂੰ ਟੇਪਾਂ ਤੇ ਸੁਣਨਗੇ ਉਹ ਇਹਨੂੰ ਸਮਝ ਜਾਣਗੇ। ) ਮੈਂ ਇਹ ਵਿਸ਼ਵਾਸ਼ ਕਰਦਾ ਹਾਂ ਕਿ ਇਹ ਮਨੁੱਖ ਉਹਨਾਂ ਦੇ ਆਤਮਾ ਨਾਲ ਮਸਹ੍ਹ ਹੋਣਗੇ; ਕਿਉਂਕਿ (ਸਮਝੇ?) ਇਹ ਕਹਿੰਦਾ ਹੈ, "ਕਿ ਏਲੀਯਾਹ ਤੇ ਨਹੀਂ ਸੀ ......ਕੀ ਏਲੀਯਾਹ ਦਾ ਆਤਮਾ ਅਲੀਸ਼ਾ ਤੇ ਨਹੀਂ ਠਹਿਰਿਆ ਸੀ?ਵੇਖਿਆ? ਏਲੀਯਾਹ ਦਾ ਆਤਮਾ .......ਅਤੇ ਉਸਨੇ ਬਿਲਕੁੱਲ ਉਹ ਹੀ ਕੀਤਾ ਜੋ ਏਲੀਯਾਹ ਨੇ ਕੀਤਾ ਸੀ। ਸਮਝੇ? ਇਸ ਲਈ ....ਪਰ ਮੈਂ ਇਹ ਨਹੀਂ ਕਹਿ ਸੱਕਦਾ ਹਾਂ ਕਿ ਇਹ ਸੱਚ ਹੈ। ਮੈਂ-ਮੈਨੂੰ ਨਹੀਂ ਪਤਾ ਹੈ। ਸਮਝੇ? ਮੈਂ ਇਮਾਨਦਾਰ ਰਹਿਣਾ ਹੈ। ਮੈਂ ਨਹੀਂ ਜਾਣਦਾ ਹਾਂ।

**11. ਭਾਈ ਬ੍ਰਾਨਹਾਮ, ਕੀ ਤੁਸੀਂ ਮੇਰੇ ਲਈ ਬਪਤਿਸਮੇ ਦੇ ਬਾਰੇ ਵਿੱਚ ਇਹ ਜਵਾਬ ਦਿਓਗੇ : ਮੱਤੀ 28:19, ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਸਿਖਾਉਂਦਾ ਹੈ, ਜਦਕਿ ਰਸੂਲਾਂ ਦੇ ਕਰਤੱਵ 2:38 ਵਿੱਚ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮੇ ਦੇ ਬਾਰੇ ਵਿੱਚ ਲਿਖਿਆ ਹੋਇਆ ਹੈ। ਰਸੂਲਾਂ ਦੇ ਕਰਤੱਵ ਵਿੱਚ ਇਹ ਕਦੋਂ ਬਦਲਿਆ ਗਿਆ ਸੀ? ਹੁਣ, ਮੈਂ ਯਿਸੂ ਦੇ ਨਾਮ ਵਿੱਚ ਵਿਸ਼ਵਾਸ਼ ਕਰਦਾ ਹਾਂ।**

149 ਅੱਛਾ, ਭਾਈ ਜਾਂ ਭੈਣ, ਜਾਂ ਜਿਸ ਕਿਸੇ ਨੇ ਵੀ ਇਹ ਲਿਖਿਆ ਹੈ, ਇਹਦੇ ਵਿੱਚ ਕੋਈ ਵੀ ਬਦਲਾਵ ਨਹੀਂ ਆਇਆ ਸੀ। ਇਹ ....ਅਰ ਪਤਰਸ ਨੇ ਬਿਲਕੁੱਲ ਉਹ ਹੀ ਕੀਤਾ ਜੋ ਪ੍ਰਭੂ ਯਿਸੂ ਨੇ ਉਸਨੂੰ ਕਰਨ ਲਈ ਕਿਹਾ ਸੀ। ਹੁਣ, ਜੇ ਕੋਈ ਆਦਮੀਂ ਆਉਂਦਾ ਹੈ ਅਤੇ ਕਹਿੰਦਾ ਹੈ ਕਿ



298 ਇਹ ਦੇਸ਼ ਉਸ ਪੁਰਾਣੀ ਸ਼ਾਨ ਤੇ ਹੀ ਜੀ ਰਿਹਾ ਹੈ ਕਿ ਸਾਡੇ ਬਜ਼ੁਰਗ ਕੀ ਸਨ,ਅਤੇ ਇਹ ਹੀ ਕਾਰਨ ਹੈ ਕਿ ਅਸੀਂ ਇਹ ਸੋਚਦੇ ਹਾਂ ਕਿ ਅਸੀਂ ਬਚ ਜਾਵਾਂਗੇ। ਪ੍ਰਮੇਸ਼ੁਰ ਨੇ ਇਸਰਾਏਲ ਨੂੰ ਇਸ ਅਧਾਰ ਤੇ ਆਦਰ ਨਹੀਂ ਦਿੱਤਾ ਕਿ ਉਹ ਕੀ ਸਨ,ਉਹ ਕੀ ਰਹੇ ਸਨ;ਕਿ ਉਹ ਤਦ ਕੀ ਸਨ।

299 ਪ੍ਰੰਤੂ ਹੁਣ, ਧਿਆਨ ਦਿਓ। ਹੁਣ ਇੱਥੇ ਮੈਂ ਸੋਚਦਾ ਹਾਂ ਕਿ,ਇੱਥੇ ਉਹ ਹੈ ਜੋ ਮੈਂ ਸੋਚਦਾ ਹਾਂ ਕਿ ਵਾਪਰੇਗਾ। ਹੁਣ, ਹੋ ਸੱਕਦਾ ਹੈ ਕਿ ਇਸ ਤਰ੍ਹਾਂ ਨਾ ਹੋਵੇ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਸ ਤਰ੍ਹਾਂ ਦਾ ਸਮਾਂ ਆਏਗਾ ਜਦੋਂ ਸਾਨੂੰ ਆਰਥਿਕ ਵਿਸ਼ੇ ਸਬੰਧੀ ਮਜ਼ਬੂਰ ਕੀਤਾ ਜਾਵੇਗਾ। ਅਤੇ ਜਦੋਂ ਇਸ ਤਰ੍ਹਾਂ ਹੋਵੇਗਾ ਸਾਡੀ ਕਰੰਸੀ ਬਦਲਣ ਦੀ ਬਜਾਏ ......ਉਹ ਫਿਲਿਪ ਮੋਰਿਸ ਕੰਪਨੀ ਲਈ ਕੀ ਕਰੇਗਾ?ਉਹ ਵਿਸਕੀ ਕੰਪਨੀਆਂ ਲਈ ਕੀ ਕਰੇਗਾ ? ਉਹ ਸਟੀਲ ਉਦਯੋਗ ਲਈ ਕੀ ਕਰੇਗਾ? ਉਹ ਸਾਰੇ ਵਿਉਪਾਰ ਲਈ ਕੀ ਕਰੇਗਾ? ਉਹ ਕੀ ਕਰੇਗਾ?ਉਹ ਉਨ੍ਹਾਂ ਨੂੰ ਤੋੜ ਦੇਵੇਗਾ। ਉਹ ਕੰਗਾਲੀ ਦੀ ਹਾਲਤ ਵਿੱਚ ਪਹੁੰਚ ਜਾਣਗੇ। ਪ੍ਰੰਤੂ ਜੇ ਅਸੀਂ ਉਸ ਧਨ ਨੂੰ ਉਧਾਰ ਪ੍ਰਾਪਤ ਸਕੀਏ .....ਵੇਖੋ ਉਹ ਕਿੰਨਾ ਹੁਸ਼ਿਆਰ ਹੈ?

300 ਫਿਰ ਰਾਜ ਚਰਚ ਨੂੰ ਬਿਕ ਜਾਵੇਗਾ ਅਤੇ ਤਦ ਚਰਚ ਅਤੇ ਰਾਜ ਇੱਕ ਹੋ ਜਾਣਗੇ ਅਤੇ ਇਹ ਉਸ ਹਾਲਤ ਵਿੱਚ ਆ ਜਾਂਦੀ ਹੈ। ਸਮਝੇ? ਇਸੇ ਤਰ੍ਹਾਂ ਹੀ ਹੈ। ਠੀਕ ਹੈ। ਹੁਣ ਤੁਸੀਂ ਇਸ ਤੇ ਧਿਆਨ ਦਿਓ ....

**30. ਜੇ ਕੋਈ ਆਦਮੀ ਸਾਡੀ ਸਰਕਾਰ ਦੁਆਰਾ ਬਣਾਈ ਹੋਈ ਕਿਸੇ ਸੰਸਥਾ ਦੀ ਸਭਾ ਵਿੱਚ ਹੈ, ਕੀ ਉਹ ਆਪਣੇ ਹਿਰਦੇ ਦੇ ਸੰਦੇਸ਼ਾਂ ਨੂੰ ਜਾਂ ਇਸ ਅੰਤ ਦੇ ਸੰਦੇਸ਼ ਦੀਆਂ ਸੱਚਾਈਆਂ ਨੂੰ ਬੋਲ ਸੱਕਦਾ ਹੈ,ਤਾਂ ਕੀ ਉਸਦੀ ਗਿਣਤੀ ਵੇਸ਼ਵਾਵਾਂ ਵਿੱਚੋਂ ਕਿਸੇ ਇੱਕ ਵਰਗੀ ਹੋਵੇਗੀ? ਜੇ ਕੋਈ ਕਿਸੇ ਸੰਸਥਾ ਦੀ ਸਭਾ ਵਿੱਚ ਹੈ .......**

301 ਅੱਛਾ, ਸੰਸਥਾ ਦੀ ਸਭਾ ......ਬੋਲਣ ਦੇ ਅਧਿਕਾਰ ਸਰਕਾਰ ਵਲੋਂ ਦਿੱਤੇ ਗਏ ਹਨ। ਇਸਦਾ ਉਸ ਵਿਅਕਤੀ ਦੇ ਦਿਲ ਨਾਲ ਕੋਈ ਸਬੰਧ ਨਹੀਂਹੈ। ਸਮਝੇ?ਹੁਣ,ਜੇ ਉਹ ਇੱਕ ਸੱਚਾ ਵਿਸ਼ਵਾਸ਼ੀ ਹੈ ਅਤੇ ਪ੍ਰਮੇਸ਼ੁਰ ਦੇ ਆਤਮਾ ਤੋਂ ਜੰਮਿਆ ਹੈ ਤਾਂ ਕਿਸੇ ਨਾ ਕਿਸੇ ਸਮੇਂ ਜਾਂ ਕਿਸੇ ਹੋਰ ਦੇ ਰਾਹੀਂ ਉਹ ਪਰਖਿਆ ਜਾਵੇਗਾ। ਸਮਝੇ? ਇਹ ਇੰਨਾ ਸਪੱਸ਼ਟ ਨਹੀਂ ਹੋ ਸੱਕਦਾ ਹੈ ਕਿ ਉਹ ਤਦ ਉਸਨੂੰ ਨਾ ਵੇਖੇ।

302 ਹੁਣ ਮੈਂ ਤੁਹਾਡੇ ਕੋਲੋਂ ਚਾਹੁੰਦਾ ਹਾਂ ਕਿ ......ਮਿੱਤਰੋ ਮੈਂ ਇਹ ਚਾਹੁੰਦਾ ਹਾਂ ਕਿ ਤੁਸੀਂ ਇਹਨੂੰ ਯਾਦ ਰੱਖੋ ਕਿ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਦੇ ਨਹੀਂ ਕੀਤਾ ਹੈ ਜਾਂ ਜਿੱਥੇ ਤੱਕ ਮੈਂ ਯਾਦ ਕਰ ਸੱਕਦਾ ਹਾਂ ਕਦੇ ਇਸ ਤਰ੍ਹਾਂ ਨਹੀਂ ਹੋਇਆ ਹੈ ਜਦ ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕੀਤਾ ਹੋਵੇ, ਪ੍ਰੰਤੂ ਕੀ ......

303 ਹੁਣ, ਯਿਸੂ ਇਹਨਾਂ ਸੱਭ ਦਾ ਮੁੱਖ ਵਿਅਕਤੀ ਰਿਹਾ ਹੈ, ਕਿਉਂਕਿ ਉਹ ਪ੍ਰਮੇਸ਼ੁਰ ਸੀ ਜੋ ਦੇਹਧਾਰੀ ਹੋਇਆ ਸੀ, ਉਹ ਇਮਾਨੂੰਏਲ ਸੀ। ਹੁਣ ਵੇਖੋ, ਇਸ ਵਿਅਕਤੀ ਯਿਸੂ ਨੂੰ ਵੇਖੋ। ਜਦ ....ਕੀ ਤੁਸੀਂ ਜਾਣਦੇ ਹੋ ਕਿ ਜਦੋਂ ਉਹ ਧਰਤੀ ਤੇ ਸੀ ਤਾਂ ਧਰਤੀ ਤੇ ਇੰਨੇ ਵੀ ਲੋਕ ਨਹੀਂ ਸਨ ਕਿ ......ਮੈਂ ਸੋਚਦਾ ਹਾਂ ਕਿ ਦੁਨੀਆਂ ਦਾ ਦਸਵਾਂ ਭਾਗ ਹੀ ਇਹ ਜਾਣਦਾ ਹੋਵੇ ਕਿ ਉਹ ਇੱਥੇ ਸੀ?

292 ਹੁਣ, ਕੈਥੋਲਿਕ ਚਰਚ ਦੇ ਕੋਲ ਪਿਛਲੇ ਸਮੇਂ ਵਿੱਚ ਮਿੱਸਾ ਬਲੀਦਾਨ ਅਤੇ ਆਦਿ ਆਦਿ ਲਈ ਧਨ ਦੀ ਵਸੂਲੀ ਕਰਨ ਕਾਰਨ ਸੰਸਾਰ ਦਾ ਜਿਆਦਾਤਰ ਧਨ ਪਾਇਆ ਜਾਂਦਾ ਹੈ। ਤੁਸੀਂ ਯਾਦ ਰੱਖੋ ਬਾਈਬਲ ਆਖਦੀ ਹੈ ਕਿ ਉਹ "ਉਹ ਧਨੀ ਹੈ ", ਅਤੇ ਦੱਸਦੀ ਹੈ ਕਿ ਉਹ ਕੇਹੀ ਹੈ। ਯਾਦ ਰੱਖੋ ਉਹ ਸਿਰਫ ਕਿਸੇ ਇੱਕ ਦੇਸ਼ ਤੋਂ ਹੀ ਅਮੀਰ ਨਹੀਂ ਹੈ ਬਲਕਿ ਉਹ ਤਾਂ ਅਕਾਸ਼ ਦੇ ਹੇਠਾਂ ਪਾਏ ਜਾਣ ਵਾਲੇ ਹਰੇਕ ਦੇਸ਼ ਤੋਂ ਵੱਧ ਧਨੀ ਹੈ। ਉਸਦੇ ਕੋਲ ਧਨ ਹੈ। ਹੁਣ, ਜੋ ਰੋਮਨ ਕੈਥੋਲਿਕ ਦੇ ਕੋਲ ਨਹੀਂ ਹੈ ਉਹ ਵਾੱਲ ਸਟ੍ਰੀਟ ਦੇ ਕੋਲ ਹੈ ਜੋ ਕਿ ਯਹੂਦੀਆਂ ਰਾਹੀਂ ਕੰਟਰੋਲ ਹੁੰਦੀ ਹੈ।

293 ਅਤੇ ਹੁਣ ਤੁਸੀਂ ਯਾਦ ਕਰੋ,ਕੱਲ ਰਾਤ ਅਸੀਂ ਵੇਖਿਆ ਸੀ ਕਿ ਜਦੋਂ ਯਕੂਬ ਮੁੜ ਕੇ ਆਇਆ ਅਤੇ ਇਸਰਾਏਲ ਬਣਿਆ ਤਾਂ ਉਸਦੇ ਕੋਲ ਧਨ ਸੀ। ਅਸਲੀਅਤ ਵਿੱਚ ਹੀ ਉਸਦੇ ਕੋਲ ਧਨ ਸੀ। ਪ੍ਰੰਤੂ ਉਸਦਾ ਧਨ ਏਸਾਉ ਦਾ ਕੁਝ ਵੀ ਨਹੀਂ ਖਰੀਦ ਸਕਿਆ ਸੀ, ਕਿਉਂਕਿ ਏਸਾਉ ਦੇ ਕੋਲ ਵੀ ਧਨ ਸੀ। ਦੋਨੋਂ ਵਿਰੋਧੀ ਸਨ ਅਤੇ ਇੱਕ .....ਇਹ ਬਿਲਕੁੱਲ ਇਸਦੀ ਇੱਕ ਸਿੱਧ ਤਸਵੀਰ ਹੈ।

294 ਪ੍ਰੰਤੂ ਇੱਧਰ ਧਿਆਨ ਦਿਓ। ਮੈਂ ਇਹ ਕਿਹਾ ਸੀ ਕਿ ਹੋ ਸੱਕਦਾ ਹੈ ਕਿ ਉਹ ਇਕੱਠੇ ਹੋ ਕੇ ਧਨ ਤੇ ਏਕਤਾ ਕਰਨ ਅਤੇ ਰੋਮੀ ਤਾਕਤ, ਯਹੂਦੀ ਤਾਕਤ ਦਾ ਧਨ ਹੜੱਪ ਲਵੇਗੀ ਅਤੇ ਨੇਮ ਤੋੜ ਦੇਵੇਗੀ। ਹੋ ਸੱਕਦਾ ਹੈ ਕਿ ਇਸ ਤਰ੍ਹਾਂ ਨਾ ਹੋਵੇ। ਮੈਂ ਇਹ ਜਾਣਦਾ ਹਾਂ ਕਿ ਉਹ ਨੇਮ ਤੋੜ ਦੇਣਗੇ ਪ੍ਰੰਤੂ ਮੈਂ ਇਸਦੇ ਟੁੱਟਣ ਦਾ ਕਾਰਨ ਨਹੀਂ ਜਾਣਦਾ ਹਾਂ ਕਿਉਂਕਿ ਇਹ ਮੇਰੇ ਤੇ ਪ੍ਰਗਟ ਨਹੀਂ ਕੀਤਾ ਗਿਆ ਹੈ ਕਿ ਉਹ ਕੀ ਕਰਨਗੇ।

295 ਪ੍ਰੰਤੂ ਵੇਖੋ। ਹੁਣ ਅੱਜ ਅਸੀਂ ਬਸ ਇੱਕ ਕੰਮ ਕਰ ਸੱਕਦੇ ਹਾਂ, ਕੀ ਕੀਤਾ ਜਾ ਸੱਕਦਾ ਹੈ ...ਜੇ ਇਹ ਦਲੀਲ ਸੱਚੀ ਹੈ,ਜੇ ਅਸੀਂ ਧਨ ਤੋਂ ਕਰ ਦੀ ਵਸੂਲੀ ਕਰ ਰਹੇ ਹਾਂ,ਅਸੀਂ ਉਹਨਾਂ ਕਰਾਂ ਤੋਂ ਪ੍ਰਾਪਤ ਧਨ ਨਾਲ ਜੀਵਨ ਗੁਜਾਰ ਰਹੇ ਹਾਂ ਜਿਹਦਾ ਭੁਗਤਾਨ ਚਾਲੀ ਸਾਲ ਬਾਦ ਕੀਤਾ ਜਾਵੇਗਾ ...ਤੁਸੀਂ ਵੇਖੋ,ਸਾਡਾ ਸੋਨਾ...ਅਸੀਂ ਇਹਨੂੰ ਖਰਚ ਦਿੱਤਾ ਹੈ। ਅਸੀਂ ਬੁਰੀ ਹਾਲਤ ਵਿੱਚ ਹਾਂ। ਸਾਡੇ ਕੋਲ ਕੋਈ ਧਨ ਨਹੀਂ ਹੈ। ਅਸੀਂ ਤਾਂ ਬਸ ਆਪਣੀ ਪੁਰਾਣੀ ਸ਼ਾਨ ਤੇ ਹੀ ਜੀਵਨ ਬਤੀਤ ਕਰ ਰਹੇ ਹਾਂ।

296 ਇਹੋ ਕੁਝ ਹੀ ਅੱਜ ਮਿਸ਼ਨਾਂ ਕਰ ਰਹੀਆਂ ਹਨ ;ਲਾਜ਼ੀ ਨਹੀਂ ਬਲਕਿ ਮਿਸ਼ਨਾਂ ਇਸ ਤਰ੍ਹਾਂ ਕਰ ਰਹੀਆਂ ਹਨ। ਉਹ ਆਪਣੀ ਪੁਰਾਣੀ ਸ਼ਾਨ ਤੇ ਹੀ ਜੀਵਨ ਬਤੀਤ ਕਰ ਰਹੀ ਹੈ ਜੋ ਉਸਨੇ ਸ਼ੇਰ ਦੇ ਯੁੱਗ ਦੀ ਸੇਵਕਾਈ ਅਧੀਨ ਪ੍ਰਾਪਤ ਕੀਤੀ ਸੀ। ਉਹ ਕਹਿੰਦੀ ਹੈ,"ਅਸੀਂ ਕਲੀਸਿਯਾ ਹਾਂ। ਅਸੀਂ ਮਾਂ ਕਲੀਸਿਯਾ ਹਾਂ । ਅਸੀਂ ਸ਼ੁਰੂ ਕੀਤੀ ......" ਇਹ ਠੀਕ ਹੈ। ਸਮਝੇ? ਉਹ ਅਪਣੀ ਪੁਰਾਣੀ ਸ਼ਾਨ ਤੇ ਹੀ ਜੀ ਰਹੀ ਹੈ।

297 ਮੈਥੋਡਿਸਟ ਆਪਣੀ ਪੁਰਾਣੀ ਸ਼ਾਨ ਤੇ ਹੀ ਜੀ ਰਹੇ ਹਨ। ਬੈਪਟਿਸਟ ਆਪਣੀ ਪੁਰਾਣੀ ਸ਼ਾਨ ਤੇ ਹੀ ਜੀ ਰਹੇ ਹਨ। ਪੈਂਤੀਕਾਸਟਲ ਆਪਣੀ ਪੁਰਾਣੀ ਸ਼ਾਨ ਤੇ ਹੀ ਜੀ ਰਹੇ ਹਨ। "ਪ੍ਰਮੇਸ਼ੁਰ ਦੀ ਤਰੀਫ ਹੋਵੇ!ਇਹ ਬਹੁਤ ਚਿਰ ਪਹਿਲਾਂ ਦੀ ਗੱਲ ਹੈ ਜਦ ਸੰਤ ਆਤਮਾ ਵਿੱਚ ਨੱਚਦੇ ਹੁੰਦੇ ਸਨ ਅਤੇ ਕਿਵੇਂ ਉਹ .....ਪ੍ਰਭੂ ਨੇ *ਇਹ* ਅਤੇ *ਉਹ* ਕੀਤਾ। " ਇਹ ਤਾਂ ਉਹ ਗੱਲ ਹੈ ਜਿਹੜੀ ਪਿਛਲੇ ਸਮੇਂ ਵਿੱਚ ਹੋਈ ਸੀ। " ਭਾਈਓ ਹੁਣ ਅਸੀਂ ਸੱਭ ਵੱਡੇ ਹੋ ਗਏ ਹਾਂ । " ਵੇਖਿਆ? ਔਹ, ਇਹ ਸਾਰੀ ਪੁਰਾਣੀ ਸ਼ਾਨ ਹੀ ਹੈ।



ਬਪਤਿਸਮਾ ਦੇਣ ਲਈ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੀਆਂ ਉਪਾਧੀਆਂ ਨੂੰ ਵਰਤੋ ਤਾਂ ਉਹ ਇਹ ਕਰਦਾ ਹੈ ਜੋ ਪਤਰਸ ਨੇ ਕਰਨ ਲਈ ਨਹੀਂ ਕਿਹਾ ਸੀ, ਪ੍ਰੰਤੂ ਜੋ ਖੁਦਾ ਨੇ ਕਰਨ ਲਈ ਨਹੀਂ ਕਿਹਾ ਸੀ। ਸਮਝੇ? ਹੁਣ, ਪ੍ਰਭੂ ਯਿਸੂ ਨੇ ਕਿਹਾ ਸੀ ਇਹ .......

150 ਅਸੀਂ ਇਹਦੇ ਬਾਰੇ ਵਿੱਚ ਬਸ ਥੋੜਾ ਜਿਹਾ ਹੀ ਵੇਖਾਂਗੇ । ਮੈਂ ਤੁਹਾਨੂੰ ਇੱਥੇ ਕੁਝ ਵਿਖਾਉਣਾ ਚਾਹੁੰਦਾ ਹਾਂ। ਧਿਆਨ ਦਿਓ। ਧਿਆਨ ਦਿਓ, ਜੇ ਤੁਸੀਂ ਇੱਥੇ ਇੱਕ ਵਿਅਕਤੀ ਹੋ ....... ਮੈਂ ਇੱਥੇ ਵਸਤੂ ਤਿੰਨ ਟੁਕੜੇ ਰੱਖਣ ਜਾ ਰਿਹਾ ਹਾਂ [ਭਾਈ ਬ੍ਰਾਨਹਾਮ ਇਸਨੂੰ ਸਮਝਾਉਣ ਲਈ ਤਿੰਨ ਵੱਖ-ਵੱਖ ਟੁਕੜੇ ਰੱਖਦੇ ਹਨ-ਸੰਪਾ] ਇਹ ਪਿਤਾ ਹੈ, ਇਹ ਪੁੱਤਰ ਹੈ, ਇਹ ਪਵਿੱਤਰ ਆਤਮਾ ਹੈ ਜਿਵੇਂ ਕਿ ਤਸਲੀਸ ਮੰਨਣ ਵਾਲੇ ਵਿਸ਼ਵਾਸ਼ ਕਰਦੇ ਹਨ-ਉਹ ਵਿਸ਼ਵਾਸ਼ ਕਰਦੇ ਹਨ ਕਿ ਇਹ ਤਿੰਨ ਵੱਖ-ਵੱਖ ਹਸਤੀਆਂ ਹਨ। ਉਹ ਇਸੇ ਤਰ੍ਹਾਂ ਹੀ ਵਿਸ਼ਵਾਸ਼ ਕਰਦੇ ਹਨ। ਸਮਝੇ? ਚੰਗਾ, ਹੁਣ, ਮੈਨੂੰ....

151 ਅਤੇ ਫਿਰ ਯਿਸੂ ਨੇ ਮੱਤੀ 28:19 ਵਿੱਚ ਕਿਹਾ ਸੀ, "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬਤ ਸਰਿਸ਼ਟ ਦੇ ਅੱਗੇ ਪ੍ਰਚਾਰ ਕਰੋ। ਉਹ ....ਨਹੀਂ, ਮੈਨੂੰ ਮਾਫ ਕਰਨਾ। ਹੁਣ ਮੈਂ ਸੋਚਦਾ ਹਾਂ ਕਿ ਮੈਂ ਰਸੂਲਾਂ ਦੇ ਕਰਤੱਵ 2 ਬਾਬ ਦਾ ਹਵਾਲਾ ਦੇ ਰਿਹਾ ਹਾਂ । ਨਹੀਂ ਮੈਂ ਲੂਕਾ 24:49 ਦਾ ਹਵਾਲਾ ਦੇ ਰਿਹਾ ਹਾਂ । ਉਸਨੇ ਕਿਹਾ ਸੀ .....ਮੈਨੂੰ ਇਹ ਪੜ੍ਹਨ ਦਿਓ ਫਿਰ ਮੈਂ ਇਹਨੂੰ ਸਮਝ ਜਾਵਾਂਗਾ, ਅਤੇ ਫਿਰ ....ਕਿਉਂਕਿ ਕਿਸੇ ਦੂਜੇ ਦਿਨ ਮੈਂ ਤਦ ਇਹਨੂੰ ਕਹਿ ਦਿੱਤਾ ਸੀ ਜਦ ਮੈਂ ਨਹੀਂ ਕੀਤਾ ......ਮੈਂ ਇਹਦੇ ਬਾਰੇ ਵਿੱਚ ਪੱਕਾ ਹੋ ਜਾਣਾ ਚਾਹੁੰਦਾ ਹਾਂ ਕਿ ਮੈਂ ਇਹ ਠੀਕ ਹਵਾਲਾ ਲਿਆ ਹੈ। ਤੁਸੀਂ ਜੋ ਉੱਥੇ ਕਹਿ ਰਹੇ ਸੀ ਮੈਂ ਉਹਦਾ ਵਿਸ਼ਾ ਤਾਂ ਜਾਣਦਾ ਹਾਂ ਪ੍ਰੰਤੂ ਮੈਂ ਉਹ ਲੈਣਾ ਚਾਹੁੰਦਾ ਹਾਂ ਜੋ ਯਿਸੂ ਨੇ ਕਿਹਾ ਸੀ। ਆਓ ਅਸੀਂ ਮੱਤੀ 29 ਬਾਬ ਦੀ 16 ਆਇਤ ਤੋਂ ਪੜ੍ਹਨਾ ਸ਼ੁਰੂ ਕਰਦੇ ਹਾਂ ।

*ਫੇਰ ਓਹ ਗਿਆਰਾਂ ਚੇਲੇ ਗਲੀਲ ਵਿੱਚ ਉਸ ਪਹਾੜ ਉੱਤੇ ਗਏ ਜਿੱਥੇ ਯਿਸੂ ਉਨ੍ਹਾਂ ਨਾਲ ਠਹਿਰਾਇਆ ਹੋਇਆ ਸੀ। ਅਤੇ ਉਨ੍ਹਾਂ ਉਸ ਨੂੰ ਵੇਖ ਕੇ ਮੱਥਾ ਟੇਕਿਆ ਪਰ ਕਈਆਂ ਨੇ ਭਰਮ ਕੀਤਾ । ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖਤਿਆਰ ਮੈਨੂੰ ਦਿੱਤਾ ਗਿਆ ਹੈ।*

152 ਹੁਣ, ਪ੍ਰਮੇਸ਼ੁਰ ਦੀ ਸ਼ਕਤੀ ਕਿੱਥੇ ਹੈ?ਪ੍ਰਮੇਸ਼ੁਰ ਦਾ ਇਖਤਿਆਰ ਕਿੱਥੇ ਹੈ? ਜੇ ਸੁਰਗ ਦਾ ਸਾਰਾ ਇਖਤਿਆਰ ਅਤੇ ਧਰਤੀ ਦਾ ਸਾਰਾ ਅਧਿਕਾਰ ਦਿੱਤਾ ਜਾ ਚੁੱਕਾ ਹੈ ਤਾਂ ਹੁਣ ਪ੍ਰਮੇਸ਼ੁਰ ਕਿੱਥੇ ਹੈ? ਉਹ ਉੱਥੇ ਹੈ। ਇਹ ਹੀ ਉਹ ਹੈ ਜਿਹੜਾ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੈ। ਠੀਕ ਹੈ।

*ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।*

153 ਹੁਣ ਤਸਲੀਸ ਨੂੰ ਮੰਨਣ ਵਾਲਿਆਂ ਦਾ ਇਹ ਤਰੀਕਾ ਹੈ, "ਮੈਂ ਤੈਨੂੰ ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ। " ਇਸ ਤਰ੍ਹਾਂ ਤਾਂ ਪਵਿੱਤਰ ਲਿਖਤ ਵਿੱਚ ਵੀ ਨਹੀਂ ਲੱਭਦਾ ਹੈ। ਸਮਝੇ?ਉਸਨੇ ਕਿਹਾ ਸੀ, "ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। " ਉਸਨੇ ਇਹ ਨਹੀਂ ਕਿਹਾ ਸੀ

ਕਿ ਹਰੇਕ ਦੇ ਅੱਗੇ ਇੱਕ ਨਾਮ ਲਗਾਓ। ਇੱਕ ਹੀ ਨਾਮ ਵਿੱਚ ਬਪਤਿਸਮਾ ਦਿਓ। ਉਸਨੇ ਇਹ ਨਹੀਂ ਕਿਹਾ ਸੀ ਕਿ ਉਹਨਾਂ ਨੂੰ ਨਾਮਾਂ ਵਿੱਚ ਬਪਤਿਸਮਾ ਦਿਓ ;ਨਾਮ, ਇੱਕ ਨਾਮ। ਉਸਨੇ ਕਿਹਾ, ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ। ਸਮਝੇ?

154 ਹੁਣ ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ, ਕੀ ਪਿਤਾ ਕੋਈ ਨਾਮ ਹੈ? [ਸੰਗਤ ਆਖਦੀ ਹੈ, "ਨਹੀਂ। "-ਸੰਪ]ਕੀ ਪੁੱਤਰ ਕੋਈ ਨਾਮ ਹੈ? ["ਨਹੀਂ "]ਇੱਥੇ ਕਿੰਨੇ ਪਿਤਾ ਹਨ? ਤੁਹਾਡੇ ਵਿੱਚੋਂ ਕਿਹਦਾ ਨਾਮ ਪਿਤਾ ਹੈ? ਇੱਥੇ ਕਿੰਨੇ ਪੁੱਤਰ ਹਨ?ਤੁਹਾਡੇ ਵਿੱਚੋਂ ਕਿੰਨਿਆਂ ਦਾ ਨਾਮ ਪੁੱਤਰ ਹੈ?ਇੱਥੇ ਕਿੰਨੇ ਮਨੁੱਖ ਹਨ? ਤੁਹਾਡੇ ਵਿੱਚੋਂ ਕਿਹਦਾ ਨਾਮ ਮਨੁੱਖ ਹੈ?ਤੁਹਾਡੇ ਵਿੱਚੋਂ ਕਿਹਦਾ ਨਾਮ ਪਿਤਾ, ਪੁੱਤਰ ਜਾਂ ਮਨੁੱਖ ਹੈ? ਸਮਝੇ?

155 ਜਿਵੇਂ ਕਿ ਇੱਕ ਵਾਰ ਇੱਕ ਜਨਾਨੀ ਨੇ ਕਿਹਾ ਸੀ, "ਭਾਈ ਬ੍ਰਾਨਹਾਮ, ਪਵਿੱਤਰ ਆਤਮਾ ਇੱਕ ਨਾਮ ਹੈ। ਇਹ ਇੱਕ ਵਿਅਕਤੀ ਹੈ। "

156 ਮੈਂ ਕਿਹਾ, "ਹਾਂ ਜੀ, ਮੈਂ ਇੱਕ ਵਿਅਕਤੀ ਹਾਂ ਪ੍ਰੰਤੂ ਮੇਰਾ ਨਾਮ, ਵਿਅਕਤੀ ਨਹੀਂ ਹੈ। ਵੇਖੋ ਮੈਂ ਇੱਕ ਵਿਅਕਤੀ ਹਾਂ। ਮੇਰਾ ਨਾਮ ਵਿਲੀਅਮ ਬ੍ਰਾਨਹਾਮ ਹੈ, ਪ੍ਰੰਤੂ ਮੈਂ ਇੱਕ ਵਿਅਕਤੀ ਹਾਂ। " ਪਵਿੱਤਰ ਆਤਮਾ ਇੱਕ ਵਿਅਕਤੀ ਹੈ। ਉਹ ਇਹ ਹੀ ਹੈ। ਇਹ ਕੋਈ ਨਾਮ ਨਹੀਂ ਹੈ। ਇਹ ਤਾਂ ਪ੍ਰਮੇਸ਼ੁਰ ਦੇ ਵਿਅਕਤੀ ਦਾ ਸਿਰਫ ਅਹੁਦਾ ਹੈ। ਸਮਝੇ? ਇਹ ਤਾਂ ਪ੍ਰਮੇਸ਼ੁਰ ਦੇ ਵਿਅਕਤੀਤਵ ਦੀ ਉਪਾਧੀ ਹੀ ਹੈ ਜੋ ਉਹ ਹੈ। ਹੁਣ-ਹੁਣ ਜੇਕਰ .....

157 ਉਸਨੇ ਕਿਹਾ ਸੀ, "ਇਸ ਲਈ ਜਾਓ ਅਤੇ ਸਾਰੀਆਂ ਕੌਮਾਂ ਨੂੰ ਸਿੱਖਿਆ ਦਿਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। " ਉਸਨੇ ਇਹ ਨਹੀਂ ਕਿਹਾ ਸੀ ਕਿ ਪਿਤਾ ਦੇ ਨਾਮ ਵਿੱਚ, ਪੁੱਤਰ ਦੇ ਨਾਮ ਵਿੱਚ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ ਜਾਂ ਉਸਨੇ ਇਹ ਨਹੀਂ ਕਿਹਾ ਸੀ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮਾਂ ਵਿੱਚ ਬਪਤਿਸਮਾ ਦਿਓ। " ਪ੍ਰੰਤੂ ਉਸਨੇ ਤਾਂ ਇਹ ਕਿਹਾ ਸੀ ਕਿ "ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। " ਅਤੇ ਜੇਕਰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਕੋਈ ਨਾਮ ਨਹੀਂ ਹੈ ਤਾਂ ਇਹਦੇ ਬਾਰੇ ਵਿੱਚ ਕੀ ਹੈ?

158 ਜੇ ਤੁਸੀਂ ਕਹਿੰਦੇ ਹੋ, ਇਹ "ਨਾਮ " ਹੈ ਫਿਰ ਇਹ ਕਿਹੜਾ ਨਾਮ ਹੈ......ਮੈਂ ਚਾਹੁੰਦਾ ਹਾਂ ਕਿ ਤੁਸੀਂ ਉਸ ਵਿੱਚੋਂ ਇੱਕ ਨਾਮ ਲਓ, ਇਹ ਕਿਹੜਾ ਨਾਮ ਹੈ? ਜੇ ਤੁਸੀਂ ਅਹੁਦੇ ਨੂੰ ਨਾਮ ਕਹਿਣਾ ਚਾਹੁੰਦੇ ਹੋ ਤਾਂ ਫਿਰ ਤੁਸੀਂ ਕਿਸ ਨਾਮ ਵਿੱਚ, ਕਿਸ ਅਹੁਦੇ ਵਿੱਚ ਬਪਤਿਸਮਾ ਦੇਣਾ ਚਾਹੋਗੇ, ਕੀ ਤੁਸੀਂ "ਪਿਤਾ" ਦੇ ਜਾਂ "ਪੁੱਤਰ" ਦੇ ਜਾਂ ਪਵਿੱਤਰ ਆਤਮਾ ਦੇ ਅਹੁਦੇ ਵਿੱਚ ਬਪਤਿਸਮਾ ਦੇਣਾ ਚਾਹੁੰਦੇ ਹੋ?ਇਹ ਨਾਮ ਤਾਂ ਇੱਕ ਵਚਨ ਹੈ। ਇਹਨੂੰ ਸਮਝੋ?ਹੁਣ ਆਓ ਅਸੀਂ ਇਹਨੂੰ ਕੱਢੀਏ ਇਹ ਮੱਤੀ ਦੀ ਆਖਰੀ ਬਾਬ ਹੈ।

159 ਜਿਵੇਂ ਕਿ ਮੈਂ ਇਸਨੂੰ ਹਮੇਸ਼ਾਂ ਹੀ ਸਮਝਾਇਆ ਹੈ ਕਿ ਜੇ ਤੁਸੀਂ ਕੋਈ ਪਿਆਰ ਕਹਾਣੀ ਪੜ੍ਹਦੇ ਹੋ ਅਤੇ ਉਸ ਵਿੱਚ ਕਿਹਾ ਜਾਂਦਾ ਹੈ, "ਯੂਹੰਨਾ ਅਤੇ ਮਰਿਯਮ ਉਸ ਤੋਂ ਬਾਦ ਹਮੇਸ਼ਾਂ ਲਈ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਰਹੇ। " ਵੇਖੋ ਇਸ ਤਰ੍ਹਾਂ ਹੈ ਕਿ ਕਿਉਂਕਿ ਤੁਸੀਂ ਨਹੀਂ



ਵਿੱਚ ਜਿਸ ਦਾਖਰਸ ਦਾ ਵਰਣਨ ਹੈ ਉਹ ਯਿਸੂ ਮਸੀਹ ਦੇ ਲਹੂ ਦਾ ਪ੍ਰਤੀਕ ਹੈ, ਜਿਹੜੀ ਪ੍ਰਭੂ ਦੀ ਮੇਜ਼ ਤੇ ਲਈ ਜਾਂਦੀ ਹੈ। ਹੁਣ ਇਹ ਗੱਲ ਮੈਂ ਆਪਣੀ ਪੂਰੀ ਸਮਝ ਨਾਲ ਦੱਸੀ ਹੈ।

## 28. ਕੀ ਜਿਹੜੇ ਪਹਿਲਾਂ ਤੋਂ ਠਹਿਰਾਏ ਹੋਏ ਨਹੀਂ ਹਨ ਉਹ ਪ੍ਰਭੂ ਨੂੰ ਕਬੂਲ ਕਰਨਗੇ? ਅਤੇ ਜੇ ਉਹ ਕਬੂਲ ਕਰਨਗੇ ਤਾਂ ਕੀ ਉਹ ਪਿੱਛੇ ਮੁੜ ਜਾਣਗੇ?

ਨਹੀਂ ਜੇ ਉਹ ਪਹਿਲਾਂ ਤੋਂ ਠਹਿਰਾਏ ਹੋਏ ਨਹੀਂ ਹਨ ਤਾਂ ਉਹ ਪ੍ਰਭੂ ਨੂੰ ਕਬੂਲ ਨਹੀਂ ਕਰ ਸੱਕਦੇ ਹਨ । ਜੇ ਉਹ ਪਹਿਲਾਂ ਤੋਂ ਠਹਿਰਾਏ ਹੋਏ ਹਨ ਤਾਂ ਉਹ ਪਿੱਛੇ ਨਹੀਂ ਮੁੜਨਗੇ।

## 29. ਇੱਥੇ ਵਚਨ ਦੀ ਇਹ ਲਿਖਤ ਹੈ ਜੋ ਇਹ ਵਿਖਾਉਂਦੀ ਹੈ ਕਿ ......ਕੈਥੋਲਿਕਵਾਦ ਯਹੂਦੀਆਂ ਨੂੰ ਧੋਖਾ ਦੇਵੇਗਾ ਅਤੇ ਉਸਦਾ ਪੈਸਾ ਹੜੱਪ ਲਵੇਗਾ?

289 ਹੁਣ, ਪ੍ਰਸ਼ਨ ਇਹ ਹੈ ਕਿ, "ਕਿੱਥੇ ਇਹ ਲਿਖਤ ਹੈ ਜਿੱਥੇ ਕਿਹਾ ਗਿਆ ਹੈ ਕਿ ਦਰਿੰਦਾ ਧਨ ਲਈ ਧੋਖਾ ਦੇਵੇਗਾ ;ਵਚਨ ਇਸ ਤਰ੍ਹਾਂ ਨਹੀਂ ਕਹਿੰਦਾ ਹੈ। ਪ੍ਰੰਤੂ ਅਸੀਂ ਇਸ ਦਾ ਅੰਦਾਜ਼ਾ ਲਗਾ ਰਹੇ ਹਾਂ ....(ਹੁਣ,ਦੂਸਰੀ ਰਾਤ ਦੇ ਸੰਦੇਸ਼ ਨੂੰ ਯਾਦ ਰੱਖੋ ....ਬਹੁਤ ਹੀ ਧਿਆਨ ਨਾਲ ਟੇਪ ਨੂੰ ਸੁਣੋ।) ਮੈਂ ਇਹ ਕਦੇ ਨਹੀਂ ਕਿਹਾ ਸੀ ਕਿ ਇਹ ਹੀ ਹੈ ਜੋ ਉਹ ਕਰਨਗੇ । ਮੈਂ ਕਿਹਾ ਹੈ .......ਕੈਥੋਲਿਕ ਦੁਨੀਆਂ ਦਾ ਸੱਭ ਤੋਂ ਅਮੀਰ ਗਰੁੱਪ ਹੈ । ਉਨ੍ਹਾਂ ਜਿੰਨਾ ਕੋਈ ਅਮੀਰ ਨਹੀਂ ਹੈ। ਅਤੇ ਜੋ ਉਹਨਾਂ ਦੇ ਕੋਲ ਨਹੀਂ ਹੈ, ਉਹ ਯਹੂਦੀਆਂ ਦੇ ਕੋਲ ਹੈ।

290 ਇਹ ਹੀ ਹੈ ਜਿਹਦੇ ਤੇ ਹੁਣ ਦੇਸ਼ ਦੀ ਆਰਥਿਕ ਸਥਿਤੀ ......."ਲਾਈਫ ਲਾਈਨ" ਦੇ ਅਨੁਸਾਰ (ਇਹ ਰੇਡੀਓ ਪ੍ਰਸਾਰਨ ਹੈ ਜੋ ਵਸ਼ਿੰਗਟਨ ਡੀ.ਸੀ. ਤੋਂ ਪ੍ਰਸਾਰਤ ਹੁੰਦਾ ਹੈ) ਇਸ ਸਮੇਂ ਅਸੀਂ ਉਸ ਟੈਕਸ ਤੇ ਜੀਵਨ ਬਸਰ ਕਰ ਰਹੇ ਹਾਂ ਜਿਹਦਾ ਭੁਗਤਾਨ ਅੱਜ ਤੋਂ ਚਾਲੀ ਸਾਲ ਬਾਦ ਕੀਤਾ ਜਾਵੇਗਾ। ਇਹ ਹੀ ਹੈ ਜੋ ਅਸੀਂ ਇਸ ਸਮੇਂ ਖਰਚ ਰਹੇ ਹਾਂ। ਇਸ ਲਈ ਅਸੀਂ ਕਿੰਨੇ ਪਿੱਛੇ ਹਾਂ-ਨੋਟ ਦਿੱਤਾ ਸੀ। ਸਮਝੇ? ਅਸੀਂ ਟੈਕਸਾਂ ਤੇ ਜੀ ਰਹੇ ਹਾਂ ਜਿਹੜੇ ਅੱਜ ਤੋਂ ਚਾਲੀ ਸਾਲ ਬਾਦ ਭੁਗਤਾਨ ਕੀਤੇ ਜਾਣਗੇ। ਇਹ ਦੇਸ਼ ਆਰਥਿਕ ਰੂਪ ਵਿੱਚ ਗੜਬੜਾ ਗਿਆ ਹੈ। ਇਹ ਕੌਮ ਸਮਾਪਤ ਹੋ ਗਈ ਹੈ।

291 ਹੁਣ, ਕੈਸਟਰੋ ਨੇ ਇੱਕ ਹੀ ਸਮਝਦਾਰੀ ਦਾ ਕੰਮ ਕੀਤਾ ਕਿ ਉਸਨੇ ਧਨ ਦੀ ਨਕਲ ਕੀਤੀ ਅਤੇ ਹੁੰਡੀਆਂ ਦਾ ਭੁਗਤਾਨ ਕੀਤਾ ਅਤੇ ਉਨ੍ਹਾਂ ਨੂੰ ਜਲਾ ਦਿੱਤਾ ਸੀ ਅਤੇ ਉਸਨੇ ਧਨ ਦਾ ਪ੍ਰੀਵਰਤਨ ਕੀਤਾ ਸੀ। ਸਿਰਫ ਇਹੋ ਹੀ ਕੰਮ ਸੀ ਜਿਹੜਾ ਕਿ ਉਹ ਕਰ ਸੱਕਦਾ ਸੀ। ਸੰਯੁਕਤ ਰਾਸ਼ਟਰ ਦੇ ਕਰਨ ਲਈ ਇਹ ਹੀ ਇੱਕ ਕੰਮ ਬਾਕੀ ਰਿਹਾ ਹੈ । ਹੁਣ,ਤੁਸੀਂ ਇਹ ਯਾਦ ਰੱਖੋ ਕਿ ਇਹ ਵਿਲੀਅਮ ਬ੍ਰਾਨਹਾਮ ਹੈ ਜੋ ਇਹ ਬੋਲ ਰਿਹਾ ਹੈ। ਇਹ ਮੇਰਾ ਅਪਣਾ ਵਿਚਾਰ ਹੈ। ਇਹ ਤਾਂ ਸਿਰਫ ਅੰਦਾਜ਼ਾ ਲਗਾਇਆ ਜਾਣਾ ਹੈ, ਇਸ ਉੱਤੇ ਬਸ ਸਧਾਰਨ ਤੋਰ ਤੇ ਧਿਆਨ ਮਾਰਿਆ ਜਾ ਰਿਹਾ ਹੈ ਜੋ ਕਿ ਹੋ ਸੱਕਦਾ ਹੈ ਕਿ ਇਹ ਦਸ ਲੱਖ ਮੀਲ ਦੂਰ ਹੋਵੇ। ਮੈਂ ਇਹ ਵਿਸ਼ਵਾਸ਼ ਕਰਦਾ ਹਾਂ ਕਿ ਉੱਥੇ ਉਸ ਧਨ ਦੇ ਦਰਮਿਆਨ ......ਧਨ ਦਾ ਮੋਹ ਹਰ ਪ੍ਰਕਾਰ ਦੀ ਬੁਰਿਆਈ ਦੀ ਜੜ ਹੈ। ਅਰ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਠੀਕ ਇੱਥੇ ਹੀ ਇੱਕ ਗੇਂਦ ਲੁੜਕਣੀ ਸ਼ੁਰੂ ਹੋ ਜਾਵੇਗੀ।

283 ਮੈਂ ਸੋਚਦਾ ਹਾਂ ਕਿ ਜੋ ਪ੍ਰਸ਼ਨ ਵਿੱਚ ਪੁੱਛਿਆ ਗਿਆ ਹੈ ਉਸਦਾ ਮਤਲਬ ਕਣਕ ਅਤੇ ਦਾਖਰਸ ਤੋਂ ਹੈ, ਇਹ ਇੱਕ ਦਾ ਦੂਸਰੇ ਤੋਂ ਮਤਲਬ ਹੈ। ....ਇਹ ਇੱਕ ਪ੍ਰਤੀਕ ਹੈ, ਪ੍ਰਕਾਸ਼ --ਪਹਿਲਾ ਕੁਰਿੰਥੀਆਂ 11:24 ਅਨੁਸਾਰ ਦਾਖਰਸ ਪ੍ਰਭੂ ਭੋਜ ਦੇ ਮੇਜ਼ ਤੇ ਲਿਆ ਜਾਂਦਾ ਹੈ.....ਇਹ ਇੱਕ ਆਤਮਿਕ ਪ੍ਰਤੀਕ ਦੇ ਰੂਪ ਵਿੱਚ ਹੈ।

284 ਨਹੀਂ, ਨਹੀਂ ਉਨ੍ਹਾਂ ਵਿੱਚੋਂ ਇਕ ਤਾਂ ਆਤਮਿਕ ਪ੍ਰਤੀਕ ਹੈ ਅਤੇ ਦੂਸਰਾ ਦਾਖਰਸ ਅਸਲ ਵਿੱਚ ਵਚਨ ਦਾ ਪ੍ਰਕਾਸ਼ ਹੈ।

**27. ਸਾਡੇ ਵਿੱਚੋਂ ਬਹੁਤ ਸਾਰੇ ਬਿਮਾਰ ਹਨ, ਕੀ ਇਸਦਾ ਕਾਰਨ ਇਹ ਹੈ,ਕਿਉਂਕਿ ਅਸੀਂ ਪ੍ਰਭੂ ਦੀ ਦੇਹ ਨੂੰ ਨਹੀਂ ਜਾਂਚਦੇ ਹਾਂ? (ਠੀਕ).... ਪ੍ਰੰਤੂ ਕੀ ਇਹ ਹੁਣ ਛੇਵੀਂ ਮੋਹਰ ਦੇ ਖੁੱਲ੍ਹਣ ਨਾਲ ਪਤਾ ਲੱਗਾ ਹੈ?**

285 ਹੁਣ, ਆਓ ਅਸੀਂ ਇਹਨੂੰ ਵੇਖੀਏ । ਹੁਣ ਮੈਂ ਵੇਖਦਾ ਹਾਂ ਕਿ ਕੀ ਮੈਂ ਹੁਣ ਇਸ ਸਵਾਲ ਨੂੰ ਲੈ ਸੱਕਦਾ ਹਾਂ। ਇਹ ਤੁਸੀਂ ਨਹੀਂ ਹੋ, ਇਹ ਤਾਂ ਮੈਂ ਹਾਂ । ਤੁਸੀਂ ਨਹੀਂ .....ਤੁਸੀਂ ਤਾਂ ਇਹਨੂੰ ਠੀਕ-ਠੀਕ ਲਿਖਿਆ ਸੀ ਪ੍ਰੰਤੂ ਇਹ ਤਾਂ ਮੈਂ ਹਾਂ ਜਿਹਨੇ ਇਸਨੂੰ ਇਸ ਤਰ੍ਹਾਂ ਪੜ੍ਹਿਆ ਹੈ।

> **ਸਾਡੇ ਵਿੱਚੋਂ ਬਹੁਤ ਸਾਰੇ ਬਿਮਾਰ ਹਨ ਕੀ ਇਸਦਾ ਕਾਰਨ ਇਹ ਹੈ ਕਿਉਂਕਿ ਅਸੀਂ ਪ੍ਰਭੂ ਦੀ ਦੇਹ ਨੂੰ ਨਹੀਂ ਪਛਾਣਦੇ ਹਾਂ?** (ਇਸ ਪ੍ਰਸ਼ਨ ਦੇ ਆਖੀਰ ਵਿੱਚ ਪ੍ਰਸ਼ਨ ਚਿੰਨ੍ਹ ਲੱਗਾ ਹੋਇਆ ਹੈ।)

286 ਚੰਗਾ, ਲਿਖਤਾਂ ਆਖਦੀਆਂ ਹਨ ਕਿ " ਪ੍ਰਭੂ ਦੀ ਦੇਹ ਨੂੰ ਨਾ ਜਾਂਚਣ ਕਾਰਨ ਤੁਹਾਡੇ ਵਿੱਚੋਂ ਬਾਹਲੇ ਨਿਤਾਣੇ ਅਤੇ ਅਤੇ ਰੋਗੀ ਹਨ। " ਇਹ ਬਿਲਕੁੱਲ ਸੱਚ ਹੈ। ਕਿਉਂਕਿ ਪ੍ਰਭੂ ਦੀ ਦੇਹ ਲਾੜੀ ਹੈ, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਪਿੱਛੇ ਹਟ ਜਾਂਦੇ ਹਨ ਅਤੇ ਉਹ ਇਸਦੇ ਨਾਲ ਨਹੀਂ ਚੱਲਦੇ ਹਨ। ਇਹ ਸੱਚ ਹੈ। ਉਹ ਨਹੀਂ ਜਾਣਦੇ ਹਨ ਕਿ ਉਨ੍ਹਾਂ ਨੂੰ ਆਪਣੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ। ਅਤੇ ਉਹ ਕਿਸੇ ਵੀ ਤਰ੍ਹਾਂ ਦਾ ਜੀਵਨ ਜੀਉਂਦੇ ਹਨ ਅਤੇ ਪ੍ਰਭੂ ਭੋਜ ਅਤੇ ਦੂਸਰੇ ਕੰਮਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਚੋਰੀ ਕਰਦੇ ਹਨ ਅਤੇ ਸ਼ਰਾਬ ਪੀਂਦੇ ਹਨ, ਪ੍ਰਭੂ ਭੋਜ ਲੈਂਦੇ ਹਨ ਤਾਂ ਇਹ ਇੱਕ ਬਹੁਤ ਹੀ ਭਿਆਨਕ ਗੱਲ ਹੈ। ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ। ਸਮਝੇ?

> **.....ਪ੍ਰੰਤੂ ਹੁਣ ਇਹ ਗੱਲ ਛੇਵੀਂ ਮੋਹਰ ਦੇ ਖੁੱਲ੍ਹਣ ਨਾਲ ਪ੍ਰਗਟ ਹੋਈ ਹੈ?**

287 ਛੇਵੀਂ ਮੋਹਰ ਦੇ ਖੁੱਲ੍ਹਣ ਤੇ--ਛੇਵੀਂ ਮੋਹਰ ਦੇ ਪ੍ਰਗਟ ਹੋਣ ਤੇ। ਹੁਣ ਆਓ ਇਸਨੂੰ ਵੇਖੀਏ। ਨਹੀਂ । ਹੁਣ,ਤੁਸੀਂ ਇਹ ਵੇਖਿਆ ਹੈ ਕਿ ਛੇਵੀਂ ਮੋਹਰ ਦਾ ਖੁੱਲ੍ਹਣਾ ਯਹੂਦੀਆਂ ਲਈ ਸੀ। ਇਸ ਵੇਲੇ ਤੱਕ ਤਾਂ ਲਾੜੀ ਜਾ ਚੁੱਕੀ ਹੈ । ਇਹ ਸਮਾਂ ਕਸ਼ਟ ਕਾਲ ਦਾ ਸਮਾਂ ਹੋਵੇਗਾ ਇਸ ਲਈ ਇਹ ਇੱਕ ਗੱਲ ਨਹੀਂ ਹੈ। ਨਹੀਂ, ਨਹੀਂ, ਇਹ ਉਹ ਨਹੀਂ ਹੈ।

288 ਉਸਦੇ ਵਿੱਚ ਇੱਕ ਤਾਂ ਆਤਮਿਕ ਦਾਖਰਸ ਹੈ ਜੋ ਕਿ ਵਚਨ ਦਾ ਪ੍ਰਕਾਸ਼ ਹੈ ਅਤੇ ਵਿਸ਼ਵਾਸ਼ ਵਿੱਚ ਵਚਨ ਦੇ ਪ੍ਰਕਾਸ ਨਾਲ ਉਤੇਜਨਾ ਆਉਂਦੀ ਹੈ। ਅਤੇ 1 ਕੁਰਿੰਥੀਆਂ 11:24



ਜਾਣਦੇ ਹੋ ਕਿ ਇਹ ਯੂਹੰਨਾ ਅਤੇ ਮਰਿਯਮ ਕੌਣ ਹੈ, ਇਸ ਲਈ ਤੁਸੀਂ ਆਪਣੀ ਇਸ ਕਹਾਣੀ ਨੂੰ ਸ਼ੁਰੂ ਤੋਂ ਹੀ ਪੜ੍ਹੋ ਅਤੇ ਇਹ ਲੱਭੋ ਕਿ ਇਹ ਯੂਹੰਨਾ ਅਤੇ ਮਰਿਯਮ ਕੌਣ ਹੈ। ਸਮਝੇ?

160 ਹੁਣ ਇਹ ਹੀ ਅਸੀਂ ਇੱਥੇ ਮੱਤੀ ਦੀ ਕਿਤਾਬ ਵਿੱਚ ਕਰ ਰਹੇ ਹਾਂ । ਤੁਸੀਂ ਤਾਂ ਇਸਦਾ ਆਖਰੀ ਭਾਗ ਪੜ੍ਹ ਰਹੇ ਹੋ । ਤੁਸੀਂ ਫਿਰ ਮੱਤੀ ਪਹਿਲੇ ਪਾਠ ਦਾ ਅਧਿਐਨ ਕਰੋ ਅਤੇ ਪੜ੍ਹੋ ਕਿ ਕਹਾਣੀ ਕੀ ਹੈ। ਇਹ ਤਾਂ ਮੱਤੀ ਦੇ ਆਖਰੀ ਬਾਬ ਦੀ ਆਖਰੀ ਆਇਤ ਹੈ।

161 ਜਿਵੇਂ ਕਿ ਤੁਸੀਂ ਕੋਈ ਕਿਤਾਬ ਚੁੱਕਦੇ ਹੋ ਅਤੇ ਕਹਿੰਦੇ ਹੋ, "ਯੂਹੰਨਾ ਅਤੇ ਮਰਿਯਮ ਇਸ ਤੋਂ ਬਾਦ ਹਮੇਸ਼ਾਂ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਰਹੇ। " ਕੀ ਇਹ ਯੂਹੰਨਾ ਜੋਨਸ ਅਤੇ ਫਲਾਂ-ਫਲਾਂ ਮਰਿਯਮ ਸੀ। ਕੀ ਉਹ ਸੀ .....? ਨਹੀਂ, "ਕੀ ਇਹ ਉਹ ਯੂਹੰਨਾ ਸੀ?ਕੀ ਉਹ ਯੂਹੰਨਾ ਹੇਨਰੀ ਅਤੇ ਫਲਾਂ, ਫਲਾਂ ਮਰਿਯਮ ਸੀ? ਕੀ ਇਹ ਯੂਹੰਨਾ ਕੱਈ ਹੈ ਅਤੇ ਫਲਾਂ, ਫਲਾਂ ਮਰਿਯਮ ਸੀ?ਨਹੀਂ ਵੇਖੋ ਤੁਸੀਂ ਹਾਲੇ ਤੱਕ ਇਹ ਨਹੀਂ ਜਾਣਦੇ ਹੋ ਕਿ ਇਹ ਕਿਹੜਾ ਯੂਹੰਨਾ ਹੈ। ਇਹ ਪੱਕਾ ਕਰਨ ਲਈ ਕਿ ਇਹ ਯੂਹੰਨਾ ਕਿਹੜਾ ਹੈ ਤੁਸੀਂ ਦੁਬਾਰਾ ਪੁਸਤਕ ਨੂੰ ਪੜ੍ਹੋ। ਸਮਝੇ?ਤੁਸੀਂ *ਇੱਥੇ* ਇੱਕ ਹੀ ਟੁਕੜਾ ਨਹੀਂ ਚੁੱਕ ਸੱਕਦੇ ਹੋ। ਤਸਵੀਰ ਨੂੰ ਬਣਾਉਣ ਲਈ ਤੁਹਾਨੂੰ ਸਾਰੀਆਂ ਚੀਜ਼ਾਂ ਨੂੰ ਇਕੱਠਾ ਕਰਨਾ ਪੈਣਾ ਹੈ।

162 ਹੁਣ ਤੁਸੀਂ ਮੱਤੀ ਪਹਿਲਾ ਬਾਬ ਵਿੱਚ ਜਾਓ, ਅਤੇ ਇਹ ਪਹਿਲਾ ਬਾਬ ਵੰਸ਼ਾਵਲੀ ਦੇ ਬਾਰੇ ਵਿੱਚ ਦੱਸਦਾ ਹੈ। ਫਿਰ 18 ਆਇਤ ਕਹਿੰਦੀ ਹੈ, "ਹੁਣ ਯਿਸੂ ਮਸੀਹ ਦਾ ਜਨਮ ਇਸ ਤਰ੍ਹਾਂ ਹੋਇਆ। " ਕੀ ਇਹ ਠੀਕ ਹੈ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]

163 ਹੁਣ ਮੈਂ ਤੁਹਾਥੋਂ ਕੁਝ ਪੁੱਛਣਾ ਚਹੁੰਦਾ ਹਾਂ । ਹੁਣ, ਦੁਬਾਰਾ ਸੁਣੋ ;ਤੁਸੀਂ ਇਹਨੂੰ ਬੋਲੋ। [ਜਿਵੇਂ ਕਿ ਭਾਈ ਬ੍ਰਾਨਹਾਮ ਨੇ ਤਿੰਨਾ ਵਸਤੂਆਂ ਨੂੰ ਲੈ ਕੇ ਸਮਝਾਇਆ ਸੀ, ਉਹ ਹੁਣ ਇਨ੍ਹਾਂ ਤਿੰਨਾ ਵਸਤੂਆਂ ਵੱਲ਼ ਇਸ਼ਾਰਾ ਕਰਦੇ ਹਨ-ਸਪਾ] ਇਹ ਕੌਣ ਹੈ? ਪ੍ਰਮੇਸ਼ੁਰ... [ਸੰਗਤ ਆਖਦੀ ਹੈ, "ਪਿਤਾ।"] ਪ੍ਰਮੇਸ਼ੁਰ ["ਪੁੱਤਰ। "] ਪ੍ਰਮੇਸ਼ੁਰ ["ਪਵਿੱਤਰ ਆਤਮਾ। "] ....ਪ੍ਰਮੇਸ਼ੁਰ ਹੈ। ਹੁਣ ਇਹ ਕਿਹੜਾ ਪ੍ਰਮੇਸ਼ੁਰ ਹੈ? [ਪਿਤਾ] ਇਹ ਕਿਹੜਾ ਪ੍ਰਮੇਸ਼ੁਰ ਹੈ ?[ਪੁੱਤਰ] ਇਹ ਕਿਹੜਾ ਪ੍ਰਮੇਸ਼ੁਰ ਹੈ ? [ਪਵਿੱਤਰ ਆਤਮਾ] ਠੀਕ ਹੈ। ਹੁਣ ਅਸੀਂ ਇਹਨੂੰ ਸਮਝ ਗਏ ਹਾਂ। ਹੁਣ ਤੁਸੀਂ ਕੀ ਕਹਿੰਦੇ ਹੋ ਕਿ ਇਹ ਕੌਣ ਸੀ, ਇਹ ਕਿਹੜਾ ਪ੍ਰਮੇਸ਼ੁਰ ਸੀ? [ਪਵਿੱਤਰ ਆਤਮਾ] ਠੀਕ ਹੈ। ਠੀਕ ਹੈ।

> *ਯਿਸੂ ਮਸੀਹ ਦਾ ਜਨਮ ਇਉਂ ਹੋਇਆ ਜਾਂ ਉਹ ਦੀ ਮਾਤਾ ਮਰਿਯਮ ਦੀ ਯੂਸਫ ਨਾਲ ਕੁੜਮਾਈ ਹੋਈ ਸੀ ਤਾਂ ਉਨਾਂ ਦੇ ਇਕੱਠੇ ਹੋਣ ਤੋਂ ਪਹਿਲਾਂ*[ਸੰਗਤ ਆਖਦੀ ਹੈ, "ਪਵਿੱਤਰ ਆਤਮਾ। "-ਸੰਪਾ] *ਤੋਂ ਗਰਭਵਤੀ ਪਾਈ ਗਈ।*

164 ਹੁਣ, ਮੈਂ ਸੋਚਦਾ ਹਾਂ ਕਿ ਤੁਸੀਂ ਕਿਹਾ ਸੀ ਕਿ ਪ੍ਰਮੇਸ਼ੁਰ ਉਸਦਾ ਪਿਤਾ ਸੀ। ਹੁਣ ਇੱਥੇ ਕੁਝ ਗੜਬੜ ਹੈ, ਉਸਦੇ ਦੋ ਪਿਤਾ ਨਹੀਂ ਹੋ ਸੱਕਦੇ ਹਨ। ਤੁਹਾਨੂੰ ਇਹਦਾ ਪਤਾ ਹੈ। ਸਮਝੇ?ਹੁਣ, ਇੱਥੇ ਕੁਝ ਗੜਬੜ ਹੈ। ਹੁਣ, ਇਨ੍ਹਾਂ ਵਿਅਕਤੀਆਂ ਵਿੱਚੋਂ ਕਿਹੜਾ ......ਜੇਕਰ ਇਹ ਤਿੰਨ ਵਿਅਕਤੀ ਹਨ ਤਾਂ ਉਨ੍ਹਾਂ ਵਿੱਚੋਂ ਉਸਦਾ ਪਿਤਾ ਕੌਣ ਹੈ? ਬਾਈਬਲ ਇੱਥੇ ਸਪੱਸ਼ਟ ਰੂਪ ਵਿੱਚ ਆਖਦੀ ਹੈ ਕਿ, "ਉਹ ਪਵਿੱਤਰ ਆਤਮਾ ਤੋਂ ਗਰਭਵਤੀ ਪਾਈ ਗਈ। " ਪਿਤਾ, ਪ੍ਰਮੇਸ਼ੁਰ ਦਾ ਤਾਂ ਫਿਰ ਇਸਦੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਅਤੇ ਯਿਸੂ ਕਹਿੰਦਾ ਸੀ ਕਿ ਉਸਦਾ ਪਿਤਾ ਪ੍ਰਮੇਸ਼ੁਰ ਹੈ, ਅਤੇ

ਅਸੀਂ ਜਾਣਦੇ ਹਾਂ ਕਿ ਉਸਦਾ ਪਿਤਾ ਪ੍ਰਮੇਸ਼ੁਰ ਸੀ। ਫਿਰ ਤਾਂ ਉਸਦੇ ਦੋ ਪਿਤਾ ਸਨ, ਹੁਣ ਤਾਂ ਇਹ ਗੱਲ ਬਹੁਤ ਹੀ ਪੱਕੀ ਹੋ ਜਾਂਦੀ ਹੈ ਕਿ ਉਹ ਨਜ਼ਾਇਜ਼ ਉਲਾਦ ਸੀ। ਹੁਣ,ਵੇਖੋ,ਤੁਸੀਂ ਕੀ ਕਰਦੇ ਹੋ? ਹੁਣ,

*ਤਦ ਉਹਦੇ ਪਤੀ ਯੂਸਫ ਨੇ ਜਿਹੜਾ ਧਰਮੀ ਪੁਰਖ ਸੀ ਅਤੇ ਇਹ ਨਹੀਂ ਸੀ ਚਾਹੁੰਦਾ ਭਈ ਉਹਨੂੰ ਕਲੰਕਣ ਪ੍ਰਗਟ ਕਰੇ ਇਹ ਦਲੀਲ ਕੀਤੀ ਜੋ ਉਹ ਨੂੰ ਚੁੱਪ ਕੀਤਿਆਂ ਤਿਆਗ ਦੇਵੇ। ਪ੍ਰੰਤੂ ਜਾਂ ਉਹ ਇਹਨਾਂ ਗੱਲਾਂ ਦੀ ਚਿੰਤਾ ਵਿੱਚ ਪਿਆ ਹੋਇਆ ਸੀ .......*

165 ਹੁਣ ਤੁਸੀਂ ਯਾਦ ਰੱਖਿਓ ਕਿ ਉਹ ਇੱਕ ਧਰਮੀ ਪੁਰਖ ਸੀ। ਅਤੇ ਪ੍ਰਭੂ ਦਾ ਹੱਥ ਹੁਣ ਨੇੜੇ ਹੈ। ਅਤੇ ਜਿਹੜੇ ਪਹਿਲਾਂ ਤੋਂ ਹੀ ਠਹਿਰਾਏ ਹੋਏ ਹਨ ਉਹ ਹੀ ਇਸਨੂੰ ਫੜ੍ਹਨਗੇ। ਸਮਝੇ?

*ਪਰ ਜਾਂ ਉਹ ਇਹਨਾਂ ਗੱਲਾਂ ਦੀ ਚਿੰਤਾ ਵਿੱਚ ਪਿਆ ਹੋਇਆ ਸੀ ਤਾਂ ਵੇਖੋ, ਪ੍ਰਭੂ ਦੇ ਇੱਕ ਦੂਤ ਨੇ ਸੁਫਨੇ ਉਹ ਨੂੰ ਦਰਸ਼ਣ ਦੇ ਕੇ .....*

ਕੀ ਤੁਸੀਂ ਇਹਨੂੰ ਆਪਣੀ ਬਾਈਬਲ ਵਿੱਚ ਵੇਖਦੇ ਆ ਰਹੇ ਹੋ? [ਸੰਗਤ ਆਖਦੀ ਹੈ, "ਆਮੀਨ। "-ਸੰਪਾ]

*......ਦਰਸ਼ਣ ਦੇ ਕੇ ਕਿਹਾ, ਹੇ ਯੂਸਫ ਦਾਊਦ ਦੇ ਪੁੱਤਰ ਤੂੰ ਆਪਣੀ ਪਤਨੀ ਮਰਿਯਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ ਕਿਉਂ ਜੋ ਜਿਹੜਾ .. ਉਹਦੀ ਕੁੱਖ ਵਿੱਚ ਆਇਆ ਹੈ .....ਉਹ ..........ਤੋਂ ਹੈ।*

166 ਕੀ ਉਹ ਪਿਤਾ ਪ੍ਰਮੇਸ਼ੁਰ ਤੋਂ ਹੈ?ਕੀ ਮੈਂ ਇਹਨੂੰ ਗਲਤ ਪੜ੍ਹਿਆ ਹੈ?ਪੱਕਾ ਮੈਂ ਇਹਨੂੰ ਗਲਤ ਪੜ੍ਹਿਆ ਹੈ। "ਉਹ ਜਿਹੜਾ ਉਹਦੀ ਕੁੱਖ ਵਿੱਚ ਹੈ। " ਉਸਦਾ ਪਿਤਾ ਪ੍ਰਮੇਸ਼ੁਰ ਦੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਉਹ ਤਾਂ "ਪਵਿੱਤਰ ਆਤਮਾ " ਤੋਂ ਸੀ। ਅਤੇ ਹੁਣ ਅਸੀਂ ਜਾਣਦੇ ਹਾਂ ਕਿ ਪ੍ਰਮੇਸ਼ੁਰ ਉਸਦਾ ਪਿਤਾ ਸੀ। ਕੀ ਇਹ ਠੀਕ ਹੈ? ["ਆਮੀਨ। "] ਇਸ ਲਈ ਇਹ ਕੀ ਹੈ? ਅਸਲ ਵਿੱਚ ਪਵਿੱਤਰ ਆਤਮਾ ਪ੍ਰਮੇਸ਼ੁਰ ਦਾ ਹੀ ਆਤਮਾ ਹੈ। ਹੁਣ ਤੁਸੀਂ ਇਹਨੂੰ ਸਮਝ ਗਏ ਹੋ। ਸਮਝੇ?

167 ਪਿਤਾ ਪ੍ਰਮੇਸ਼ੁਰ ਅਤੇ ਪਵਿੱਤਰ ਆਤਮਾ ਇੱਕ ਹੀ ਵਿਅਕਤੀ ਹੈ ਨਹੀਂ ਤਾਂ ਫਿਰ ਉਹਦੇ ਦੋ ਪਿਤਾ ਹੁੰਦੇ ਅਤੇ ਫਿਰ ਕੀ .....ਤੁਸੀਂ ਕਿਸ ਤਰ੍ਹਾਂ ਦੇ ਵਿਅਕਤੀ ਦੀ ਭਗਤੀ ਕਰਦੇ ਹੋ। ਹੁਣ ਤੁਹਾਡੇ ਕੋਲ ਕਿਸ ਤਰ੍ਹਾਂ ਦਾ ਪ੍ਰਮੇਸ਼ੁਰ ਹੈ? ਵੇਖਿਆ? ਸਮਝੇ? ਪ੍ਰਮੇਸ਼ੁਰ ਪਵਿੱਤਰ ਆਤਮਾ ਅਤੇ ਪ੍ਰਮੇਸ਼ੁਰ ਪਿਤਾ ਆਪਣੇ ਆਪ ਵਿੱਚ ਇੱਕ ਹੀ ਆਤਮਾ ਹੈ। ਇੱਥੇ ਉਹ ਵਿਅਕਤੀ ਹੈ।

*ਅਤੇ ਉਹ ਪੁੱਤਰ ਜਣੇਗੀ ਅਤੇ ਤੂੰ ਉਹਦਾ ਨਾਮ .....ਰੱਖਣਾ।* ਕੀ ਨਾਮ ਰੱਖਣਾ? [ਸੰਗਤ ਆਖਦੀ ਹੈ, "ਯਿਸੂ। " -ਸੰਪਾ] *ਉਸਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।*

*ਇਹ ਸੱਭ ਕੁਝ ਇਸ ਲਈ ਹੋਇਆ ਭਈ ਜਿਹੜੀ ਗੱਲ ਪ੍ਰਭੂ ਨੇ ਨਬੀ ਦੀ ਜ਼ਬਾਨੀ ਆਖੀ ਸੀ ਉਹ ਪੂਰੀ ਹੋਵੇ ਕਿ ਵੇਖੋ ਇੱਕ ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤਰ ਜਣੇਗੀ ਅਤੇ ਉਹਦਾ ਨਾਮ ਇਮਾਨੂੰਏਲ ਰੱਖਣਗੇ। ਜਿਹਦਾ ਅਰਥ ਇਹ ਹੈ,"ਪਰਮੇਸ਼ੁਰ ਆਸਾਡੇ ਸੰਗ।"*



### (ੲ) -ਇਨ੍ਹਾਂ ਦੀ ਤਲੁਨਾ ਪ੍ਰਕਾਸ਼ ਪੋਥੀ 7:14 ਦੇ ਉਹਨਾਂ ਨਾਲ ਕਰ ਸੱਕਦੇ ਹਾਂ ਜਿਨ੍ਹਾਂ ਦੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਹੋਏ ਹਨ?"

281 ਨਹੀਂ। ਹੁਣ, ਇਹ ਵੱਖਰੇ ਲੋਕ ਹਨ। ਮੈਂ ਇਸ ਗੱਲ ਤੇ ਪੱਕਾ ਹਾਂ। ਕਿਉਂਕਿ ਇੱਥੇ ਵੇਖੋ, ਇੱਥੇ ਅਸੀਂ ਇਹ ਵੇਖਦੇ ਹਾਂ ਕਿ " ਇਹ ਉਹ ਲੋਕ ਹਨ ਜਿਨ੍ਹਾਂ ਨੂੰ ਚਿੱਟੇ ਬਸਤਰ ਦਿੱਤੇ ਗਏ। ਉਹਨਾਂ ਨੂੰ ਇਸ ਸਮੇਂ ਦੌਰਾਨ ਚਿੱਟੇ ਬਸਤਰ ਦਿੱਤੇ ਗਏ। ਉਹਨਾਂ ਨੂੰ ਕਿਰਪਾ ਦੇ ਰਾਹੀਂ ਹੀ ਚਿੱਟੇ ਬਸਤਰ ਦਿੱਤੇ ਗਏ ਸਨ । ਅਤੇ ਜਿਹੜੇ *ਇੱਥੇ* ਹਨ ਉਹਨਾਂ ਦੇ ਬਸਤਰ ਲੇਲੇ ਦੇ ਲਹੂ ਨਾਲ ਧੋਤੇ ਹੋਏ ਹਨ। ਅਤੇ ਇਹ ਇੱਥੇ ਪ੍ਰਕਾਸ਼ ਦੀ ਪੋਥੀ ਵਿੱਚ ਹਨ, ਇਹ ਉਹ ਹੀ ਹਨ,"ਜਿਹੜੇ ਸੱਭ ਕੌਮਾਂ, ਜਾਤੀਆਂ ਭਾਖਿਆ ਅਤੇ ਦੇਸ਼ਾਂ ਵਿੱਚੋਂ ਪ੍ਰਮੇਸ਼ੁਰ ਦੇ ਸਾਹਮਣੇ ਆਉਂਦੇ ਹਨ। ਅਤੇ ਜਦਕਿ *ਇਹ* ਪੂਰੇ ਤੌਰ ਤੇ ਯਹੂਦੀ ਸ਼ਹੀਦ ਹਨ। ਹੁਣ, ਹੁਣ, ਇਹ ਠੀਕ ਹੈ। ਹੁਣ ।

### 25. ਭਾਈ ਬ੍ਰਾਨਹਾਮ, ਜੇ ਸਾਰੇ ਸੰਤ ਸੁਰਗ ਵਿੱਚ ਉਠਾ ਲਏ ਜਾਣਗੇ ਤੂ ਏਲੀਯਾਹ ਅਤੇ ਮੂਸਾ ਕਿੱਥੋਂ ਆਉਣਗੇ? ਕੀ ਉਹ ਯਹੂਦੀ ਹੋਣਗੇ? ਜਾਂ ਜਿਹੜਾ ਏਲੀਯਾਹ ਸਾਨੂੰ ਦਿੱਤਾ ਜਾਣਾ ਹੈ ਉਹੀ ਉਨਾਂ ਦੇ ਨਾਲ ਹੋਵੇਗਾ ?

282 ਜੀ ਨਹੀਂ। ਪਰਾਈਆਂ ਜਾਤੀਆਂ ਨੂੰ ਬਾਹਰ ਬੁਲਾਉਣ ਲਈ ਪਰਾਈਆਂ ਜਾਤੀਆਂ ਦਾ ਏਲੀਯਾਹ ਜੋ ਕਿ ਏਲੀਯਾਹ ਦੇ ਆਤਮਾ ਨਾਲ ਮਸ੍ਹਾ ਹੋਵੇਗਾ, ਉਹ ਉਠਾ ਲਿਆ ਜਾਵੇਗਾ। ਕਿਉਂਕਿ ਤੁਸੀਂ ਵੇਖਦੇ ਹੋ ਕਿ ਸਾਰੀ ਕਲੀਸਿਯਾ ਨੂੰ ਉੱਪਰ ਉਠਾ ਲਿਆ ਜਾਂਦਾ ਹੈ। ਅਤੇ ਪ੍ਰਕਾਸ਼ ਪੋਥੀ 11 ਦੇ ਦੋ ਗਵਾਹ ਹੇਠਾਂ ਲਿਆਏ ਜਾਂਦੇ ਹਨ ; ਅਤੇ ਪਰਾਈਆਂ ਜਾਤੀਆਂ ਦੇ ਨਾਲ ਹੀ ਕਿਰਪਾ ਦਾ ਸਮਾਂ ਖਤਮ ਹੋ ਜਾਂਦਾ ਹੈ ਅਤੇ ਇਨ੍ਹਾਂ ਦੋਨਾਂ ਨਬੀਆਂ ਨੂੰ ਯਹੂਦੀਆਂ ਦੇ ਕੋਲ ਭੇਜਿਆ ਜਾਂਦਾ ਹੈ। ਨਹੀਂ ਜੀ, ਇਹ ਉਹ ਹੀ ਆਦਮੀ ਨਹੀਂ ਹੋਵੇਗਾ। ਹੁਣ ਮੈਂ ਇਸ ਗੱਲ ਤੇ ਪੱਕੇ ਤੌਰ ਤੇ ਮਜ਼ਬੂਤ ਹਾਂ । ਹੁਣ ਯਾਦ ਰੱਖੋ ਕਿ ਇਹ ਗੱਲ ਮੈਂ ਆਪਣੀ ਵਧੀਆ ਸਮਝ ਅਨੁਸਾਰ ਦੱਸੀ ਹੈ।

ਆਓ ਹੁਣ ਅਸੀਂ ਇਹ ਵੇਖੀਏ ਕਿ ਇਹ ਪ੍ਰਸ਼ਨ ਕੀ ਹੈ। ਪ੍ਰਸ਼ਨ ਹੈ ਕਿ, "ਕੀ ਕਣਕ ਅਤੇ ਦਾਖਰਸ ...." ਓਹ, ਕੀ .......ਕਣਕ। ਨਹੀਂ ਮੇਰਾ ਅੰਦਾਜਾ ਹੈ ਕਿ ਇਸਦਾ ਅਰਥ ਹੈ ਕਿ, ਕੀ, ਇਸ ਪ੍ਰਸ਼ਨ ਵਿੱਚ ਕੀ ਨਹੀਂ ਹੈ। ਇਹ ਪ੍ਰਸ਼ਨ ਤਾਂ ਇਸ ਤਰ੍ਹਾਂ ਕਹਿੰਦਾ ਹੈ।

### 26. ਕੀ, ਕੀ ਕਣਕ ਜਾਂ ਪ੍ਰਕਾਸ਼ ਪੋਥੀ 6:6 ਵਿੱਚ ਜੋ ਕਣਕ ਅਤੇ ਦਾਖਰਸ ਹੈ ਉਸਦਾ ਕੀ ਅਰਥ ਹੈ ?...ਆਓ ਅਸੀਂ ਵੇਖੀਏ ਕਿ ਇਹ ਪ੍ਰਸ਼ਨ ਕੀ ਹੈ, ਅਤੇ ਜਦੋਂ ਮੈਂ ਇਹਨੂੰ ਵੇਖਦਾ ਹਾਂ ਤਾਂ ਆਓ ਅਸੀਂ ਇਹ ਪੜ੍ਹੀਏ।

*ਅਤੇ ਮੈਂ ਉਨ੍ਹਾਂ ਚੌਹਾਂ ਜੰਤੂਆਂ ਵਿੱਚ ਇੱਕ ਅਵਾਜ਼ ਜਿਹੀ ਇਹ ਆਖਦੇ ਸੁਣੀ ਭਈ ਕਣਕ ਅਠੰਨੀ ਦੀ ਸੇਰ ਭਰ ਅਤੇ ਜੌਂ ਅਠੰਨੀ ਦੇ ਤਿੰਨ ਸੇਰ ਅਤੇ ਤੇਲ ਅਤੇ ਦਾਖਰਸ ਦਾ ਵਿਗਾੜ ਨਾ ਕਰੀਂ।*

ਸ਼ੁਰੂ ਹੀ ਕੀਤਾ ਸੀ ਕਿ ਕਿਸੇ ਨੇ ਕਿਹਾ, "ਉਸ ਆਇਤ ਨੂੰ ਫਿਰ ਦੁਬਾਰਾ ਪੜ੍ਹੋ। " ਅਤੇ ਮੈਂ ਉਸਨੂੰ ਫਿਰ ਪੜ੍ਹਿਆ। ਅਤੇ ਪ੍ਰਕਾਸ਼ ਪੋਥੀ 6 ਦੇ ਬਿਲਕੁੱਲ ਹੇਠਾਂ ਹੀ ਇਹ ਸਵਾਲ ਸੀ।

275 ਵੇਖੋ, ਮੈਂ ਉਸਦਾ ਬਸ ਪਹਿਲਾ ਹਿੱਸਾ ਹੀ ਪੜ੍ਹਿਆ ਸੀ। ਪ੍ਰੰਤੂ ਇਹ ਉਸ ਪ੍ਰਸ਼ਨ ਵਰਗਾ ਨਹੀਂ ਲੱਗਦਾ ਸੀ, ਵੇਖੋ ਪਹਿਲੇ ਹਿੱਸੇ ਵਿੱਚ ਤਾਂ ਇਹ ਸੀ " ਅਤੇ ਉਹ ਇੱਕ ਨਵਾਂ ਗੀਤ ਗਾਉਂਦੇ ਸਨ। " ਪ੍ਰੰਤੂ ਇੱਥੇ ਹੇਠਾਂ ਵੇਖੋ ਇਹ ਕੀ ਸੀ? ਉਸ ਤੋਂ ਅਗਲੀ ਹੀ ਆਇਤ ਵਿੱਚ ਇਸ ਤਰ੍ਹਾਂ ਸੀ, "ਉਸਨੇ ਸਾਨੂੰ ਮੁੱਲ ਲਿਆ ਹੈ। " ਬਿਲਕੁੱਲ ਹੀ ਇਹ ਲਾੜੀ ਹੈ, ਇਹ ਸੁਰਗ ਤੇ ਉਠਾਏ ਗਏ ਸੰਤ ਹਨ। ਕੀ ਤੁਸੀਂ ......ਅਤੇ ਇੱਧਰ ਵੇਖੋ, ਇੱਥੇ ਪੱਕੇ ਰੂਪ ਵਿੱਚ ਉਹ ਪੋਥੀ ਲੇਲੇ ਦੇ ਆਪਣੇ ਹੱਥ ਵਿੱਚ ਸੀ। ਉਹ ਵਿਚੋਲਗੀ ਦੀ ਗੱਦੀ ਨੂੰ ਛੱਡ ਕੇ ਜਾ ਚੁੱਕਾ ਸੀ। ਸਮਝੇ?ਕੀ ਤੁਸੀਂ ਵੇਖਿਆ ਕਿ ਪਵਿੱਤਰ ਆਤਮਾ ਕਿਵੇਂ ਉਸੇ ਨੂੰ ਵੇਖਦਾ ਹੈ? ਬਿਲਕੁੱਲ ਠੀਕ ਇਹ ਹੀ ਗੱਲ ਮੈਂ ਕਿਸੇ ਹੋਰ ਰਾਤ ਕਹੀ ਸੀ।

276 ਜਦੋਂ ਉਸਨੇ ਮੇਰੇ ਨਾਲ ਕਮਰੇ ਵਿੱਚ ਗੱਲ ਕੀਤੀ ਸੀ ਅਤੇ ਮੈਂ ਇੱਥੇ ਆਇਆ ਸੀ, ਅਤੇ ਮੈਂ ਤੁਹਾਨੂੰ ਇਹ ਪ੍ਰਚਾਰ ਕੀਤਾ ਸੀ, "ਜਦ ਲੇਲਾ ਉਸ ਥਾਂ ਨੂੰ ਛੱਡ ਦਿੰਦਾ ਹੈ। " ਹੇ ਮੇਰੇ ਪ੍ਰਭੂ!ਹੁਣ ਅਸੀਂ ਨਿਹਚਾ ਕਰਦੇ ਹਾਂ ਕਿ ਅਸੀਂ ਬਸ ਇੱਕ ਵਿਸ਼ਾ ਲਵਾਂਗੇ। ਸਮਝੇ? ਲੇਲਾ ਆਪਣੀ ਜਗ੍ਹਾ ਨੂੰ ਛੱਡ ਦਿੰਦਾ ਹੈ ਅਤੇ ਬਾਹਰ ਆਉਂਦਾ ਹੈ (ਸਮਝੇ?) ਜਿਵੇਂ ਮੈਂ ਉੱਥੇ ਖੜਾ ਸੀ ਜਦੋਂ ਇਹ ਪ੍ਰਕਾਸ਼ ਜੋ ਕਿ ਮਸੀਹ ਹੈ ਉੱਥੇ ਮੌਜੂਦ ਸੀ । ਜਦ ਉਹ ਬੈਠਾ ਸੀ ਤਾਂ ਉਸਨੇ ਇਸਨੂੰ ਦੱਸਿਆ। ਜਦੋਂ ਲੇਲਾ ਵਿਚੋਲੇ ਵਾਲੀ ਆਪਣੀ ਗੱਦੀ ਨੂੰ ਛੱਡ ਦਿੰਦਾ ਹੈ ਤਾਂ ਉਹ ਇੱਥੇ *ਇਹ* ਬਣ ਜਾਂਦਾ ਹੈ ਅਤੇ ਕਲੀਸਿਯਾ ਲਈ ਛੁਟਕਾਰੇ ਦਾ ਦਿਨ ਖਤਮ ਹੋ ਜਾਂਦਾ ਹੈ।

277 ਇਸ ਤੋਂ ਅਗਲਾ ਜਿਹੜਾ ਛੁਟਕਾਰਾ ਖੁੱਲ੍ਹਦਾ ਹੈ, ਉਹ ਯਹੂਦੀਆਂ ਲਈ ਹੈ, ਉਹ ਇੱਕ ਲੱਖ ਚੁਤਾਲੀ ਹਜ਼ਾਰ ਲਈ ਹੈ। ਕੀ ਇਹ ਠੀਕ ਹੈ? ਤੁਹਾਨੂੰ ਇਹਦਾ ਪਤਾ ਹੈ। ਕਿਉਂਕਿ ਉਸਨੇ ਵਾਦਾ ਕੀਤਾ ਸੀ ਕਿ ਉਹਨੇ ਹੀ ਰੁੱਖ ਨੂੰ ਕੱਟਿਆ ਹੈ।

278 ਹੁਣ, ਇੱਥੇ ......ਹੁਣ ਇੱਥੇ ਉਹ, ਲੇਲਾ ਆਉਂਦਾ ਹੈ ਅਤੇ ਫਿਰ ਛੁਟਕਾਰੇ ਦਾ ਦਿਨ ਖਤਮ ਹੋ ਜਾਂਦਾ ਹੈ। ਅਤੇ ਉਹ ਸਾਰੇ ਲੋਕ ਜਿਨ੍ਹਾਂ ਦਾ ਛੁਟਕਾਰਾ ਹੋਣਾ ਹੈ ਪਹਿਲਾਂ ਛੁਡਾਏ ਜਾ ਚੁੱਕੇ ਹੁੰਦੇ ਹਨ ਅਤੇ ਪੋਥੀ ਵਿੱਚ ਰੱਖੇ ਜਾ ਚੁੱਕੇ ਹੁੰਦੇ ਹਨ, ਅਤੇ ਇੱਥੇ ਉਹ ਬਾਹਰ ਹੈ ਅਤੇ ਪੋਥੀ ਖੋਲ੍ਹ ਰਿਹਾ ਹੈ। ਠੀਕ ਹੈ !

279 ਹੇ ਪ੍ਰਭੂ, ਤੇਰਾ ਧੰਨਵਾਦ!ਸਮਝੇ?ਆਪਣੇ ਕਾਹਲੀ ਕਰਨ ਵਾਲੇ ਸੇਵਕ ਨੂੰ ਕਿਸੇ ਵੀ ਗੱਲ ਵਿੱਚ ਕਾਹਲੀ ਕਰਨ ਲਈ ਮਾਫ ਕਰ।

## (ਅ) ਕੀ ਤੁਸੀਂ ਪ੍ਰਕਾਸ਼ ਪੋਥੀ 6:11 ਦੇ ਉਨ੍ਹਾਂ ਲੋਕਾਂ ਦੇ ਬਾਰੇ ਵਿੱਚ ਸਮਝਾ ਸੱਕਦੇ ਹੋ, "ਜਿਨ੍ਹਾਂ ਨੂੰ ਚਿੱਟੇ ਬਸਤਰ ਦਿੱਤੇ ਗਏ ਹਨ।"

280 ਹੁਣ,ਆਓ ਅਸੀਂ ਪ੍ਰਕਾਸ਼ ਪੋਥੀ 6:11 ਨੂੰ ਵੇਖੀਏ। ਠੀਕ ਹੈ। ਇਸ ਸਮੇਂ ਅਸੀਂ ਇਹਦੇ ਤੇ ਕਿੱਥੇ ਹਾਂ ? ਚਿੱਟੇ ਬਸਤਰ ਤੇ ਜੀ ਹਾਂ, ਇਹ ਉਹ ਸ਼ਹੀਦ ਲੋਕ ਹਨ ਜਿਹੜੇ ਜਗਵੇਦੀ ਦੇ ਹੇਠਾਂ ਪਾਏ ਜਾਂਦੇ ਹਨ। ਇਹ ਉਸ ਸਮੇਂ ਦੇ ਦੌਰਾਨ ਦੇ ਯਹੂਦੀ ਹਨ, ਜਿਨ੍ਹਾਂ ਨੂੰ ਚਿੱਟੇ ਬਸਤਰ ਦਿੱਤੇ ਗਏ।



168 ਪ੍ਰਮੇਸ਼ੁਰ ਦਾ ਨਾਮ ਕੀ ਹੈ? ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਨਾਮ ਕੀ ਹੈ?[ਸੰਗਤ ਆਖਦੀ ਹੈ, "ਯਿਸੂ। "-ਸੰਪਾ] ਬਾਈਬਲ ਆਖਦੀ ਹੈ ਕਿ ਉਸਦਾ ਨਾਮ "ਯਿਸੂ" ਸੀ। ਇੱਕ ਵਾਰ ਦੀ ਗੱਲ ਹੈ ਕਿ ਇੱਥੇ ਭਵਨ ਵਿੱਚ ਇੱਕ ਵਾਰ ਇੱਕ ਆਦਮੀਂ ਇਸ ਤੇ ਵਿਵਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਉਸਨੇ ਕਿਹਾ, "ਭਾਈ ਬ੍ਰਾਨਹਾਮ ਨੇ ਉਨ੍ਹਾਂ ਸਾਰੀਆਂ ਗੱਲਾਂ ਨੂੰ ਘੁੰਮਾ ਫਿਰਾ ਦਿੱਤਾ ਹੈ, ਪ੍ਰੰਤੂ ਉਹ ਇਸ ਗੱਲ ਨੂੰ ਘੁਮਾ ਫਿਰਾ ਨਹੀਂ ਸੱਕਦੇ ਹਨ। ਇੱਥੇ ਇਹ ਪੂਰੀਂ ਤਰ੍ਹਾਂ ਬਿਲਕੁੱਲ ਤਿੰਨ ਵਿਅਕਤੀਆਂ ਨੂੰ ਵਿਖਾਉਂਦਾ ਹੈ। ਮੱਤੀ 3 ਬਾਬ, ਇੱਥੇ ਯੂਹੰਨਾ ਖੜ੍ਹਾ ਪ੍ਰਚਾਰ ਕਰ ਰਿਹਾ ਹੈ ਅਤੇ ਇੱਥੇ ਪੁੱਤਰ ਆਉਂਦਾ ਹੈ, ਉਹ ਤੁਰ ਕੇ ਬਪਤਿਸਮਾ ਲੈਣ ਲਈ ਪਹੁੰਚਦਾ ਹੈ। ਉਹ ਪਾਣੀ ਵਿੱਚ ਪਹੁੰਚਿਆ ਅਤੇ ਉਸਨੇ ਯੂਹੰਨਾ ਕੋਲੋਂ ਬਪਤਿਸਮਾ ਲਿਆ ਅਤੇ ਜਦ ਉਹ ਪਾਣੀ ਵਿੱਚੋਂ ਬਾਹਰ ਆਇਆ, ਅਤੇ ਕਿਹਾ, ਉਸਦੇ ਉੱਪਰ ਅਕਾਸ਼ ਖੁੱਲ੍ਹ ਗਿਆ ਅਤੇ ਸੁਰਗ ਤੋਂ ਪਵਿੱਤਰ ਆਤਮਾ ਕਬੂਤਰ ਦੀ ਤਰ੍ਹਾਂ ਥੱਲੇ ਉਤਰਦਾ ਹੋਇਆ ਵਿਖਿਆ ਅਤੇ ਸੁਰਗੀ ਬਾਣੀ ਹੋਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਵਿੱਚ ......" ਅਤੇ ਉਸਨੇ ਕਿਹਾ, "ਇੱਥੇ, ਇੱਕ ਹੀ ਸਮੇਂ ਵਿੱਚ ਤਿੰਨ ਅਲੱਗ-ਅਲੱਗ ਵਿਅਕਤੀ ਪਾਏ ਜਾਂਦੇ ਹਨ। ਹੇ ਮੇਰੇ ਪ੍ਰਭੂ !

169 ਹਾਂ ਜੀ, ਇਹ ਇਹ ਹੀ ਵਿਖਾਉਂਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਬਪਤਿਸਮਾ ਨਹੀਂ ਲਿਆ ਹੈ ਅਤੇ ਸੇਵਕ ਹੋਣ ਲਈ ਨਹੀਂ ਬੁਲਾਏ ਗਏ ਹਨ ਉਹਨਾਂ ਦਾ ਪੁਲਪਿਟ ਤੇ ਕੋਈ ਕੰਮ ਨਹੀਂ ਹੈ। ਇਹ ਸਹੀ ਗੱਲ ਹੈ। ਹੁਣ, ਮੈਂ ਖੁਦਾ ਦੀ ਮੱਦਦ ਨਾਲ ਉਸ ਵਿਅਕਤੀ ਨੂੰ ਲੈ ਸੱਕਦਾ ਹਾਂ ਅਤੇ ਉਹਨਾਂ ਨੂੰ ਇੱਕ ਅਜਿਹੀ ਗੱਠ ਵਿੱਚ ਬੰਨ੍ਹ ਸੱਕਦਾ ਹਾਂ ਕਿ ਇਸਦੇ ਨਾਲ ਉਨ੍ਹਾਂ ਦਾ ਸਿਰ ਚਕਰਾ ਜਾਵੇਗਾ। ਵੇਖੋ, ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਹਾਂ ਕਿ ਕੀ .....ਨਹੀਂ ਮੇਰਾ ਇਹ ਮਤਲਬ ਨਹੀਂ ਹੈ ਕਿ ਮੈਂ ਇਸ ਤਰ੍ਹਾਂ ਕਰ ਸੱਕਦਾ ਹਾਂ। ਮੈਨੂੰ ਮਾਫ ਕਰਨਾ। ਪ੍ਰਭੂ, ਮੇਰਾ ਇਹ ਮਤਲਬ ਨਹੀਂ ਸੀ। ਮੇਰਾ ਇਸ ਤਰ੍ਹਾਂ ਕਰਨ ਦਾ ਇਰਾਦਾ ਨਹੀਂ ਸੀ। ਮੈਨੂੰ ਇੰਝ ਮਹਿਸੂਸ ਹੋਇਆ ਕਿ ਉਸਨੇ ਮੈਨੂੰ ਇਸ ਗੱਲ ਤੋਂ ਰੋਕਿਆ ਹੈ,ਮੇਰਾ ਉਹਨੂੰ ਇਸ ਤਰ੍ਹਾਂ ਕਹਿਣ ਦਾ ਮਤਲਬ ਨਹੀਂ ਸੀ। ਮੈਨੂੰ ਅਫਸੋਸ ਹੈ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪਵਿੱਤਰ ਆਤਮਾ ਉਸ ਆਦਮੀ ਤੇ ਕੁਝ ਭੇਤ ਪ੍ਰਗਟ ਕਰ ਸੱਕਦਾ ਹੈ। ਇਹ ਗੱਲ ਠੀਕ ਲੱਗਦੀ ਹੈ।

170 ਇਹ ਕਿਸੇ ਚੀਜ਼ ਵਿੱਚ ਕਿਸੇ ਚੀਜ਼ ਨੂੰ ਉਡੇਲਣ ਵਾਂਗ ਹੈ। ਜਦ ਤੁਸੀਂ ਕੋਈ ਗਲਤੀ ਕਰਦੇ ਹੋ ਤਾਂ ਤੁਸੀਂ ਉਸਨੂੰ ਇੱਕ ਮਸੀਹੀ ਵਾਂਗੂੰ ਦੱਸ ਸੱਕਦੇ ਹੋ -ਤੁਸੀਂ ਦੱਸ ਸੱਕਦੇ ਹੋ ਕਿ ਤੁਸੀਂ ਕੁਝ ਗਲਤ ਕਹਿ ਦਿੱਤਾ ਹੈ। ਉਸਨੂੰ ਉਸ ਤਰ੍ਹਾਂ ਚੰਗਾ ਨਹੀਂ ਲੱਗਦਾ। ਉਹ ਬਸ ਮੈਨੂੰ ਉਹਦੇ ਅੰਦਰ ਰੱਖ ਰਿਹਾ ਸੀ। ਸਮਝੇ? ਮੈਂ ਬਿਲਕੁੱਲ ਵੀ ਤਸਵੀਰ ਵਿੱਚ ਨਹੀਂ ਹਾਂ। ਮੈਂ ਤਾਂ ਬਸ ....ਇੱਥੋਂ ਤੱਕ ਕਿ ਮੈਂ ਖੁਦ ਆਪਣੇ ਆਪ ਨੂੰ ਉਸ ਵਿੱਚ ਨਹੀਂ ਚਾਹੁੰਦਾ ਹਾਂ ਜਾਂ ਇਸ ਤਰ੍ਹਾਂ ਦਾ ਕੁਝ ਨਹੀਂ ਕਰਨਾ ਚਾਹੁੰਦਾ ਹਾਂ । ਬਸ ਇਹ ਹੀ, ਇਹ ਹੋਵੇ ਕਿ ਸਿਰਫ ਉਹ ਹੀ ਕੰਮ ਕਰੇ। ਉਹ ਹੀ ਤੁਰ੍ਹੀ ਦੀ ਅਵਾਜ਼ ਕਰਦਾ ਹੈ। ਤੁਰ੍ਹੀ ਤਾਂ ਚੁੱਪ ਹੁੰਦੀ ਹੈ ਪ੍ਰੰਤੂ ਉਸਦੇ ਪਿੱਛੇ ਇੱਕ ਅਵਾਜ਼ ਹੁੰਦੀ ਹੈ-ਇੱਕ ਸਬਦ ਹੁੰਦਾ ਹੈ, ਅਤੇ ਇਹ ਹੀ ਹੈ ਜੋ ਅਵਾਜ਼ ਦਿੰਦੀ ਹੈ।

171 ਹੁਣ, ਇੱਥੇ ਵੇਖੋ। ਉਸ ਆਦਮੀ ਨੇ ਵਚਨ ਦਾ ਗਲਤ ਅਰਥ ਸਮਝਾਇਆ ਸੀ। ਸਮਝੇ? ਯਾਦ ਰੱਖੋ,ਇਹ ਬੁੱਧੀਮਾਨਾਂ ਅਤੇ ਸਮਝਦਾਰਾਂ ਦੀ ਨਜ਼ਰੋਂ ਲੁਕਿਆ ਹੋਇਆ ਹੈ ਅਤੇ ਬੱਚਿਆਂ ਤੇ ਪ੍ਰਗਟ ਕੀਤਾ ਗਿਆ ਹੈ। ਹੁਣ, ਇੱਥੇ ਇੱਕ ਵਿਅਕਤੀ ਅਥਵਾ ਯਿਸੂ ਮਸੀਹ ਧਰਤੀ ਤੇ ਖੜਾ ਹੈ।

ਹੁਣ, ਅਕਾਸ਼, ਅਸਲ ਵਿੱਚ ਇਹ ਉਹ ਵਾਯੂ ਮੰਡਲ ਹੈ ਜਿਹੜਾ ਉਸਦੇ ਉੱਤੇ ਸੀ। ਹੁਣ ਧਿਆਨ ਦਿਓ। ਅਤੇ ਯੂਹੰਨਾ ਨੇ ਗਵਾਹੀ ਦਿੱਤੀ ......

172 ਹੁਣ ਉਸ ਆਦਮੀ ਦਾ ਇਹ ਕਹਿਣਾ ਹੈ, *ਇੱਥੇ* ਪਿਤਾ ਪ੍ਰਮੇਸ਼ੁਰ ਅਤੇ *ਇੱਥੇ* ਪਵਿੱਤਰ ਆਤਮਾ ਪ੍ਰਮੇਸ਼ੁਰ ਹੈ ਜੋ ਕਿ ਇੱਕ ਕਬੂਤਰ ਵਾਂਗ ਹੈ, *ਇੱਥੇ* ਪੁੱਤਰ ਪ੍ਰਮੇਸ਼ੁਰ ਹੈ, ਇਸ ਤਰ੍ਹਾਂ ਤਿੰਨ ਅਲੱਗ-ਅਲੱਗ ਹਸਤੀਆਂ ਅਥਵਾ ਵਿਅਕਤੀਤਵ ਬਣਾ ਰਹੇ ਹਨ।

173 ਯੂਹੰਨਾ *ਇੱਥੇ* ਪਿੱਛੇ ਖੜਾ ਸੀ ਉਹ ਜਾਣਦਾ ਸੀ ਕਿ *ਇਹ* ਉਹ ਲੇਲਾ ਹੈ । ਯਹੂੰਨਾ ਨੇ ਕਿਹਾ, ਮੇਰੀ ਇਹ ਗਵਾਹੀ ਹੈ ਕਿ ਮੈਂ ਪ੍ਰਮੇਸ਼ੁਰ ਦੇ ਆਤਮਾ ਨੂੰ ਲੇਲੇ ਵਾਂਗ ...... *ਇੱਥੇ* ਪ੍ਰਮੇਸ਼ੁਰ ਦਾ ਆਤਮਾ ਹੈ, ਮੇਰਾ ਕਹਿਣ ਦਾ ਭਾਵ ਹੈ ਕਿ ਜਿਹੜਾ ਕਬੂਤਰ ਵਾਂਗੂੰ ਹੈ । ਇਹ ਉਸੇ ਤਰ੍ਹਾਂ ਹੀ ਹੈ ਜਿਵੇਂ ਕਿ ਮੈਂ ਕਿਸੇ ਹੋਰ ਦਿਨ ਕਿਹਾ ਸੀ। ਤੁਸੀਂ ਸਮਝੇ?ਪ੍ਰਮੇਸ਼ੁਰ ਦਾ ਆਤਮਾ। *ਇੱਥੇ* ਇਹ ਲੇਲਾ ਸੀ, ਅਤੇ ਪ੍ਰਮੇਸ਼ੁਰ ਦਾ ਆਤਮਾ ਕਬੂਤਰ ਦੀ ਨਿਆਈਂ ਸੀ, ਅਤੇ ਪ੍ਰਮੇਸ਼ੁਰ ਸੀ। ਪ੍ਰਮੇਸ਼ੁਰ ਦਾ ਆਤਮਾ ਅਕਾਸ਼ ਤੋਂ ਹੇਠਾਂ ਉੱਤਰ ਰਿਹਾ ਹੈ, ਅਤੇ ਅਕਾਸ਼ ਤੋਂ ਇੱਕ ਅਵਾਜ਼ ਕਹਿ ਰਹੀ ਸੀ, " ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਵਿੱਚ ਰਹਿ ਕੇ ਮੈਂ ਪ੍ਰਸੰਨ ਹਾਂ। " "ਸੁਰਗ ਅਤੇ ਧਰਤੀ ਦਾ ਸਾਰਾ ਇਖਤਿਆਰ ਮੈਨੂੰ ਦਿੱਤਾ ਗਿਆ ਹੈ। " ਸਮਝੇ? ਇਹ ਉਹ ਹੀ ਸੀ। ਹੁਣ ਉਸਦਾ ਨਾਮ ਕੀ ਸੀ? [ਸੰਗਤ ਆਖਦੀ ਹੈ, "ਯਿਸੂ " -ਸੰਪਾ]ਬਿਲਕੁੱਲ। ਸਮਝੇ?

174 ਸੋ, ਜਿੱਥੋਂ ਤੱਕ ਤਸਲੀਸ ਦੀ ਤਿੰਨ ਵੱਖ-ਵੱਖ ਪ੍ਰਮੇਸ਼ੁਰ ਹੋਣ ਦੀ ਸਿੱਖਿਆ ਹੈ,ਉਹ ਤਾਂ ਮੂਰਤੀ ਪੂਜਾ ਹੀ ਹੈ। ਇਹ ਬਾਈਬਲ ਵਿੱਚ ਕਦੇ ਵੀ ਸਿਖਾਇਆ ਨਹੀਂ ਗਿਆ ਹੈ। ਇਹਨੂੰ ਬਬਰ ਸ਼ੇਰ ਦੇ ਸੰਦੇਸ਼ ਵਿੱਚ ਕਦੇ ਨਹੀਂ ਸਿਖਾਇਆ ਗਿਆ ਸੀ। ਪ੍ਰੰਤੂ ਇਹਨੂੰ ਤਾਂ ਉਸ ਤੋਂ ਅਗਲੇ ਵਿੱਚ ਜੋ ਕਿ ਮਸੀਹ ਵਿਰੋਧੀ ਸੀ ਦੇ ਸਮੇਂ ਵਿੱਚ ਕਬੂਲ ਕੀਤਾ ਗਿਆ ਸੀ। ਤੁਸੀਂ ਚਾਹੋ ਤਾਂ ਇਹਨੂੰ ਕਿਸੇ ਵੀ ਵਿਦਵਾਨ ਕੋਲੋਂ ਪੁੱਛ ਸੱਕਦੇ ਹੋ। ਇਹ ਕਦੇ ਨਹੀਂ ਆਈ ਬਲਕਿ ਇਹ ਤਾਂ ਨਿਕੁਲਾਈਆਂ ਦੀ ਸਿੱਖਿਆ ਰਾਹੀਂ ਆਈ ਸੀ। ਇਹ ਹੀ ਕਾਰਨ ਸੀ ਕਿ ਇਹ ਸਿੱਖਿਆ ਮਾਰਟਨ ਲੂਥਰ ਦੇ ਨਾਲ ਬਾਹਰ ਆਈ, ਇਹੋ ਹੀ ਕਾਰਨ ਹੈ ਕਿ ਇਹ ਜੋਨ ਵੈਜਲੀ ਦੇ ਸਮੇਂ ਵਿੱਚ ਵੀ ਲਗਾਤਾਰ ਬਣੀ ਰਹੀ ਅਤੇ ਅੱਗੇ ਚੱਲ ਕੇ ਪੈਤੀਂਕਾਸਟਲਾਂ ਦੇ ਅੰਦਰ ਵੜ ਗਈ ਸੀ।

175 ਉਸ ਵੇਲੇ ਜਦ ਕਿ ਪੈਂਟੀਕਾਸਟਲ ਨਿੱਕਲ ਕੇ ਆਏ ਤਾਂ ਉਨ੍ਹਾਂ ਦੇ ਕੋਲ ਇੱਕ ਝੁੰਢ, "ਔਨਲੀ ਜੀਸਸ ਸੀ। ਹੁਣ, ਇਹ ਫਿਰ ਗਲਤ ਹੀ ਸੀ। ਕਿਵੇਂ ਯਿਸੂ ਆਪਣਾ ਹੀ ਪਿਤਾ ਹੋ ਸੱਕਦਾ ਹੈ?ਸਮਝੇ? ਸੋ ਇਸ ਗੱਲ ਨੇ ਇਸ ਸਿੱਖਿਆ ਨੂੰ ਖਤਮ ਕਰ ਦਿੱਤਾ।

176 ਪ੍ਰੰਤੂ ਮੰਨਿਆ ਜਾਂਦਾ ਹੈ ਕਿ ਇੱਕ ਸਮਾਂ ਉਕਾਬ ਦਾ ਆਉਣਾ ਚਾਹੀਦਾ ਹੈ। ਸਮਝੇ? ਇਹ ਹੀ ਉਹ ਸਮਾਂ ਹੈ ਜਦੋਂ ਇਹਨਾਂ ਸਾਰਿਆਂ ਭੇਤਾਂ ਦਾ ਸੁਧਾਰ ਹੋਣਾ ਹੈ। ਵੇਖਿਆ?

177 ਪਿਤਾ, ਪੁੱਤਰ, ਪਵਿੱਤਰ ਆਤਮਾ ਤਾਂ ਪ੍ਰਭੂ ਯਿਸੂ ਦੇ ਤਿੰਨ ਅਹੁਦੇ ਹਨ। ਤੁਸੀਂ ਇਨ੍ਹਾਂ ਤਿੰਨਾਂ 'ਤੇ ਧਿਆਨ ਦਿਓ। ਮੱਤੀ ਕਹਿੰਦਾ ਹੈ, "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ..." ਪਤਰਸ ਕਹਿੰਦਾ ਹੈ, "ਪ੍ਰਭੂ ਯਿਸੂ ਮਸੀਹ ..." ਪਿਤਾ ਕੌਣ ਹੈ? "ਪ੍ਰਭੂ ਨੇ ਮੇਰੇ ਪ੍ਰਭੂ ਨੂੰ ਕਿਹਾ, ਤੂੰ ਮੇਰੇ ਸੱਜੇ ਪਾਸੇ ਬੈਠ।" ਕੀ ਇਹ ਠੀਕ ਹੈ? ਪਿਤਾ, ਪੁੱਤਰ ਯਿਸੂ, ਪਵਿੱਤਰ ਆਤਮਾ ਇੱਕ ਪ੍ਰਮੇਸ਼ੁਰ ਵਿੱਚੋਂ ਬਾਹਰ ਨਿੱਕਲ ਕੇ ਗਿਆ। "ਪਿਤਾ, ਪੁੱਤਰ, ਪਵਿੱਤਰ ਆਤਮਾ ਇੱਕ ਹੀ ਪ੍ਰਮੇਸ਼ੁਰ ਦੇ ਵਿਅਕਤੀ ਦੀਆਂ ਤਿੰਨ



271 ਇਹ ਸਹੀ ਹੈ। ਹੁਣ, ਤੁਸੀਂ ਇਹਦੇ ਬਾਰੇ ਵਿੱਚ ਕੀ ਸੋਚਦੇ ਹੋ?ਔਹ, ਜੇ ਇੱਥੇ ਪਵਿੱਤਰ ਆਤਮਾ ਦੀ ਹਜੂਰੀ ਨਹੀਂ ਹੈ ਤਾਂ ਫਿਰ ਕੀ ਹੈ? ਉਹ ਨਹੀਂ ਕਰਨ ਦੇਵੇਗਾ ......ਇਹ ਹੈ-ਇਹ ਬਸ ਇੱਕ ਆਇਤ ਹੈ .....ਜਾਂ ਇੱਥੇ ਕੁਝ ਲਿਖਿਆ ਹੋਇਆ ਹੈ ਅਤੇ ਮੈਂ ਉਸ ਘੜੀ ਨੂੰ ਵੇਖਦੇ ਹੋਏ ਇਸਦਾ ਉੱਤਰ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਪ੍ਰੰਤੂ ਕੀ ਤੁਸੀਂ ਵੇਖਦੇ ਹੋ ਕਿ ਉਸਨੇ ਹੀ ਮੈਨੂੰ ਇਸ ਤੇ ਰੋਕਿਆ?ਤਰੀਫ ਹੋਵੇ !ਵੇਖੋ, ਮੈਂ ਉਸਦਾ ਆਖਰੀ ਭਾਗ ਨਹੀਂ ਪੜ੍ਹਿਆ। ਵੇਖੋ, ਮੇਰੇ ਕੋਲ ਇਹ ਇੱਥੇ ਹੈ, " ਅਤੇ ......."ਇੱਥੇ ਵੇਖੋ, ਅਤੇ ਉਨ੍ਹਾਂ ਨੇ ਇੱਕ ਨਵਾਂ ਗੀਤ ਗਾਇਆ, " ਅਤੇ, ਮੈਂ ਬਸ ਇਸੇ ਤੇ ਹੀ ਰੁਕ ਗਿਆ ਸੀ। ਪ੍ਰੰਤੂ ਇੱਥੇ ਵੇਖੋ, "ਅਤੇ ਉਨ੍ਹਾਂ ਨੇ ਇਹ ਕਹਿੰਦੇ ਹੋਏ ਇੱਕ ਨਵਾਂ ਗੀਤ ਗਾਇਆ ; ਤੂੰ ਸਾਨੂੰ ਹਰੇਕ ਕੁੱਲ ,ਗੋਤ, ਭਾਖਿਆ, ਉਮਤ ਅਤੇ ਕੌਮ ਵਿੱਚੋਂ ਪ੍ਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ ਹੈ। " ਬਿਲਕੁੱਲ ਹੀ ਇਹ ਇਹੋ ਹੀ ਹੈ। ਹੇ, ਮੇਰੇ ਪ੍ਰਮੇਸ਼ੁਰ!ਹੇ ਮੇਰੇ, ਪ੍ਰਮੇਸ਼ੁਰ!ਕੀ ਤੁਸੀਂ ਇਸਨੂੰ ਸਮਝੇ?ਖੈਰ,ਇੱਥੇ ਇੱਕ ਹੋਰ ਪ੍ਰਸ਼ਨ ਹੈ।

## 24. (ਅ) ਕੀ ਤੁਸੀਂ ਪ੍ਰਕਾਸ਼ ਪੋਥੀ 6:11ਨੂੰ ( ਕੰ-ਟ-ਰੋ-ਲ)....ਉਹਨਾਂ ਦੇ ਬਾਰੇ ਵਿੱਚ ਸਮਝਾ ਸੱਕਦੇ ਹੋ ਜੋ ਦਿੱਤੇ ਹੋਏ ਹਨ ....ਚੰਗਾ, "ਜਿਨ੍ਹਾਂ ਨੂੰ ਚਿੱਟੇ ਵਸਤਰ ਦਿੱਤੇ ਗਏ ਹਨ। " ਇਸਨੂੰ ਇਸਦੇ ਨਾਲ ਸਮਝਾ ਸੱਕਦੇ ਹੋ, " ਜਿਨ੍ਹਾਂ ਦੇ ਵਸਤਰ ਲੇਲੇ ਦੇ ਲਹੂ ਨਾਲ ਧੋਤੇ ਗਏ ਹਨ। "

272 ਆਓ ਅਸੀਂ ਪ੍ਰਕਾਸ਼ ਪੋਥੀ 6 ਪੜ੍ਹੀਏ। ਸੰਗਤੋ ਵੇਖੋ ....ਮੈਂ ਇਹਦੇ ਤੇ ਉਸ ਤਰ੍ਹਾਂ ਜਲਦੀ ਨਹੀਂ ਕਰ ਸੱਕਦਾ ਹਾਂ ਜਿਸ ਤਰ੍ਹਾਂ ਮੈਂ ਉਸ ਤੇ ਕੀਤੀ ਸੀ, ਕਿਉਂਕਿ ਇਸ ਤਰ੍ਹਾਂ ਤਾਂ ......ਮੈਂ ਕੋਈ ਗਲਤ ਜਵਾਬ ਦੇ ਬੈਠਾਂਗਾ। ਹੁਣ, ਉਹ ਨਹੀਂ ਚਾਹੁੰਦਾ ਸੀ -ਉਹ ਮੇਰੇ ਕੋਲੋਂ ਇਹ ਨਹੀਂ ਚਾਹੁੰਦਾ ਹੈ ਕਿ ਮੈਂ ਇਸ ਤਰ੍ਹਾਂ ਕਰਾਂ। ਇਹ ਸੱਚ ਹੈ ਕਿ,ਇਸ ਲਈ ਉਸਨੇ ਮੇਰੀ ਸਹਾਇਤਾ ਕੀਤੀ। ਪ੍ਰਮੇਸ਼ੁਰ ਦਾ ਆਤਮਾ ਜਾਣਦਾ ਹੈ ਕਿ ਇਹ ਸੱਚ ਹੈ। ਸਮਝੇ?ਮੈਂ ਬਸ .....ਕੁਝ ਅਜਿਹਾ ਹੈ ਕਿ ਬਸ ....ਮੈਂ ਬਸ ਇਸਤੇ ਧਿਆਨ ਦਿੱਤਾ .....ਮੈਂ ਘੜੀ ਤੇ ਨਜ਼ਰ ਮਾਰ ਰਿਹਾ ਸੀ ਕਿ ਸਾਢੇ ਗਿਆਰਾਂ ਵੱਜ ਰਹੇ ਹਨ ਅਤੇ ਮੈਂ ਸੋਚਿਆ, "ਜੇ ਹੁਣ ਮੈਂ ਜਲਦੀ ਨਹੀਂ ਕਰਦਾ ਹਾਂ ਤਾਂ ਮੈਂ ਬੀਮਾਰਾਂ ਲਈ ਦੂਆ ਨਹੀਂ ਕਰ ਸਕਾਂਗਾ। " ਅਤੇ ਮੈਂ ਉਸਦਾ ਜਵਾਬ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਿਉਂਕਿ ਮੈਂ ....ਅਤੇ ਮੇਰਾ ਦਿਮਾਗ ਇੰਨਾ ਜਿਆਦਾ .....ਮੈਂ ਨਹੀਂ ਕਰ ਸਕਦਾ ਹਾਂ .......

273 ਤੁਸੀਂ ਯਾਦ ਰੱਖੋ ਕਿ ਤੁਸੀਂ ਬਸ ਇਹ ਸਮਝਣਾ ਹੈ ਕਿ ਮੈਂ ਇੱਕ ਮਨੁੱਖ ਹੀ ਹਾਂ। ਸਮਝੇ?ਅਤੇ ਮੈਂ ਸੱਤ ਦਿਨਾਂ ਤੋਂ ਆਪਣੇ .....ਵਿੱਚ ਰਿਹਾ ਹਾਂ ...ਇਸ ਦੁਪਹਿਰ ਵੀ ਮੇਰੇ ਕੋਲ ਕੋਈ ਗੱਲ ਹੈ ਜਿਹੜੀ ਮੈਂ ਪ੍ਰਮੇਸ਼ੁਰ ਕੋਲੋਂ ਜਾਨਣੀ ਹੈ।

274 ਪ੍ਰੰਤੂ ਉਹ ਇੰਨਾ ਜਿਆਦਾ ਦ੍ਰਿੜ ਸੀ ਕਿ ਮੈਂ ਉਸ ਗਲਤੀ ਨੂੰ ਨਾ ਕਰਾਂ, ਇਸੇ ਲਈ ਹੀ ਉਨ੍ਹਾਂ ਨੇ ਮੈਨੂੰ ਉਸ ਬਾਬ ਦੇ ਬਾਕੀ ਹਿੱਸੇ ਨੂੰ ਪੜ੍ਹਨ ਲਈ ਕਿਹਾ। ਮੈਂ ਬਸ ....ਇਹ ਇਸ ਤਰ੍ਹਾਂ ਮਹਿਸੂਸ ਹੋਇਆ ਕਿ ਕੋਈ ਚੀਜ਼ ਮੇਰੇ ਉੱਤੇ ਘੁੰਮ ਗਈ ਹੈ ਅਤੇ ਉਸਨੇ ਆਖਿਆ, "ਪਿੱਛੇ ਮੁੜ;ਪਿੱਛੇ ਮੁੜ। " ਮੈਂ ਸੋਚਿਆ, ਕੀ ਪਿੱਛੇ ਮੁੜਾਂ। " ਕੀ ਹੈ? ਕੀ ਇਸ ਸਮੇਂ ਰੁਕ ਜਾਵਾਂ ਅਰ ਬਿਮਾਰਾਂ ਲਈ ਦੁਆ ਸ਼ੁਰੂ ਕਰਾਂ ? ਪ੍ਰੰਤੂ ਕੀ .......ਇਹ ਕੀ ਹੈ? ਮੈਂ ਕੀ ਕਰ ਦਿੱਤਾ ਹੈ?" ਅਤੇ ਮੈਂ ਉਸ ਤੱਕ ਪਹੁੰਚਣਾ

ਪੋਥੀ 5:9 ਵੇਖੀਏ। ਆਓ ਅਸੀਂ ਪਹਿਲਾਂ ਥੋੜਾ ਜਿਹਾ ਪੜ੍ਹੀਏ। ਇਸ ਲਈ ਜਿਸ ਆਦਮੀ ਨੇ ਇਹ ਪ੍ਰਸ਼ਨ ਪੁੱਛਿਆ ਹੈ .....ਉਹ ਇਹਦੇ ਲਈ ਇਮਾਨਦਾਰ ਹੈ ਅਤੇ ਉਹ ਇਸਨੂੰ ਜਾਨਣਾ ਚਾਹੁੰਦੇ ਹਨ। ਧਿਆਨ ਦਿਓ।

*ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੱਵੀ ਬਜ਼ੁਰਗ ਲੇਲੇ ਦੇ ਅੱਗੇ ਡਿੱਗ ਪਏ ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ ਪ੍ਰਾਰਥਨਾਵਾਂ ਹਨ।*

*ਅਤੇ ਉਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ* -(ਵੇਖਿਆ, ਸਮਝੇ?) *ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਯੋਗ ਹੈਂ* (ਵੇਖਿਆ?) ....

269 ਤੂੰ ਸਾਨੂੰ ਮੁੱਲ ਲਿਆ ਹੈ ਅਤੇ ਸਾਨੂੰ ਜਾਜਕ ਅਤੇ ਰਾਜੇ ਬਣਾਇਆ ਹੈ। ਇਹ ਸੁਰਗੀ ਝੂੰਢ ਹੈ, ਹਾਲੇ ਛੁਡਾਏ ਹੋਏ ਨਹੀਂ ਹਨ। ਠੀਕ ਹੈ। ਹੁਣ ।

**ਭਾਈ ਬ੍ਰਾਨਹਾਮ, ਜੇ ਸਾਰੇ ...... ( ਜਰਾ ਕੁ ਠਹਿਰੋ। ਮੈਂ ਅੰਦਾਜ਼ਾ ਲਗਾਉਂਦਾ ਹਾਂ .....ਮੈਨੂੰ ਮਾਫ ਕਰਨਾ। )ਭਾਈ ਬ੍ਰਾਨਹਾਮ, ਜੇ-ਜੇ ਸਾਰੇ ਭਗਤ (ਜੀ ਹਾਂ) -ਸੁਰਗ ਤੇ ਉੱਪਰ ਉਠਾ ਲਏ ਜਾਂਦੇ ਹਨ ਤਾਂ ਏਲੀਯਾਹ ਅਤੇ ਮੂਸਾ --ਕਿੱਥੋਂ ਆਉਂਦੇ ਹਨ?**

270 ਕਿਤੇ ਕੁਝ ਖਰਾਬੀ ਹੈ। ਕਿੱਧਰੇ ਕੋਈ ਖਰਾਬੀ ਹੈ। ਹੁਣ, ਇਹਦੇ ਬਾਰੇ ਵਿੱਚ ਬਸ ਇਹ ਹੀ ਸੱਭ ਹੈ। ਕਿਤੇ ਕੋਈ ਗਲਤੀ ਹੋਈ ਹੈ। ਸਮਝੇ? ਕਿਤੇ ਕੁਝ ਇਸ ਤਰ੍ਹਾਂ ਹੋਇਆ ਹੈ ਜੋ ਗਲਤ ਹੋ ਗਿਆ ਹੈ। ਕੀ ਹਰ ਕੋਈ ਚੰਗਾ ਮਹਿਸੂਸ ਕਰ ਰਿਹਾ ਹੈ?[ਸੰਗਤ ਆਖਦੀ ਹੈ, "ਆਮੀਨ। "-ਸੰਪਾ]ਕਿਤੇ ਕੋਈ ....ਕੋਈ ਬਿਮਾਰੀ ਜਾਂ ਕੁਝ ਹੋਰ ਤਾਂ ਨਹੀਂ ਹੈ?

[ਸਭਾ ਵਿੱਚੋਂ ਕੋਈ ਆਖਦਾ ਹੈ, " ਭਾਈ ਬ੍ਰਾਨਹਾਮ ਪ੍ਰਕਾਸ਼ ਪੋਥੀ 5:9 ਨੂੰ ਫਿਰ ਦੁਬਾਰਾ ਪੜ੍ਹਿਆ ਜਾਵੇ"] ਆਓ ਅਸੀਂ ਪ੍ਰਕਾਸ਼ ਪੋਥੀ ਨੂੰ ਪੜ੍ਹੀਏ ....ਭਾਈ ਇਹ ਕਿੱਥੇ ਸੀ? [5:5] ਐਹ, ਇਹ ਪ੍ਰਸ਼ਨ। ਇਹ ਹੀ ਤਾਂ ਉਹ ਪ੍ਰਸ਼ਨ ਹੈ ਜਿਹਦਾ ਮੈਂ ਹੁਣੇ ਹੀ ਜਵਾਬ ਦਿੱਤਾ ਹੈ। ਆਓ ਅਸੀਂ ਹੁਣ ਵੇਖੀਏ। " ਤੂੰ ਹੀ ..." ਇਹ ਬਿਲਕੁੱਲ ਠੀਕ ਜਗ੍ਹਾ ਹੈ।

*ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੱਵੀ ਬਜ਼ੁਰਗ ਲੇਲੇ ਦੇ ਅੱਗੇ ਡਿੱਗ ਪਏ ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ ਪ੍ਰਾਰਥਨਾਵਾਂ ਹਨ।*

*ਅਤੇ ਉਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਯੋਗ ਹੈਂ ਕਿਉਂਕਿ ਤੂੰ ਕੋਹਿਆ ਗਿਆ ਸੈਂ .....*

ਇਹ ਹੀ ਉਹ ਪ੍ਰਸ਼ਨ ਹੈ!ਇਹੀ ਉਹ ਪ੍ਰਸ਼ਨ ਹੈ !ਮੈਂ ਇਹਦੇ ਤੇ ਗਲਤੀ ਤੇ ਸੀ। ਸਮਝੇ?

*ਅਤੇ ਤੈਂ ਅਪਣੇ ਲਹੂ ਨਾਲ ਹਰੇਕ ਕੌਮ ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ।* (ਛੁਡਾ ਲਿਆ ਹੈ)



ਉਪਾਧੀਆਂ ਹਨ-ਜਿਹਦੇ ਵਿੱਚ ਪ੍ਰਮੇਸ਼ੁਰ ਤਿੰਨ ਪ੍ਰਕਾਰ ਨਾਲ ਪ੍ਰਗਟ ਹੋਇਆ ਹੈ ਜਾਂ ਇਹ ਪ੍ਰਮੇਸ਼ੁਰ ਦੇ ਤਿੰਨ ਗੁਣ ਹਨ।

178 ਅਤੇ ਉਸ ਆਦਮੀਂ ਲਈ ਜਿਹੜਾ ਇਸਨੂੰ ਨਹੀਂ ਸਮਝ ਸਕੇਗਾ,ਸਪੱਸ਼ਟ ਕਰਦੇ ਹੋਏ ਇਹ ਕਿਹਾ ਜਾ ਸੱਕਦਾ ਹੈ ਕਿ ਇਹ ਇੱਕ ਹੀ ਪ੍ਰਮੇਸ਼ੁਰ ਦੇ ਤਿੰਨ ਕੰਮ ਕਰਨ ਦੇ ਢੰਗ ਹਨ। ਅਸਲ ਵਿੱਚ ਇਹ ਇੱਕ ਹੀ ਪ੍ਰਮੇਸ਼ੁਰ ਦੇ ਤਿੰਨ ਗੁਣ ਹਨ। ਪ੍ਰਮੇਸ਼ੁਰ ਤਿੰਨ ਵੱਖ-ਵੱਖ ਢੰਗਾਂ ਨਾਲ ਕੰਮ ਕਰ ਰਿਹਾ ਹੈ,ਉਹ ਪਿਤਾ ਦੇ ਰੂਪ ਵਿੱਚ,ਪੁੱਤਰ ਦੇ ਰੂਪ ਵਿੱਚ ਅਤੇ ਪਵਿੱਤਰ ਆਤਮਾ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ। ਪ੍ਰਮੇਸ਼ੁਰ ਤਿੰਨ ਵਿੱਚ ਸਿੱਧ ਹੁੰਦਾ ਹੈ। ਕੀ ਤੁਹਾਨੂੰ ਯਾਦ ਹੈ ਕਿ ਮਸੀਹ ਵਿਰੋਧੀ ਦਾ ਅੰਕ ਚਾਰ ਹੈ? ਸਮਝੇ? ਪਿਤਾ,ਪੁੱਤਰ ਅਤੇ ਪਵਿੱਤਰ ਆਤਮਾ,ਪ੍ਰਮੇਸ਼ੁਰ ਪੂਰੀ ਤਰ੍ਹਾਂ ਯਿਸੂ ਮਸੀਹ ਹੈ।

179 ਜਦੋਂ ਤੁਸੀਂ ਸਿਰਫ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੰਦੇ ਹੋ ਤਾਂ ਇਹ ਗਲਤ ਹੈ । ਇਸ ਤਰ੍ਹਾਂ ਕਹਿ ਕੇ ਬਪਤਿਸਮਾ ਦੇਣਾ, "ਮੈਂ ਤੈਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ," ਪੂਰੀ ਤਰ੍ਹਾਂ ਗਲਤ ਹੈ। ਮੈਂ ਬਹੁਤ ਸਾਰੇ ਯਿਸੂਆਂ ਨੂੰ ਜਾਣਦਾ ਹਾਂ । ਕਿਉਂਕਿ ਲਤੀਨੀ ਦੇਸ਼ ਯਿਸੂਆਂ ਨਾਲ ਭਰੇ ਹੋਏ ਨਹੀਂ ਹਨ

180 ਪਰ ਇਹ, "ਪ੍ਰਭੂ ਯਿਸੂ ਮਸੀਹ ", ਹੈ ਅਤੇ ਇਹ ਹੀ ਦੱਸਦਾ ਹੈ ਕਿ ਉਹ ਕੌਣ ਹੈ।

181 ਜੇ ਤੁਸੀਂ ਮੇਰੇ ਬਾਰੇ ਵਿੱਚ ਵਿਅਕਤੀਗਤ ਤੌਰ ਤੇ ਗੱਲ ਕਰਨੀ ਚਾਹੁੰਦੇ ਹੋ ਤਾਂ ਬਹੁਤ ਸਾਰੇ ਬ੍ਰਾਨਹਾਮ ਹਨ, ਪ੍ਰੰਤੂ ਮੈਂ ਤਾਂ ਵਿਲੀਅਮ ਮੈਰਿਅਨ ਬ੍ਰਾਨਹਾਮ ਹਾਂ। ਇਹ ਹੀ ਮੈਂ ਹਾਂ। ਪ੍ਰੰਤੂ ਇੱਥੇ ਉੱਥੇ ਅਤੇ ਦੂਜੇ ਅਨੇਕਾਂ ਵਿਲੀਅਮ ਬ੍ਰਾਨਹਾਮ ਹਨ।

182 ਪ੍ਰੰਤੂ ਇਹ ਸਪੱਸ਼ਟ ਰੂਪ ਵਿੱਚ ਇੱਕ ਵਿਅਕਤੀ, "ਪ੍ਰਭੂ ਯਿਸੂ ਮਸੀਹ ", ਜੋ ਕਿ ਮਸਾ੍ ਕੀਤਾ ਹੋਇਆ ਹੈ ਦੇ ਬਾਰੇ ਵਿੱਚ ਕਹਿ ਰਿਹਾ ਹੈ। ਉਹ ਸਿਰਫ ਇੱਕ ਹੀ ਹੈ। ਹੁਣ, ਇਹ ਸਹੀ ਗੱਲ ਹੈ। ਇਸ ਲਈ ਜੇ ਇਸ ਤੇ ਕੋਈ ਹੋਰ ਗੱਲ ਹੈ ਤਾਂ ਤੁਸੀਂ ਮੈਨੂੰ ਚਿੱਠੀ ਜਾਂ ਕੁਝ ਹੋਰ ਲਿਖੋ,ਜਦ ਕਿਸੇ ਸਮੇਂ ਮੈਂ ਦੂਜੇ ਪ੍ਰਸ਼ਨਾਂ ਦੇ ਜਵਾਬ ਦੇ ਰਿਹਾ ਹੋਵਾਂਗਾ ਤਾਂ ਮੈਂ ਇਹਦੇ ਬਾਰੇ ਵਿੱਚ ਦੱਸ ਸੱਕਦਾ ਹਾਂ। ਮੈਂ ਇਸ ਪ੍ਰਸ਼ਨ ਨੂੰ ਲੈਣ ਦਾ ਯਤਨ ਕਰਨਾ ਚਾਹੁੰਦਾ ਹਾਂ ਤਾਂ ਕਿ ਮੈਂ ਇਹ ਵੇਖ ਸਕਾਂ ਕਿ ਕੀ ਅਸੀਂ ਇਨ੍ਹਾਂ ਬੀਮਾਰ ਲੋਕਾਂ ਵਿੱਚੋਂ ਕੁਝ ਲੋਕਾਂ ਨੂੰ ਜੋ ਕਿ ਬਿਮਾਰ ਹਨ ਦੁਆ ਲਈ ਲੈ ਸੱਕਦੇ ਹਨ।

12. **ਭਾਈ ਬ੍ਰਾਨਹਾਮ, ਜੇ ਇਹ ਪ੍ਰਸ਼ਨ ਠੀਕ ਨਹੀਂ ਹੈ-ਜੇ ਇਹ ਠੀਕ ਨਹੀਂ ਹੈ-ਤਾਂ ਜਵਾਬ ਨਾ ਦੇਣਾ।** (ਇਹ ਇੱਕ ਚੰਗੀ ਗੱਲ ਹੈ। ਮੈਂ ਇਹਦੀ ਵਡਿਆਈ ਕਰਦਾ ਹਾਂ) **ਕਿਹੜੇ ਬੱਚੇ,ਸੁਰਗ ਤੇ ਉਠਾਏ ਜਾਣ ਵਿੱਚ ਕਿਹੜੇ ਬੱਚੇ ਜਾਣਗੇ,ਕੀ ਕੋਈ ਛੋਟੇ ਬੱਚੇ ਵੀ ਸੁਰਗ ਤੇ ਉਠਾਏ ਜਾਣ ਵਿੱਚ ਜਾਣਗੇ? ਧੰਨਵਾਦ।**

ਜਿਸ ਕਿਸੇ ਨੇ ਵੀ ਇਹ ਪ੍ਰਸ਼ਨ ਲਿਖਿਆ ਹੈ ਉਸਨੇ ਆਪਣਾ ਨਾਮ ਪ੍ਰਸ਼ਨ ਵਿੱਚ ਨਹੀਂ ਲਿਖਿਆ ਹੈ। ਜੇ ਤੁਸੀਂ ਆਪਣਾ ਨਾਮ ਨਹੀਂ ਲਿਖਣਾ ਚਾਹੁੰਦੇ ਹੋ ਤਾਂ ਤੁਸੀਂ ਨਾ ਲਿਖੋ,ਇਹ ਕੋਈ ਜਰੂਰੀ ਨਹੀਂ ਹੈ ਕਿ ਤੁਸੀਂ ਆਪਣਾ ਨਾਮ ਲਿਖੋ।

183 ਪ੍ਰੰਤੂ ਵੇਖੋ, ਜਦੋਂ ਪ੍ਰਮੇਸ਼ੁਰ ਨੇ ਕੋਈ ਨਾਮ ਜਗਤ ਦੀ ਉਤਪਤੀ ਤੋਂ ਪਹਿਲਾਂ ਲੇਲੇ ਦੇ ਜੀਵਨ ਦੀ ਪੋਥੀ ਲਿਖ ਦਿੱਤਾ ਹੈ ਤਾਂ ਧਰਤੀ ਤੇ ਕੁਝ ਵੀ ਨਹੀਂ ਹੈ ਜਿਹੜਾ ਉਸ ਨਾਮ ਨੂੰ ਮਿਟਾ ਸੱਕਦਾ ਹੋਵੇ, ਕਿਉਂਕਿ ਉਹ ਤਾਂ ਮਸੀਹ ਦੇ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ। ਇਹ ਭਾਵੇਂ ਇੰਨਾ ਵੱਡਾ ਹੋਵੇ, ਓਨਾ ਵੱਡਾ ਹੋਵੇ ਜਾਂ ਏਨਾ ਵੱਡਾ ਹੋਵੇ ਜਾਂ ਜੋ ਕੋਈ ਵੀ ਹੋਵੇ, ਉਸਦੇ ਨਾਲ ਬਿਲਕੁੱਲ ਇਸੇ ਤਰ੍ਹਾਂ ਹੀ ਹੈ। ਸਮਝੇ? ਉਹ ਸਾਰੇ ਬੱਚੇ,ਉਹ ਸਾਰੀ ਕਲੀਸਿਯਾ ਅਤੇ ਬਾਕੀ ਸਾਰੇ ਜਿਹੜੇ ਪ੍ਰਮੇਸ਼ੁਰ ਦੇ ਅਗੇਤਰੇ ਗਿਆਨ ਰਾਹੀਂ ਉੱਥੇ ਹਨ --ਉਹ ਸਾਰੇ ਉੱਥੇ ਹਨ।

184 ਹੁਣ, ਅਸੀਂ ਨਹੀਂ ਜਾਣਦੇ ਹਾਂ । ਤੁਸੀਂ ਕਹਿੰਦੇ ਹੋ,"ਭਾਈ ਬ੍ਰਾਨਹਾਮ ਕੀ ਤੁਸੀਂ ਸਾਬਤ ਕਰ ਸੱਕਦੇ ਹੋ ਕਿ ਤੁਸੀਂ ਉੱਥੇ ਹੋ?" ਨਹੀਂ ਜੀ ਸ਼੍ਰੀਮਾਨ। ਮੈਂ ਇਹ ਸਿੱਧ ਨਹੀਂ ਕਰ ਸੱਕਦਾ ਹਾਂ। ਪ੍ਰਮੇਸ਼ੁਰ ਕਿਸੇ ਔਜਾਰ ਦੇ ਤੌਰ ਤੇ ਮੇਰਾ ਇਸਤੇਮਾਲ ਕਰ ਸੱਕਦਾ ਹੈ ਅਤੇ ਇਸੇ ਤਰ੍ਹਾਂ ਹੀ ਉਹ ਤੁਹਾਡਾ ਇਸਤੇਮਾਲ ਕਰ ਸੱਕਦਾ ਹੈ ਪ੍ਰੰਤੂ ਮੈਂ ਪ੍ਰਤੀਤ ਕਰਦਾ ਹਾਂ, ਅਤੇ ਪ੍ਰਤੀਤ ਕਰਨ ਨਾਲ ਹੀ ਮੇਰੀ ਮੁਕਤੀ ਹੋਈ ਹੈ। ਗਿਆਨ ਨਾਲ ਨਹੀਂ ਬਲਕਿ ਵਿਸ਼ਵਾਸ਼ ਕਰਨ ਨਾਲ ਮੇਰੀ ਮੁਕਤੀ ਹੋਈ ਹੈ। ਅਤੇ ਇਸੇ ਤਰ੍ਹਾਂ ਹੀ ਤੁਹਾਡੀ ਮੁਕਤੀ ਹੁੰਦੀ ਹੈ।

185 ਪ੍ਰੰਤੂ ਯਾਦ ਰੱਖੋ ਕਿ ਪ੍ਰਮੇਸ਼ੁਰ ਅਨੰਤ ਹੈ। ਕੀ ਤੁਸੀਂ ਇਹ ਵਿਸ਼ਵਾਸ਼ ਕਰਦੇ ਹੋ?[ਸੰਗਤ ਆਖਦੀ ਹੈ, "ਆਮੀਨ। "-ਸੰਪਾ] ਅਨੰਤ .....ਚੰਗਾ, ਕਿਉਂਕਿ ਉਹ ਅਨੰਤ ਹੈ,ਇਸ ਲਈ ਉਹ ਇਹਨੂੰ ਬਣਾਉਂਦਾ ਹੈ .......ਅਤੇ ਫਿਰ ਇਹ ਹੈ ਕਿ ਉਹ ਸਰਵ ਗਿਆਨੀ ਹੈ। ਕੀ ਤੁਸੀਂ ਇਹ ਵਿਸ਼ਵਾਸ਼ ਕਰਦੇ ਹੋ?[ਸੰਗਤ ਆਖਦੀ ਹੈ, "ਆਮੀਨ। "] ਸਰਵ ਗਿਆਨ ਦਾ ਅਰਥ ਹੁੰਦਾ ਹੈ, "ਉਹ ਜੋ ਸੱਭ ਕੁਝ ਜਾਣਦਾ ਹੈ। " ਉਹ ਅਨੰਤ ਹੋਣ ਤੋਂ ਬਿਨਾਂ ਸਰਵ ਗਿਆਨੀਂ ਨਹੀਂ ਹੋ ਸੱਕਦਾ ਹੈ। ਵੇਖੋ ਕਦੇ ਵੀ ਕੁਝ ਵੀ ਅਜਿਹਾ ਨਹੀਂ ਸੀ ਜੋ ਉਹ ਨਹੀਂ ਜਾਣਦਾ ਸੀ, ਬਲਕਿ ਸਿਰਫ ਉਹ ਹੀ ਸੀ ਜੋ ਇਹਨੂੰ ਜਾਣਦਾ ਸੀ। ਉਹ ਉਸ ਹਰੇਕ ਪਿੱਸੂ ਦੇ ਬਾਰੇ ਵਿੱਚ ਜਾਣਦਾ ਹੈ ਜੋ ਕਦੇ ਵੀ ਧਰਤੀ ਤੇ ਹੋਵੇਗਾ ਅਤੇ ਉਹ ਜਾਣਦਾ ਹੈ ਕਿ ਉਹ ਕਿੰਨੀ ਵਾਰ ਆਪਣੀ ਅੱਖ ਝਮੱਕੇਗਾ ਅਤੇ ਉਹ ਕਿੰਨੀ ਚਰਬੀ ਬਣਾਏਗਾ ਅਤੇ ਉਹ ਮਿਲ ਕੇ ਕਿੰਨੀ ਚਰਬੀ ਬਣਾਉਣਗੇ। ਉਹ ਉਸ ਹਰੇਕ ਸਾਹ ਦੇ ਬਾਰੇ ਵਿੱਚ ਜਾਣਦਾ ਹੈ ਜਿਹੜਾ ਤੁਸੀਂ ਲਵੋਂਗੇ ਅਤੇ ਉਹ ਜਾਣਦਾ ਹੈ ਕਿ ਇਹ ਸਾਹ ਤੁਹਾਡੇ ਫੇਫੜਿਆਂ ਵਿੱਚ ਕਿੰਨੀ ਡੂੰਘਾਈ ਤੱਕ ਜਾਵੇਗਾ। ਉਹ ਅਨੰਤ ਹੈ।

186 ਹੁਣ ਜੇ ਉਹ ਅਨੰਤ ਹੈ ਇਹ ਹੀ ਉਸਨੂੰ ਸਰਵ ਗਿਆਨੀ ਬਣਾਉਂਦਾ ਹੈ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ,"ਆਮੀਨ। "-ਸੰਪਾ] ਅਤੇ ਉਸਦਾ ਸਰਵ-ਗਿਆਨੀ ਹੋਣਾ ਹੀ ਉਸਨੂੰ ਸਰਵ-ਵਿਆਪੀ ਬਣਾਉਂਦਾ ਹੈ, ਕਿਉਂਕਿ ਉਹ ਪਲ,ਮਿੰਟ,ਘੰਟਿਆਂ ਅਤੇ ਇੱਕ ਸੈਕਿੰਡ ਦੇ ਪਚਾਨਵੇਂ ਹਜ਼ਾਰ ਟੁਕੜਿਆਂ ਨੂੰ ਵੀ ਜਾਣਦਾ ਹੈ ਕਿ ਇਹ ਕਦ ਵਾਪਰਨ ਜਾ ਰਿਹਾ ਹੈ। ਸਮਝੇ? ਕੀ ਹੁਣ ਤੁਸੀਂ ਇਸ ਵਿਚਾਰ ਨੂੰ ਸਮਝ ਗਏ ਹੋ? [ਸੰਗਤ ਆਖਦੀ ਹੈ, "ਆਮੀਨ। "] ਫਿਰ ਇਹ ਹੈ ਕਿ ਉਹ ਸੱਭ ਕੁਝ ਜਾਣਦਾ ਹੈ। ਅਤੇ ਇਹ ਹੀ ਕਾਰਨ ਹੈ ਕਿ ਉਸਦੇ ਕੋਲ ਸਾਰੀ ਸ਼ਕਤੀ ਹੈ, ਉਹ ਸੱਭ ਕੁਝ ਜਾਣਦਾ ਹੈ ਅਤੇ ਸੱਭ ਕੁਝ ਕਰ ਸੱਕਦਾ ਹੈ।

187 ਹੁਣ ਆਓ ਇਸਨੂੰ ਵੇਖੀਏ। ਹੁਣ, "ਅਤੇ ਉਹ ਸਾਰੇ ਬੱਚੇ ਜਿਹਨਾਂ ਨੂੰ ਪ੍ਰਮੇਸ਼ੁਰ ਨੇ ......ਹਰੇਕ ਉਹ ਜਿਹਨੂੰ ਪ੍ਰਮੇਸ਼ੁਰ ਨੇ .....ਕਦ ਉਹ .....ਹੁਣ, ਯਾਦ ਰੱਖੋ ਕਿ ਯਿਸੂ ਕਦ ......ਹੋਇਆ ਸੀ ......ਬਾਈਬਲ ਕਹਿੰਦੀ ਹੈ ..........



ਜਿਹੜੀ ਤੁਸੀਂ ਨਹੀਂ ਜਾਣਦੇ ਹੋ ਉਹ ਇੱਕ ਨਬੀ ਤੋਂ ਵੀ ਵੱਧ ਕੇ ਸੀ। ਉਹ ਨਬੀ ਨਾਲੋਂ ਵੀ ਵੱਧਕੇ ਸੀ। ਜੇ ਤੁਸੀਂ ਇਹ ਕਬੂਲ ਕਰ ਸੱਕਦੇ ਹੋ ਤਾਂ ਇਹ ਉਹ ਹੀ ਹੈ ਜਿਹਦੇ ਬਾਰੇ ਵਿੱਚ ਬਾਈਬਲ ਵਿੱਚ --ਮਲਾਕੀ 3 ਬਾਬ ਵਿੱਚ ਕਿਹਾ ਗਿਆ ਹੈ, "ਮੈਂ ਆਪਣੇ ਦੂਤ ਨੂੰ ਆਪਣੇ ਅੱਗੇ ਭੇਜਦਾ ਹਾਂ, ਅਤੇ ਉਹ ਮੇਰੇ ਅੱਗੇ ਮੇਰਾ ਰਾਹ ਤਿਆਰ ਕਰੇਗਾ। " ਸਮਝ ਲੱਗੀ?

264 ਅਤੇ ਉਹ ਇਸ ਗੱਲ ਨੂੰ ਨਹੀਂ ਸਮਝੇ ਸਨ। ਇੱਥੋਂ ਤੱਕ ਕਿ ਚੇਲਿਆਂ ਨੂੰ ਵੀ ਇਹਦੀ ਸਮਝ ਨਹੀਂ ਆਈ ਸੀ। ਇਹ ਠੀਕ ਹੈ। ਹੇ ਮੇਰੇ ਖੁਦਾ !ਸਾਦਗੀ !ਤੁਸੀਂ ਹਲੀਮ ਬਣੋ। ਤੁਸੀਂ ਬਸ ਹਲੀਮ ਹੁੰਦੇ ਜਾਓ ....ਜਦ ਖੁਦਾ ਕਿਸੇ ਵੱਡੀ ਗੱਲ ਦਾ ਵਾਅਦਾ ਕਰਦਾ ਹੈ ਤਾਂ ਉਹ ਉਸਦੀ ਨਿਗਾਹ ਵਿੱਚ ਵੱਡੀ ਹੀ ਗੱਲ ਹੁੰਦੀ ਹੈ।

265 ਹੁਣ, ਜੇ ਤੁਸੀਂ ਇਹਨੂੰ ਆਪਣੇ ਦਿਮਾਗ ਵਿੱਚ ਹਮੇਸ਼ਾਂ ਰੱਖਣਾ ਚਾਹੁੰਦੇ ਹੋ ......ਮੈਂ ਤੁਹਾਥੋਂ ਇਹ ਚਾਹੁੰਦਾ ਹਾਂ ਕਿ ਇਹਨੂੰ ਤੁਸੀਂ ਅਪਣੇ ਦਿਮਾਗ ਵਿੱਚ ਰੱਖਣਾ। ਅਤੇ ਜਦੋਂ ਇਹ ਵਾਪਰਦਾ ਹੈ ਤਾਂ ਤੁਸੀਂ ਇਹਨੂੰ ਬਦਲ ਸੱਕਦੇ ਹੋ। ਤੁਸੀਂ ਹੇਠਾਂ ਪਹੁੰਚਦੇ ਹੋ ਅਤੇ ਇਨ੍ਹਾਂ ਬਸੰਤੀ ਫੁੱਲਾਂ ਵਿੱਚੋਂ ਜੋ ਕਿ ਇਸ ਸਾਲ ਖਿੜ ਰਹੇ ਹਨ ਕੋਈ ਇੱਕ ਫੁੱਲ ਲੈ ਲੈਂਦੇ ਹੋ ਜਾਂ ਘਾਹ ਦੀ ਸਧਾਰਨ ਜਿਹੀ ਕੋਈ ਤਿੜ ਲੈਂਦੇ ਹੋ ਅਤੇ ਉਸਨੂੰ ਆਪਣੇ ਹੱਥ ਵਿੱਚ ਫੜ ਲੈਂਦੇ ਹੋ ਅਤੇ ਕਹਿੰਦੇ ਹੋ, "ਹੁਣ ਮੈਂ ਇਹਨੂੰ ਫੜ੍ਹਨ ਜਾ ਰਿਹਾ ਹਾਂ ਅਰ ਵੇਖੋ ਇਹ ਕੁਝ ਅਜਿਹੀ ਚੀਜ਼ ਹੈ ਜੋ ਬੜੀ ਹੀ ਸਧਾਰਨ ਹੈ, ਕਿਸੇ ਸਧਾਰਨ ਜਿਹੀ ਚੀਜ਼ ਨੇ ਇਸਨੂੰ ਬਣਾਇਆ ਹੈ। ਅਤੇ ਮੈਂ ਉਸ ਦਿਮਾਗ ਨੂੰ ਵੇਖਣਾ ਚਾਹੁੰਦਾ ਹਾਂ ਜੋ ਚੰਦ ਤੇ ਰਾੱਕਟ ਭੇਜ ਸੱਕਦਾ ਹੈ। " ਵੇਖੋ ਘਾਹ ਦੀ ਉਸ ਤਿੜ ਅੰਦਰ ਜੀਵਨ ਹੁੰਦਾ ਹੈ । ਪਰ ਇੰਨਾ ਹਲੀਮ ਅਤੇ ਸਾਦਾ ਹੁੰਦਾ ਹੈ .......

266 ਤੁਸੀਂ ਵੇਖੋ, ਜੇ ਕੋਈ ਮਨੁੱਖ ਬਹੁਤ ਵੱਡਾ ਹੈ ਤਾਂ ਠੀਕ ਹੈ, ਪ੍ਰੰਤੂ ਜੇ ਇੰਨਾ ਵੱਡਾ ਹੈ ਕਿ ਉਹ ਲੋੜ ਪੈਣ ਅਨੁਸਾਰ ਸਾਦਾ ਬਣ ਸੱਕਦਾ ਹੈ ਤਾਂ ਉਹ ਖੁਦਾ ਨੂੰ ਲੱਭ ਸੱਕਦਾ ਹੈ। ਪ੍ਰੰਤੂ ਜੇ ਉਹ ਸਾਦਾ ਨਹੀਂ ਬਣ ਸੱਕਦਾ ਹੈ ਤਾਂ ਉਹ ਕਦੇ ਵੀ ਪ੍ਰਮੇਸ਼ੁਰ ਨੂੰ ਨਹੀਂ ਵੇਖੇਗਾ। ਇਸ ਲਈ ਤੁਹਾਨੂੰ ਹਲੀਮ ਅਥਵਾ ਸਾਦਾ ਬਣਨਾ ਚਾਹੀਦਾ ਹੈ। ਹੁਣ, ਆਇਤ ........

## 23. (ੳ) ਪ੍ਰਕਾਸ਼ ਦੀ ਪੋਥੀ 5:9 ਵਿੱਚ ਜਿਹੜੇ ਗਾਉਂਦੇ ਹਨ ...ਜਦ ਲੇਲਾ ਉਸ ਪੋਥੀ ਨੂੰ ਲੈ ਲੈਂਦਾ ਹੈ ਤਾਂ ਜਿਹੜੇ ਗੀਤ ਗਾਉਂਦੇ ਹਨ ਉਹ ਕੌਣ ਹਨ?ਕੀ ਉਹ ਸੁਰਗ ਤੇ ਉਠਾਏ ਗਏ ਸੰਤ ਹਨ ?

267 ਨਹੀਂ ਜੀ। ਪ੍ਰਕਾਸ਼ ਦੀ ਪੋਥੀ 6 .....ਨਹੀਂ ਅਸਲ ਵਿੱਚ 5 ਦੀ 9 . ਜੇ ਤੁਸੀਂ ਧਿਆਨ ਦਿਓ ਤਾਂ ਇਹ ਸੰਤ ਨਹੀਂ ਹਨ। ਉਸਨੇ ਹਾਲੇ ਆਪਣੀ ਮਲਕੀਅਤ ਦਾ ਦਾਅਵਾ ਨਹੀਂ ਕੀਤਾ ਹੈ। ਸਮਝੇ?ਇਹ ਸੰਤ ਨਹੀਂ ਹਨ। ਜੇ ਤੁਸੀਂ ਧਿਆਨ ਦਿਓ ਤਾਂ ਇਹ ਬਜ਼ੁਰਗ ਅਤੇ ਜੰਤੂ ਹਨ ਅਤੇ ਇਹ ਹੀ ਇੱਥੇ ਗੀਤ ਗਾਉਂਦੇ ਹਨ।

268 ਆਓ ਇਸਨੂੰ ਪੜ੍ਹੀਏ, ਜਿਹਦੇ ਨਾਲ ਉਹ ਵਿਅਕਤੀ ......ਅਰ ਫਿਰ ਮੈਂ ਇਹ ਕਰਨ ਦੀ ਕੋਸ਼ਿਸ਼ ਕਰਨ ਜਾ ਰਿਹਾ ਹਾਂ ......ਮੇਰੇ ਕੋਲ ਇੱਥੇ ਲੱਗ-ਭੱਗ ਅੱਧੀ ਦਰਜਨ ਹੋਰ ਪ੍ਰਸ਼ਨ ਹਨ ਅਤੇ ਮੈਂ ਸੋਚਦਾ ਹਾਂ ਕਿ ਮੈਂ ਉਨਾਂ ਦਾ ਕੁਝ ਹੀ ਮਿੰਟਾਂ ਵਿੱਚ ਜਵਾਬ ਦੇ ਸੱਕਦਾ ਹਾਂ। ਆਓ ਅਸੀਂ ਪ੍ਰਕਾਸ਼

ਨੂੰ ਕਹਿਣਾ ਕਿ ਜਦ ਉਹ ਜੇਲ ਵਿੱਚ ਹੈ ਕਿ ਉਹ ਮੇਰਾ ਕਰਕੇ ਕਿਸ ਤਰ੍ਹਾਂ ਜੇਲ ਵਿੱਚ ਰਹੇ। " ਸਮਝੇ? ਨਹੀਂ ਜੀ। ਉਸਨੇ ਇਸ ਤਰ੍ਹਾਂ ਨਹੀਂ ਕਿਹਾ ਸੀ।

258 ਉਸਨੇ ਇਹ ਨਹੀਂ ਕਿਹਾ ਸੀ, ਤੁਸੀਂ ਜਾ ਕੇ ਯੂਹੰਨਾ ਨੂੰ ਕਹੋ ਕਿ ਇਸ ਤੋਂ ਪਹਿਲਾਂ ਕਿ ਉਹ ਬਾਹਰ ਨਿੱਕਲ ਕੇ ਆਏ ਉਹ ਆਪਣੀ ਪੀ.ਐਚ.ਡੀ ਦੀ ਡਿਗਰੀ ਲੈ ਲਵੇ। " ਵੇਖਿਆ? ਜੇ ਉਸਨੇ ਪੀ. ਐਚ .ਡੀ ਦੀ ਡਿਗਰੀ ਲੈ ਲਈ ਹੁੰਦੀ ਤਾਂ ਉਹ ਵੀ ਉਨ੍ਹਾਂ ਬਾਕੀ ਲੋਕਾਂ ਦੇ ਨਾਲ ਹੁੰਦਾ, ਉਹ ਵੀ ਰੱਦ ਕਰਨ ਵਾਲਾ ਹੁੰਦਾ। ਯੂਹੰਨਾ ਇਮਾਨਦਾਰ ਸੀ ਅਤੇ ਉਸਨੇ ਪ੍ਰਸ਼ਨ ਪੁੱਛਿਆ ਸੀ।

259 ਅਤੇ ਉਸਨੇ ਕਿਹਾ ਸੀ, "ਤੁਸੀਂ ਤਦ ਤੱਕ ਇੱਥੇ ਹੀ ਰੁਕੇ ਰਹੋ ਜਦ ਤੱਕ ਕਿ ਇਹ ਸੰਗਤੀ ਸਮਾਪਤ ਨਹੀਂ ਹੋ ਜਾਂਦੀ ਹੈ, ਅਤੇ ਫਿਰ ਜਾ ਕੇ ਯੂਹੰਨਾ ਨੂੰ ਇਹ ਦੱਸਣਾ ਜੋ ਹੋ ਰਿਹਾ ਹੈ,ਤਦ ਉਸਨੂੰ ਪਤਾ ਲੱਗ ਜਾਵੇਗਾ। ਜੇ ਤੁਸੀਂ ਉਸਨੂੰ ਦੱਸੋਗੇ ਕਿ ਕੀ ਵਾਪਰ ਰਿਹਾ ਹੈ ਤਾਂ ਉਹਨੂੰ ਪਤਾ ਲੱਗ ਜਾਵੇਗਾ। ਸਮਝੇ? ਵੇਖਿਆ? " ਬਸ ਜਾ ਕੇ ਉਸਨੂੰ .....ਉਸਨੂੰ ਦੱਸ ਦਿਓ। ਜਾ ਕੇ ਉਸ ਨੂੰ ਇਹ ਦੱਸੋ ....ਜੇਲ ਵਿੱਚ ਹੈ ਅਤੇ ਉਹ ਇੱਥੇ ਨਹੀਂ ਆ ਸੱਕਦਾ ਹੈ। ਪ੍ਰੰਤੂ ਤੁਸੀਂ ਤਾਂ ਸੰਗਤ ਵਿੱਚ ਬੈਠੇ ਹੋ ਅਤੇ ਤੁਸੀਂ ਤਾਂ ਵੇਖਿਆ ਹੈ ਕਿ ਕੀ ਹੋ ਰਿਹਾ ਹੈ। ਤੁਸੀਂ ਜਾ ਕੇ ਉਸਨੂੰ ਦੱਸ ਦਿਓ। " ਇਸ ਲਈ ਚੇਲਿਆਂ ਨੇ ਕਿਹਾ, "ਸੁਆਮੀ ਜੀ, ਬਹੁਤ ਵਧੀਆ । "

260 ਅਤੇ ਉਹ ਉੱਪਰ ਪਹਾੜ ਤੇ ਗਏ । ਪ੍ਰਭੂ ਯਿਸੂ ਚੱਟਾਨ ਤੇ ਬੈਠ ਗਿਆ ਅਤੇ ਉਨ੍ਹਾਂ ਨੂੰ ਤਦ ਤੱਕ ਵੇਖਦਾ ਰਿਹਾ ਜਦ ਤੱਕ ਕਿ ਉਹ ਪਾਰ ਨਾ ਚਲੇ ਗਏ ਅਤੇ ਪਹਾੜ ਦੇ ਉੱਤੇ ਨਾ ਚਲੇ ਗਏ।

261 ਇਸ ਤੋਂ ਬਾਦ ਉਹ ਸੰਗਤ ਵੱਲ ਮੁੜਿਆ ਅਤੇ ਕਿਹਾ, " ਯੂਹੰਨਾ ਦੇ ਸਮੇਂ ਤੁਸੀਂ ਕੀ ਵੇਖਣ ਗਏ ਸੀ?" ਕਿਹਾ, ਤੁਸੀਂ ਉੱਥੇ ਕੀ ਵੇਖਣ ਲਈ ਗਏ ਸੀ?ਕੀ ਤੁਸੀਂ ਉਸ ਮਨੁੱਖ ਨੂੰ ਵੇਖਣ ਗਏ ਸੀ ਜਿਹਦੇ ਕਾੱਲਰ ਮੁੜੇ ਹੋਏ ਹੁੰਦੇ ਹਨ ਅਤੇ ਉਹਨੇ ਨਰਮ ਕੱਪੜੇ ਪਹਿਨੇ ਹੋਏ ਹਨ,ਅਤੇ ਬਹੁਤ ਹੀ ਹੁਸ਼ਿਆਰ ਅਤੇ ਪੜ੍ਹਿਆ ਲਿਖਿਆ ਹੈ। ਕੀ ਤੁਸੀਂ ਇਸ ਤਰ੍ਹਾਂ ਦੇ ਆਦਮੀ ਨੂੰ ਵੇਖਣ ਗਏ ਸੀ? ਕਿਹਾ, "ਨਹੀਂ । ਤੁਸੀਂ ਜਾਣਦੇ ਹੋ ਉਹ ਕਿਸ ਤਰ੍ਹਾਂ ਦੇ ਹੁੰਦੇ ਹਨ? ਉਹ ਬੱਚਿਆਂ ਨੂੰ ਚੁੰਮਦੇ ਹਨ ਅਤੇ ਤੁਹਾਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਲੋਕ ਤਾਂ ਰਾਜ ਮਹਿਲਾਂ ਵਿੱਚ ਕੰਮ ਕਰਦੇ ਹਨ। ਉਹ .....ਉਹ ਯੂਹੰਨਾ ਤਾਂ ਇਸ ਤਰ੍ਹਾਂ ਆਦਮੀ ਨਹੀਂ ਸੀ। "

262 ਕਿਹਾ, "ਚੰਗਾ, ਫਿਰ ਤੁਸੀਂ ਕੀ ਵੇਖਣ ਗਏ ਸੀ?ਕੀ ਤੁਸੀਂ ਇੱਕ ਇਸ ਤਰ੍ਹਾਂ ਦੇ ਆਦਮੀ ਨੂੰ ਵੇਖਣ ਗਏ ਸੀ ਜਿਹਨੂੰ ਇੱਕ ਸੇਵਕਾਈ ਦਿੱਤੀ ਗਏ ਹੈ, ਅਤੇ ਉਹ ਇਸਨੂੰ ਕਿਸੇ ਮਿਸ਼ਨ ਜਾਂ ਕਿਸੇ ਇਸੇ ਤਰ੍ਹਾਂ ਦੀ ਥਾਂ ਤੇ ਟਿਕਾ ਦੇਵੇਗਾ? ਹਰੇਕ ਚੀਜ਼ ਨਾਲ ਹਿਲਦਾ ......ਤਦ ਤਾਂ ਜੇ ਵੱਨਨੈਸ ਮਿਸ਼ਨ ਉਸਨੂੰ ਨਹੀਂ ਚਾਹੁੰਦੀ ਹੈ ਤਾਂ ਉਹ ਤਸਲੀਸ ਮਿਸ਼ਨ ਵਿੱਚ ਚਲਾ ਜਾਵੇਗਾ?ਅਤੇ ਜੇ ਤਸਲੀਸ ਮਿਸ਼ਨ ਉਸਨੂੰ ਨਹੀਂ ਚਾਹੁੰਦੀ ਤਾਂ ਉਹ ਚਰਚ ਆੱਫ ਗਾੱਡ ਮਿਸ਼ਨ ਵਿੱਚ ਚਲਾ ਜਾਵੇਗਾ ਜਾਂ ਕਿਤੇ ਵੀ ਚਲਾ ਜਾਵੇਗਾ? ਕੀ ਤੁਸੀਂ ਇਸ ਤਰ੍ਹਾਂ ਦੇ ਕਿਸੇ ਆਦਮੀ ਨੂੰ ਵੇਖਣ ਗਏ ਸੀ? ਔਹ, ਨਹੀਂ। ਯੂਹੰਨਾ ਨਹੀਂ।

263 ਉਸਨੇ ਕਿਹਾ, "ਫਿਰ ਤੁਸੀਂ ਕੀ ਵੇਖਣ ਗਏ ਸੀ?ਕੀ ਇੱਕ ਨਬੀ ਨੂੰ?" ਉਸਨੇ ਕਿਹਾ, ਮੈਂ ਤੁਹਾਨੂੰ ਆਖਦਾ ਹਾਂ ਕਿ ਇਹ ਸੱਚ ਹੈ। ਪ੍ਰੰਤੂ ਮੈਂ ਤੁਹਾਨੂੰ ਇੱਕ ਐਸੀ ਗੱਲ ਦੱਸਣ ਜਾ ਰਿਹਾ ਹਾਂ



188 ਹੁਣ ਅਸੀਂ ਜਾਣਦੇ ਹਾਂ ਕਿ ਪ੍ਰਭੂ ਯਿਸੂ ਨੂੰ 30 ਈਸਵੀ ਵਿੱਚ ਮਾਰਿਆ ਗਿਆ ਸੀ । ਕੀ ਇਹ ਠੀਕ ਹੈ? ਮੇਰਾ ਅੰਦਾਜ਼ਾ ਹੈ ਕਿ ਇਹ 30 ਈਸਵੀ ਸਾਲ ਦਾ ਲੱਗ ਭੱਗ ਅੱਧ ਸੀ ਜਦ ਉਹ ਮਾਰਿਆ ਗਿਆ ਸੀ।

189 ਹੁਣ, ਪ੍ਰੰਤੂ ਬਾਈਬਲ ਆਖਦੀ ਹੈ ਕਿ ਜਗਤ ਦੀ ਉਤਪਤੀ ਹੋਣ ਤੋਂ ਪਹਿਲਾਂ ਹੀ ਲੇਲਾ ਕੋਹਿਆ ਗਿਆ ਸੀ। ਅਤੇ ਤੁਹਾਡਾ ਨਾਮ .....ਜਦ ਲੇਲੇ ਦੀ ਪੋਥੀ ....ਜਦੋਂ ਲੇਲਾ ਇਸ ਪੋਥੀ ਨੂੰ ਛੁਡਾਉਣ ਲਈ ਕੋਹਿਆ ਗਿਆ ......ਹੁਣ ਇੱਥੇ ਇੱਕ ਬਹੁਤ ਵੱਡੀ ਗੱਲ ਹੈ। ਹੋ ਸੱਕਦਾ ਹੈ ਕਿ ਉਤੇਜਨਾ ਪੈਦਾ ਕਰ ਦੇਵੇ। ਵੇਖੋ। ਜਦ-ਜਦ ਲੇਲਾ ...ਹੁਣ ਤੁਸੀਂ ਰੱਖਣਾ ਕਿ ਬਾਈਬਲ ਕਹਿੰਦੀ ਹੈ ਕਿ ਲੇਲੇ ਦੇ ਜੀਵਨ ਦੀ ਪੋਥੀ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲਿਖ ਦਿੱਤੀ ਗਈ ਸੀ। ਅਤੇ ਤੁਹਾਡਾ ਨਾਮ ਉਸ ਪੋਥੀ ਵਿੱਚ ਉਸ ਵੇਲੇ ਲਿਖਿਆ ਗਿਆ ਜਦੋਂ ਲੇਲਾ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਉਹਨਾਂ ਸਭਨਾਂ ਨਾਮਾਂ ਨੂੰ ਜੋ ਉਸ ਪੋਥੀ ਵਿੱਚ ਲਿਖੇ ਗਏ ਸਨ, ਛੁਡਾਉਣ ਲਈ ਕੋਹਿਆ ਗਿਆ ਸੀ। ਸਮਝੇ?ਕੀ ਤੁਸੀਂ ਹੁਣ ਇਸਨੂੰ ਸਮਝ ਗਏ ਹੋ?

190 ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜਿਹੜੀ ਬਿਵਸਥਾ ਵਿੱਚ ਨਾ ਹੋਵੇ। ਇਹ ਤਾਂ ਖੁਦਾ ਦੇ ਇੱਕ ਵੱਡੇ ਟਾਇਮ ਪੀਸ ਵਾਂਗ ਕੰਮ ਕਰ ਰਿਹਾ ਹੈ, ਇਹ ਤਾਂ ਉਸ ਘੜੀ ਵਾਂਗ ਬਿਲਕੁੱਲ ਠੀਕ-ਠੀਕ ਕੰਮ ਕਰ ਰਿਹਾ ਹੈ ਜੋ ਚਾਰੇ ਪਾਸੇ ਚਕਰ ਲਗਾ ਰਹੀ ਹੈ। ਤੁਹਾਡਾ ਨਾਮ ਤਾਂ ਉਸ ਵਿੱਚ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ ਜਦੋਂ ਲੇਲਾ ਉਸਨੂੰ ਜੋ ਉਸ ਪੋਥੀ ਵਿੱਚ ਸੀ ਛੁਡਾਉਣ ਲਈ ਕੋਹਿਆ ਗਿਆ । ਅਤੇ ਹੁਣ ਉਹ ਅੱਗੇ ਆਉਂਦਾ ਹੈ ਅਤੇ ਉਸ ਪੋਥੀ ਨੂੰ ਲੈ ਲੈਂਦਾ ਹੈ ਤਾਂ ਕਿ ਆਪਣੇ ਛੁਡਾਇਆਂ ਦਾ ਦਾਵਾ ਕਰੇ। ਮੈਂ ਇਸੇ ਹੀ ਗੱਲ ਤੇ ਸ਼ੁਰੂ ਨਹੀਂ ਹੋ ਜਾਣਾ ਚਾਹੁੰਦਾ ਹਾਂ ਕਿਉਂਕਿ ਫਿਰ ਤਾਂ ਅਸੀਂ ਅੱਜ ਹੋਰ ਦੂਜੇ ਪ੍ਰਸ਼ਨਾਂ ਦਾ ਕਦੇ ਵੀ ਉੱਤਰ ਨਹੀਂ ਦੇ ਸਕਾਂਗੇ। ਠੀਕ ਹੈ। ਅਗਲਾ ਪ੍ਰਸ਼ਨ ਹੈ ।

## 13. ਕੀ ਨਰਕ ਅਤੇ ਉਹ ਝੀਲ ਜੋ ਅੱਗ ਅਤੇ ਗੰਧਕ ਨਾਲ ਬਲਦੀ ਹੈ, ਇੱਕ ਹੀ ਹੈ?

191 ਜੀ ਨਹੀਂ । ਮੈਂ ਸੋਚਦਾ ਹਾਂ ਕਿ ਬਾਈਬਲ ਵਿੱਚ ਨਰਕ ਦਾ ਅਨੁਵਾਦ ......ਹੁਣ,ਇੱਥੇ ਬਾਈਬਲ ਦੇ ਕਈ ਵਿਦਵਾਨ ਬੈਠੇ ਹੋਏ ਹਨ,ਅਤੇ ਮੈਂ ਉਨ੍ਹਾਂ ਨੂੰ ਆਦਰ ਦੇਣਾ ਚਹੁੰਦਾ ਹਾਂ । ਸਾਡੇ ਭਾਈ ਆਈਵਰਸਨ ਇੱਥੇ ਬੈਠੇ ਹੋਏ ਹਨ ਅਤੇ ਭਾਈ ਲੀ ਵੇਲ ਅਤੇ ਉਹ ਦੂਸਰੇ ਭਾਈ ਜੋ ਅਸਲ ਵਿੱਚ ਬਾਈਬਲ ਨੂੰ ਜਾਨਣ ਵਾਲੇ ਹਨ ਇੱਥੇ ਬੈਠੇ ਹੋਏ ਹਨ। ਹੇਡਸ (HADES ) ਦਾ ਅਰਥ ਕਬਰ (GRAVE) ਹੁੰਦਾ ਹੈ। ਕੀ ਇਹ ਠੀਕ ਹੈ? ਇਹ ਕਬਰ ਲਈ ਗ੍ਰੀਕ ਸ਼ਬਦ ਹੈ। ਪਰ ਅੱਗ ਦੀ ਝੀਲ ਕੁਝ ਹੋਰ ਹੈ ਕਿਉਂਕਿ ਪ੍ਰਕਾਸ਼ ਦੀ ਪੋਥੀ ਵਿੱਚ ਇਹ ਕਿਹਾ ਗਿਆ ਹੈ ਕਿ "ਕਬਰ ਅਤੇ ਸੱਭ ਕੁਝ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ। " ਸਮਝੇ? ਠੀਕ ਹੈ। ਹੁਣ ਆਓ ਅਸੀਂ ਇਸ ਸਵਾਲ ਨੂੰ ਵੇਖੀਏ।

## 14. ਕੀ ਇਸ ਤਰ੍ਹਾਂ ਨਹੀਂ ਹੈ-ਕੀ ਨਰਕ ਅਤੇ ਅੱਗ ਦੀ ਝੀਲ ਅਨੰਤ ਹੈ?

192 ਜੀ ਨਹੀਂ, ਸ਼੍ਰੀਮਾਨ । ਨਹੀਂ ਜੀ ਸ਼੍ਰੀਮਾਨ। ਹਰ ਇੱਕ ਉਹ ਚੀਜ਼ ਜਿਸਦੀ ਰਚਨਾ ਕੀਤੀ ਗਈ ਹੈ .....ਇਹ ਹੀ ਕਾਰਨ ਹੈ ਕਿ ਨਰਕ ਅਨੰਤ ਨਹੀਂ ਹੋ ਸੱਕਦਾ ਹੈ। ਜੇ ਕਦੇ ਵੀ ਕੋਈ ਆਦਮੀਂ

ਤੁਹਾਨੂੰ ਇਹ ਦੱਸਦਾ ਹੈ ਕਿ ਤੁਸੀਂ ਅਨੰਤ ਨਰਕ ਵਿੱਚ ਚਲੇ ਜਾਓਗੇ ਤਾਂ ਮੈਂ ਇਹਦੇ ਲਈ ਵਚਨ ਦੀ ਲਿਖਤ ਚਾਹੁੰਦਾ ਹਾਂ। ਸਮਝੇ? ਅਨੰਤ ਨਰਕ ਵਰਗੀ ਕੋਈ ਵੀ ਚੀਜ਼ ਨਹੀਂ ਹੈ।

193 ਨਰਕ ਦੀ ਰਚਨਾ ਤਾਂ ਸ਼ੈਤਾਨ ਅਤੇ ਉਸਦੇ ਦੂਤਾਂ ਲਈ ; ਮਸੀਹ ਵਿਰੋਧੀ ਲਈ,ਜੋ ਕਿ ਸ਼ੈਤਾਨ ਹੈ ;ਜੋ ਕਿ ਦੇਹਧਾਰੀ ਸ਼ੈਤਾਨ ਹੈ ਅਤੇ ਉਸਦੇ ਲੋਕਾਂ ਲਈ ਕੀਤੀ ਗਈ ਹੈ। ਇਹ ਤਾਂ ਉਸਦਾ ਵਿਨਾਸ਼ ਕਰਨ ਲਈ ਉਤਪਤ ਕੀਤਾ ਗਿਆ ਹੈ। ਅਤੇ ਕੁਝ ਵੀ ਉਹ ਜਿਹੜਾ ......ਕੁਝ ਵੀ ......

194 ਸਿਰਫ ਇੱਕ ਹੀ ਚੀਜ਼ ਹੈ, ਸਾਰੀਆਂ ਚੀਜ਼ਾਂ ਵਿੱਚੋਂ ਸਿਰਫ ਇੱਕ ਹੀ ਚੀਜ਼ ਅਨੰਤ ਹੈ, ਅਤੇ ਉਹ ਹੈ ਪ੍ਰਮੇਸ਼ੁਰ। ਇਸ ਤੋਂ ਪਹਿਲਾਂ ਕਿ ਕੋਈ ਅਣੂ ਜਾਂ ਇਲੈਕਟਰੋਨ ਸੀ, ਅਥਵਾ ਇਸ ਤੋਂ ਪਹਿਲਾਂ ਕਿ ਕੋਸਮਿਕ ਪ੍ਰਕਾਸ਼ ,ਇਲੈਕਟਰੋਨ ਜਾਂ ਜੋ ਕੁਝ ਵੀ ਸੀ, ਉਹ ਪ੍ਰਮੇਸ਼ੁਰ ਸੀ। ਉਹ ਰਚਨਹਾਰਾ ਸੀ।

195 ਅਤੇ ਸਿਰਫ ਇੱਕ ਹੀ ਤਰੀਕਾ ਹੈ ਕਿ ਤੁਹਾਡੇ ਕੋਲ ਅਨੰਤ ਜੀਵਨ ਹੋਵੇ ਕਿ ਤੁਸੀਂ ਅਨੰਤ ਜੀਵਨ ਕਬੂਲ ਕਰ ਲਵੋ। ਮੈਂ ਸੋਚਦਾ ਹਾਂ ਕਿ ਇਹ ਗਰੀਕ ਸ਼ਬਦ ਯੋਇ (ZOE) ਹੈ। ਕੀ ਇਹ ਠੀਕ ਹੈ? ਯੋਇ। ਯੋਇ। ਅਤੇ ਬਾਦ ਵਿੱਚ ਪ੍ਰਮੇਸ਼ੁਰ ਇਸੇ ਅਨੰਤ ਜੀਵਨ ਦਾ ਹਿੱਸਾ ਤੁਹਾਨੂੰ ਦਿੰਦਾ ਹੈ। ਜਿਵੇਂ ਪਿਤਾ-ਜਿਵੇਂ ਤੁਹਾਡਾ ਪਿਤਾ ਤੁਹਾਡੇ ਆਪਣੇ ਜੀਵਨ ਦਾ ਹਿੱਸਾ,ਤੁਹਾਡੀ ਮਾਂ ਦੇ ਨਾਲ ਵਿਆਹ ਦੇ ਸਬੰਧ ਸਹੁੰ ਖਾ ਕੇ ਲੈਣ ਰਾਹੀਂ ਤੁਹਾਨੂੰ ਦਿੰਦਾ ਹੈ, ਹੁਣ ਤੁਸੀਂ ਮੇਰੀ ਗੱਲ ਨੂੰ ਫੜੋ, ਅਤੇ ਉਹ ਉਸਦੇ ਰਾਹੀਂ-ਆਪਣਾ ਹਿੱਸਾ ਦੇਣ ਦੇ ਸੁੱਖ ਦੇ ਰਾਹੀਂ, ਉਹ ਆਪਣੇ ਜੀਵਨ ਦਾ ਹਿੱਸਾ ਪੁੱਤਰ ਲਈ ਦਿੰਦਾ ਹੈ। ਅਤੇ ਇਸੇ ਤਰ੍ਹਾਂ ਹੀ ਪ੍ਰਮੇਸ਼ੁਰ ਕਰਦਾ ਹੈ। ਆਪਣਾ ਭਾਗ ਦੇਣ ਦੇ ਸੁੱਖ ਵਿੱਚ ਉਹ ਆਪਣੇ ਅਨੰਤ ਜੀਵਨ ਦਾ ਭਾਗ ਆਪਣੇ ਪੁੱਤਰ ਨੂੰ ਦਿੰਦਾ ਹੈ। ਸਮਝੇ?ਅਤੇ ਫਿਰ ਤੁਸੀਂ ਉਸਦਾ ਭਾਗ ਬਣ ਜਾਂਦੇ ਹੋ ਜੋ ਕਿ ਯੋਇ ਹੈ, ਜੋ ਕਿ ਪ੍ਰਮੇਸ਼ੁਰ ਦਾ ਆਪਣਾ ਜੀਵਨ ਹੈ।

196 ਮੈਂ ਉਨ੍ਹਾਂ ਨੂੰ ਅਨੰਤ ਜੀਵਨ ਦਿਆਂਗਾ, ਉਨ੍ਹਾਂ ਨੂੰ ਮੈਂ ਅੰਤ ਦੇ ਦਿਨ ਜੀਉਂਦਾ ਉਠਾਵਾਂਗਾ। ਸਿਰਫ ਉਹ ਹੀ ਇੱਕ ਅਜਿਹੀ ਚੀਜ਼ ਹੈ ਜਿਹੜੀ .....ਉਸਦੇ ਕੋਲ ਅਨੰਤ ਜੀਵਨ ਹੈ। ਅਤੇ ਉਸ ਹੀ ਅਨੰਤ ਜੀਵਨ ਆਪਣੀ ਦੇਹ ਨੂੰ ਜਾਣਦਾ ਹੈ ਅਤੇ ਜਾਣਦਾ ਹੈ ਕਿ ਉਸਨੂੰ ਬਾਹਰ ਨਿੱਕਲ ਕੇ ਆਉਣਾ ਚਾਹੀਦਾ ਹੈ। ਇਹ ਹੋ ਸੱਕਦਾ ਹੈ ਕਿ ਉਹ .......ਉਸਦੇ ਲਈ ਇਹ ਨਹੀਂ ਹੋ ਸੱਕਦਾ ਕਿ ਉਹ ਉਥੇ ਹੀ ਪਿਆ ਰਹੇ। ਜਿਵੇਂ ਮਸੀਹ ਦਾ ਆਤਮਾ ਦੇਹ ਦੇ ਉੱਤੇ ਸੇਉਂਦਾ ਸੀ, ਜਿਵੇਂ ਪ੍ਰਮੇਸ਼ੁਰ ਦਾ ਆਤਮਾ ਮਸੀਹ ਦੇ ਉੱਪਰ ਸੇਉਂਦਾ ਸੀ, ਬਿਲਕੁੱਲ ਉਸੇ ਤਰ੍ਹਾਂ ਹੀ ਸੰਤ ਆਪਣੀ ਦੇਹ ਵਿੱਚ ਹਨ, ਉਹ ਜਾਣਦੇ ਹਨ ਕਿ ਉਹ ਉਸ ਮਹਾਨ ਦਿਨ ਦੁਬਾਰਾ ਜੀ ਉੱਠਣਗੇ।

197 ਹੁਣ ਯਾਦ ਰੱਖੋ, ਜਦੋਂ ਯਿਸੂ ਮਰਿਆ ਤਾਂ ਉਹ ਪਤਾਲ ਵਿੱਚ ਗਿਆ, ਕਿਉਂਕਿ ਉਹ ਪਾਪ ਵਿਰੋਧੀ ਸੀ ਇਸ ਲਈ ਉਸਨੇ ਉੱਥੇ ਜਾਣਾ ਸੀ। ਅਤੇ ਉਸਨੇ ਉਨ੍ਹਾਂ ਰੂਹਾਂ ਨੂੰ ਪ੍ਰਚਾਰ ਕੀਤਾ ਜਿਹੜੀਆਂ ਨਰਕ ਵਿੱਚ ਸਨ ਅਤੇ ਜਿਨ੍ਹਾਂ ਨੇ ਨੂਹ ਦੇ ਦਿਨੀਂ ਜਦ ਪ੍ਰਮੇਸ਼ੁਰ ਧੀਰਜ ਕਰ ਰਿਹਾ ਸੀ ਤੋਬਾ ਨਹੀਂ ਕੀਤੀ ਸੀ। ਕੀ ਇਹ ਸੱਚ ਹੈ?ਉਹ ਨਰਕ ਵਿੱਚ ਗਿਆ ਅਤੇ ਉਨ੍ਹਾਂ ਪ੍ਰਾਣਾਂ ਨੂੰ ਪ੍ਰਚਾਰ ਕੀਤਾ -ਪ੍ਰਮੇਸ਼ੁਰ ਨੇ ਉਨ੍ਹਾਂ ਰੂਹਾਂ ਨੂੰ ਪ੍ਰਚਾਰ ਕੀਤਾ ਜਿਹੜੀਆਂ ਉਸ ਤੋਂ ਜੁਦਾ ਸਨ। ਮੌਤ ਦਾ ਅਰਥ ਹੁੰਦਾ ਹੈ ;ਜੁਦਾਈ ਅਤੇ ਉਹ ਪ੍ਰਮੇਸ਼ੁਰ ਤੋਂ ਜੁਦਾ ਹੋ ਚੁੱਕੇ ਸਨ ਅਤੇ ਫਿਰ ਕਦੇ ਵੀ ਵਾਪਸ ਨਹੀਂ ਆ ਸੱਕਦੇ ਸਨ। ਅਤੇ ਪ੍ਰਭੂ ਯਿਸੂ ਉੱਥੇ ਗਵਾਹੀ ਦੇਣ ਗਿਆ ਕਿ ਉਹ ਹੀ ਉਹ ਸੀ ਜਿਹਦੇ ਬਾਰੇ ਵਿੱਚ ਕਿਹਾ ਗਿਆ ਹੈ -ਉਹ ਔਰਤ ਦੀ ਸੰਤਾਨ ਸੀ।



253 ਯੂਹੰਨਾ ਨੇ ਕਿਹਾ ਸੀ , " ਔਹ, ਉਹ ਕਰਨ ਜਾ ਰਿਹਾ ਹੈ। ਉਹ ਤੂੜੀ ਨੂੰ ਅਲੱਗ ਕਰਨ ਜਾ ਰਿਹਾ ਹੈ। ਉਹ ਤੂੜੀ ਨੂੰ ਦਾਣਿਆਂ ਨਾਲੋਂ ਵੱਖਰਾ ਕਰਨ ਜਾ ਰਿਹਾ ਹੈ ਅਤੇ ਉਹ ਉਸਨੂੰ ਸਾੜਨ ਜਾ ਰਿਹਾ ਹੈ। ਅਤੇ ਉਸਦੀ ਤੰਗਲੀ ਉਸਦੇ ਹੱਥ ਵਿੱਚ ਹੈ ਅਤੇ ਉਹ ਆਪਣੇ ਪਿੜ ਨੂੰ ਚੰਗੀ ਤਰ੍ਹਾਂ ਸਾਫ ਕਰਨ ਜਾ ਰਿਹਾ ਹੈ। " ਪ੍ਰੰਤੂ ਉਹ ਕੀ ਸੀ? ਛੋਟਾ ਜਿਹਾ ........

254 ਹੁਣ, ਉਨ੍ਹਾਂ ਨੇ ਤਾਂ ਇਸਦੀ ਇਸ ਤਰ੍ਹਾਂ ਤਸਵੀਰ ਬਣਾਈ ਸੀ ਕਿ (ਹੇ ਲੋਕੋ!) ਉਸਦੇ ਕੋਲ ਇੱਕ ਨੇਜਾ ਹੋਵੇਗਾ ਜਿਹੜਾ ਇੱਕ ਮੀਲ ਲੰਬਾ ਹੋਵੇਗਾ। ਉਹ ਉੱਥੇ ਫਲਸਤੀਨ ਵਿੱਚ ਉੱਪਰ ਖੜਾ ਹੋਵੇਗਾ ;ਉਹ ਬਸ ਉੱਥੇ ਉੱਪਰ ਖੜਾ ਹੋਵੇਗਾ ਅਤੇ ਬਸ .....ਇਨ੍ਹਾਂ ਚਿੱਟੇ ਬੱਦਲਾਂ ਵਿੱਚ ਕਿਸੇ ਇੱਕ ਬੱਦਲ ਤੇ ਖੜ੍ਹਾ ਹੋਵੇਗਾ ਅਤੇ ਉਹ ਇਨ੍ਹਾਂ ਸਾਰੇ ਰੋਮੀਆਂ ਨੂੰ ਇਸ ਤਰ੍ਹਾਂ ਚੁੱਕੇਗਾ ਅਤੇ ਉਨ੍ਹਾਂ ਨੂੰ ਨਰਕ ਵਿੱਚ ਸੁੱਟ ਦੇਵੇਗਾ। ਉਹ ਬਸ ਇਸੇ ਤਰ੍ਹਾਂ ਹੀ ਕਰਦਾ ਰਹੇਗਾ ਜਦ ਤੱਕ ਕਿ ਉਨ੍ਹਾਂ ਨੂੰ ਸਾਰੀਆਂ ਥਾਵਾਂ ਤੋਂ ਸੁੱਟ ਨਹੀਂ ਦਿੰਦਾ ਹੈ। "ਕਿਉਂ, ਉਹ ਤਾਂ ਬਸ ਇਸ ਤਰ੍ਹਾਂ ਦੀ ਤਸਵੀਰ ਬਣਾ ਚੁੱਕੇ ਸਨ।

ਅਤੇ ਜਦ ਉਹ ਸੀ .......ਅਤੇ ਜਦ ਉਹ ਛੋਟਾ ਲੇਲੇ ਉਨ੍ਹਾਂ ਦੇ ਵਿੱਚੋਂ ਬਾਹਰ ਨਿੱਕਲ ਕੇ ਆਉਂਦਾ ਹੈ ਤਾਂ ਉਹ ਬਹੁਤ ਹੀ ਹਲੀਮ ਅਤੇ ਦੀਨ ਹੁੰਦਾ ਹੈ ਅਤੇ ਉਸਨੂੰ ਇਸ ਪਾਸੇ ਅਤੇ ਉਸ ਪਾਸੇ ਧੱਕਾ ਮਾਰਿਆ ਜਾਂਦਾ ਹੈ।

255 ਇੱਥੋਂ ਤੱਕ ਕਿ ਯੂਹੰਨਾ ਨੇ ਵੀ ਕਿਹਾ ਸੀ .....ਹੁਣ ਤੁਸੀਂ ਯੂਹੰਨਾ ਨਬੀ ਨੂੰ ਵੇਖੋ,ਉਸਨੇ ਕਿਹਾ, "ਉਸਨੂੰ ਜਾ ਕੇ ਪੁੱਛੋ ਕਿ ਅਸਲ ਵਿੱਚ ਉਹ ਹੀ ਹੈ?" ਉਹ ਏਨਾ ਜਿਆਦਾ ਹਲੀਮ ਸੀ ਕਿ ਨਬੀ ਵੀ ਉਸਨੂੰ ਪਛਾਣ ਨਾ ਸਕਿਆ ......ਆਖਿਆ, "ਆਉਣ ਵਾਲਾ ਤੂੰ ਹੀ ਹੈਂ ਜਾਂ ਅਸੀਂ ਕਿਸੇ ਹੋਰ ਦੀ ਉਡੀਕ ਕਰੀਏ?"

256 ਹੁਣ, ਉਸਨੇ ਮੱਤੀ 11ਬਾਬ ਵਿੱਚ ਉਨ੍ਹਾਂ ਚੇਲਿਆਂ ਨੂੰ ਕਦੇ ਕੋਈ ਕਿਤਾਬ ਨਹੀਂ ਦਿੱਤੀ ਸੀ। ਉਹ ਆਉਂਦੇ ਹਨ ਅਤੇ ਉਸ ਕੋਲੋਂ ਪੁੱਛਦੇ ਹਨ । ਹੁਣ ਯੂਹੰਨਾ ਦੇ ਚੇਲੇ .......ਯੂਹੰਨਾ ਕੈਦ ਵਿੱਚ ਸੀ। ਉਹ ਇੰਨਾ ਜਿਆਦਾ ਭੁਲੇਖੇ ਵਿੱਚ ਪੈ ਗਿਆ ਕਿ ਉਹ ......ਮੇਰਾ ਵਿਸ਼ਵਾਸ਼ ਹੈ ਕਿ ਜਿਵੇਂ ਕਿ ਪੈਗੰਬਰ ਨੇ ਕਿਹਾ ਹੈ, "ਉਸ ਦੀਆਂ ਉਕਾਬੀ ਅੱਖਾਂ ਤੇ ਪਰਦਾ ਪੈ ਗਿਆ ਸੀ । " ਸਮਝੇ? ਉਹ ਸੱਕਦਾ ਸੀ ......ਉਹ ਧਰਤੀ ਤੇ ਹੇਠਾਂ ਆ ਗਿਆ ਸੀ ; ਉਹ ਹਵਾ ਵਿੱਚ ਰਿਹਾ ਸੀ। ਪ੍ਰੰਤੂ ਜਦ ਉਸਦੀ ਭਵਿੱਖਬਾਣੀ ਪੂਰੀ ਹੋ ਗਈ ਸੀ ਉਹ ਫਿਰ ਧਰਤੀ ਤੇ ਆ ਗਿਆ ਸੀ, ਕਿਉਂਕਿ ਵੇਖੋ ਕਿ ਉਸਨੂੰ ਜੇਲ ਵਿੱਚ ਸੁੱਟ ਦਿੱਤਾ ਗਿਆ ਸੀ। ਉਸਨੂੰ ਉਨਾਂ ਵੱਡੇ-ਵੱਡੇ ਖੰਭਾਂ ਦਾ ਉਪਯੋਗ ਕਰਨ ਦੀ ਹੋਰ ਲੋੜ ਨਹੀਂ ਸੀ ਇਸ ਲਈ ਉਹ ਬਸ ਹੇਠਾਂ ਲੇਟ ਗਿਆ ਸੀ। ਪ੍ਰੰਤੂ ਉਹ ਉਨ੍ਹਾਂ ਬਾਕੀ ਸਭਨਾਂ ਵਿੱਚੋਂ ਸੱਭ ਤੋਂ ਉੱਚਾ ਉੜਿਆ ਸੀ।

257 ਮੈਂ ਤੁਹਾਨੂੰ ਕੁਝ ਵਿਖਾਉਂਦਾ ਹਾਂ। ਖੁਦਾ ਨੇ ਉਸਨੂੰ ਇਸਤੇਮਾਲ ਕੀਤਾ ਸੀ। ਅਤੇ ਯਿਸੂ ਜਾਣਦਾ ਸੀ, ਕਿਉਂਕਿ ਉਹ ਪ੍ਰਮੇਸ਼ੁਰ ਦੇਹਧਾਰੀ ਹੋਇਆ ਸੀ। ਸਮਝੇ? ਉਹ ਸੀ .....ਇਸ ਲਈ ਉਸਨੇ ਕਿਹਾ .....ਉਸ਼ਨੇ ਕਿਹਾ ......ਹੁਣ, ਉਸਨੇ ਕਦੇ ਵੀ ਕੋਈ ਇਸ ਤਰ੍ਹਾਂ ਦੀ ਕਿਤਾਬ ਨਹੀਂ ਦਿੱਤੀ ਸੀ ਕਿ ਉਸਨੂੰ ਜੇਲ ਵਿੱਚ ਕਿਸ ਤਰ੍ਹਾਂ ਰਹਿਣਾ ਚਾਹੀਦਾ ਹੈ। ਉਸਨੇ ਕਿਹਾ,"ਜਰਾ ਉਡੀਕ ਕਰੋ। ਮੈਂ ਇੱਥੇ ਇੱਕ ਛੋਟਾ ਜਿਹਾ ਲੇਖ ਲਿਖਦਾ ਹਾਂ ਅਤੇ ਤੁਸੀਂ ਉਹ ਨੂੰ ਲੈ ਜਾਇਓ ਅਤੇ ਯੂਹੰਨਾ

247 ਉਨ੍ਹਾਂ ਨੇ ਕਿਹਾ, "ਇਹ ਆਦਮੀ? ਹਅਹ !ਉਹ ਕੀ ਕਹਿੰਦਾ ਹੈ? ਇਹ-ਇਹ ਕਿਹੜਾ ਸਮਾਂ ਹੈ?ਔਹ, ਅਗਿਆਨੀ ! ਠੀਕ ਸਾਡੇ ਕੋਲ ਉੱਥੇ ਭਾਈ ਜੋਨਸ ਹੈ ; ਜੇ ਕੋਈ ਇਸ ਸਮੇਂ ਵਿੱਚ ਅਜਿਹਾ ਵਿਅਕਤੀ ਹੈ ਜਿਹੜਾ ਇਸਨੂੰ ਕਰੇਗਾ ਤਾਂ ਉਹ ਹੀ ਅਜਿਹਾ ਮਨੁੱਖ ਹੈ ਜੋ ਇਸਨੂੰ ਕਰੇਗਾ। ਫਲਾਂ,ਫਲਾਂ ਬਿਸ਼ਪ ਹੀ ਇਸਨੂੰ ਕਰੇਗਾ, ਫਲਾਂ, ਫਲਾਂ ਪਵਿੱਤਰ ਫਾਦਰ ਹੀ ਇਸਨੂੰ ਕਰੇਗਾ। " ਹੇ, ਮੇਰੇ ਪ੍ਰਭ !ਸਮਝੇ?ਪ੍ਰਮੇਸ਼ੁਰ ਸਾਦਗੀ ਵਿੱਚ ਹੈ (ਵੇਖੋ?)ਪ੍ਰਮੇਸ਼ੁਰ ਸਾਦਗੀ ਵਿੱਚ ਹੀ ਕੰਮ ਕਰਦਾ ਹੈ.....

248 ਫਿਰ ਤਦ ਪਹਿਲੀ ਗੱਲ,ਤੁਹਾਨੂੰ ਪਤਾ ਹੈ ਕਿ ਇੱਕ ਦਿਨ ਉਹ ਉੱਥੇ ਹੀ ਖੜਾ ਸੀ ਅਤੇ ਉਸਨੇ ਕਿਹਾ, "ਹਾਂ,ਉਹ ਤੁਹਾਡੇ ਵਿੱਚ ਖੜਾ ਹੈ। " ਉਹ ਇੰਨਾ ਜਿਆਦਾ ਪੱਕਾ ਸੀ ਕਿ ਉਹ ਹੀ ਉਹ ਅੱਗੇ ਚੱਲਣ ਵਾਲਾ ਦੂਤ ਹੈ। ਉਹ ਜਾਣਦਾ ਸੀ ਕਿ ਉਹ ਕੌਣ ਹੈ। ਇਹੋ ਹੀ ਕਾਰਨ ਸੀ ਕਿ ਉਹ ਉਨ੍ਹਾਂ ਦੇ ਪਰਦਿਆਂ ਨੂੰ ਉਤਾਰ ਸੱਕਦਾ ਸੀ। ਉਸਨੇ ਕਿਹਾ, "ਹੁਣ ਤੁਸੀਂ ਡਰੋ ਨਾ, ਬਸ ਅੱਗੇ ਵਧੋ ਅਤੇ ਅਗਾਂਹ ਚੱਲਦੇ ਜਾਓ । ਤੁਸੀਂ ਸਿਪਾਹੀਓ, ਤੁਸੀਂ ਆਪਣੇ ਮਾਲਕਾਂ ਦੀ ਆਗਿਆਕਾਰੀ ਕਰੋ। ਅਤੇ ਜੇ ਤੁਸੀਂ ਕੁਝ ਬੁਰਾ ਕੀਤਾ ਹੈ ਤਾਂ ਤੁਸੀਂ ਉਹ ਲਓ ......"

249 ਅਸੀਂ ਕੀ ਕਰੀਏ? ਕੀ ਅਸੀਂ ਇਹ ਕਰਨਾ ਬੰਦ ਕਰ ਦਈਏ?ਕੀ ਸਾਨੂੰ ਇਸ ਤਰ੍ਹਾਂ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ?"

250 ਉਸਨੇ ਕਿਹਾ, ਤੁਸੀਂ ਜਿਸ ਤਰ੍ਹਾਂ ਹੋ ਉਸੇ ਤਰ੍ਹਾਂ ਹੀ ਆਪਣਾ ਕੰਮ ਕਰਦੇ ਰਹੋ। ਜੋ ਕਰਦੇ ਹੋ ਲਗਾਤਾਰ ਕਰਦੇ ਰਹੋ। ਅੱਗੇ ਵਧੋ ਅਤੇ ਆਪਣਾ ਕੰਮ ਕਰਦੇ ਰਹੋ; ਜੇ ਤੁਸੀਂ ਆਲੂ ਉਗਾ ਰਹੇ ਹੋ, ਉਨ੍ਹਾਂ ਨੂੰ ਉਗਾਉਂਦੇ ਰਹੋ। ਸਮਝੇ? ਤੁਸੀਂ ਸਿਪਾਹੀਓ ਤੁਸੀਂ ਹਿੰਸਾ ਨਾ ਕਰੋ, ਅਤੇ ਤੁਸੀਂ ਇਸ ਤਰ੍ਹਾਂ, ਜੋ ਕੁਝ ਵੀ ਤੁਸੀਂ ਕਰਦੇ ਹੋ ਤੁਸੀਂ ਉਸਨੂੰ ਉਸੇ ਤਰ੍ਹਾਂ ਹੀ ਕਰਦੇ ਰਹੋ ਜਿਵੇਂ ਤੁਸੀਂ ਹੋ। ਤੁਸੀਂ ਆਪਣੇ ਮਾਲਕ ਅਤੇ ਇਸੇ ਤਰ੍ਹਾਂ ਦੇ ਦੂਸਰੇ ਲੋਕਾਂ ਦੀ ਆਗਿਆ ਨੂੰ ਮੰਨੋ। "

"ਰੱਬੀ ਸਾਨੂੰ ਕੀ ਕਰਨਾ ਚਾਹੀਦਾ ਹੈ?"

251 "ਤੁਸੀਂ ਜੋ ਵੀ ਹੋ ਤੁਸੀਂ ਆਪਣਾ ਕੰਮ ਕਰਦੇ ਰਹੋ। ਪ੍ਰੰਤੂ ਤੁਹਾਡੇ ਵਿੱਚਕਾਰ ਇੱਕ ਹੈ, ਜਿਹਨੂੰ ਤੁਸੀਂ ਨਹੀਂ ਜਾਣਦੇ ਹੋ। " ਉਹ ਉਸਨੂੰ ਜਾਣਦਾ ਸੀ, ਉਹ ਆਪਣੇ ਸਮੇਂ ਦੇ ਸੰਦੇਸ਼ ਨੂੰ ਜਾਣਦਾ ਸੀ। ਉਹ ਜਾਣਦਾ ਸੀ ਕਿ ਉਸਨੇ ਉਸ ਦੀ ਪਛਾਣ ਕਰਾਉਣੀ ਹੈ। ਉਹ ਜਾਣਦਾ ਸੀ ਕਿ ਉਹ ਵਿਅਕਤੀ ਉੱਥੇ ਹੈ। " ਤੁਹਾਡੇ ਵਿੱਚਕਾਰ ਇੱਕ ਹੈ। ਤੁਸੀਂ ਉਸਨੂੰ ਨਹੀਂ ਜਾਣਦੇ ਹੋ। ਇਹ ਗੱਲਾਂ ਜਿਹੜੀਆਂ ਚੱਲ ਰਹੀਆਂ ਹਨ ਤੁਸੀਂ ਇਹਦੇ ਬਾਰੇ ਵਿੱਚ ਕੁਝ ਨਹੀਂ ਜਾਣਦੇ ਹੋ। " ਅਤੇ ਇਸੇ ਲਈ ਹੀ ਉਸਨੇ ਇਸ ਤੋਂ ਬਾਦ ਇਹ ਕਿਹਾ, ਤੁਸੀਂ ਵੇਖੋ, " ਕੁਝ ਹੋਣ ਜਾ ਰਿਹਾ ਹੈ। " ਅਤੇ ਉਹ ਇੱਥੇ ਹੋਵੇਗਾ ਅਤੇ ਮੈਂ ਉਸਨੂੰ ਜਾਣ ਜਾਵਾਂਗਾ। "

252 ਅਤੇ ਅਖੀਰ ਵਿੱਚ ਇੱਕ ਦਿਨ ਉਸਨੇ ਕਿਹਾ, "ਵੇਖੋ, ਉਹ ਉੱਥੇ ਹੈ। ਉੱਥੇ ਉਹ ਪ੍ਰਮੇਸ਼ੁਰ ਦਾ ਲੇਲਾ ਹੈ ਜੋ ਜਗਤ ਦੇ ਪਾਪ ਉਠਾ ਲੈ ਜਾਂਦਾ ਹੈ। " ਅਤੇ ਕਿਹਾ, "ਅਤੇ ਹੁਣ ਮੇਰਾ ਸਮਾਂ ਪੂਰਾ ਹੋ ਗਿਆ ਹੈ। ਮੈਂ ਤੁਹਾਡੇ ਨਾਲ ਉਸਦੀ ਪਛਾਣ ਕਰਾ ਦਿੱਤੀ ਹੈ। ਹੁਣ ਮੈਨੂੰ ਘਟਨਾ ਚਾਹੀਦਾ ਹੈ ਹੁਣ ਮੈਨੂੰ ਦ੍ਰਿਸ਼ ਤੋਂ ਹਟ ਜਾਣਾ ਚਾਹੀਦਾ ਹੈ। ਉਹ ਹੁਣ ਆਪਣਾ ਕੰਮ ਸੰਭਾਲੇਗਾ। ਹਜ਼ਾਰ ਸਾਲ ਦਾ ਰਾਜ ਸ਼ੁਰੂ ਹੋ ਜਾਵੇਗਾ । (ਸਮਝੇ?) ਸਮਾਂ ਨੇੜੇ ਹੈ। "



198 ਸੱਪ ਦਾ ਵੰਸ਼ ......ਵੇਖੋ ਸੱਪ ਦੇ ਵੰਸ਼ ਨੇ ਕੀ ਕੀਤਾ ਸੀ? ਅਖੀਰ ਵਿੱਚ ਮਸੀਹ ਵਿਰੋਧੀ "ਮੌਤ" ਪ੍ਰਮੇਸ਼ੁਰ ਤੋਂ ਜੁਦਾਈ ਦੇ ਰੂਪ ਵਿੱਚ ਲਾਲ ਘੋੜੇ ਉੱਤੇ ਆਉਂਦਾ ਹੈ। ਅਖੀਰ ਵਿੱਚ ਔਰਤ ਦੀ ਸੰਤਾਨ, ਜੀਵਨ : ਯਿਸੂ ਮਸੀਹ ਚਿੱਟੇ ਘੋੜੇ ਤੇ ਆਉਂਦਾ ਹੈ। ਸਮਝੇ? ਇਹ ਕੀ ਹੈ? ਇੱਕ ਜੋ ਹੈ, ਦੂਸਰੇ ਦੇ ਵਿਰੁੱਧ ਹੈ, ਸੱਪ ਦਾ ਵੰਸ਼, ਇਸਤਰੀ ਦੇ ਵੰਸ਼ ਦੇ ਵਿਰੁੱਧ ਹੈ। ਕੀ ਹੁਣ ਤੁਸੀਂ ਇਸਨੂੰ ਸਮਝ ਗਏ ਹੋ?ਹੋ ਸੱਕਦਾ ਤਾਂ ਅਸੀਂ ਥੋੜੀ ਦੇਰ ਹੋਰ ਇਸ 'ਤੇ ਰੁਕੇ ਰਹਿੰਦੇ। ਕੀ ਇਸ ਤਰ੍ਹਾਂ ਕਰਨਾ ਚੰਗਾ ਨਾ ਹੁੰਦਾ? ਹੁਣ ਆਓ ਅਸੀਂ ਇਸ ਪ੍ਰਸ਼ਨ ਤੇ ਰੁਕਦੇ ਹਾਂ।

## 15. ਭਾਈ ਬ੍ਰਾਨਹਾਮ, ਕੀ ਪਹਿਲੇ ਘੋੜੇ ਦਾ ਸਵਾਰ, ਪਹਿਲੀ ਮੋਹਰ ਦੂਸਰੇ ਥੱਸਲੁਨੀਕੀਆਂ ਨੂੰ, ਉਹ ਪਾਪ ਦਾ ਪੁਰਖ ਪ੍ਰਗਟ ਹੋਵੇ, ਨੂੰ ਪੂਰਾ ਕਰਦੀ ਹੈ?

199 ਹਾਂ ਜੀ,ਇਹ ਬਿਲਕੁੱਲ ਠੀਕ ਹੈ। ਉਹ ਇਹਨੂੰ ਪੂਰਾ ਕਰਦੀ ਹੈ। ਇਹ ਇੱਕ ਆਸਾਨ ਸਵਾਲ ਹੈ। ਉਹ ਇਹਨੂੰ ਪੂਰਾ ਕਰਦੀ ਹੈ। ਉਹ ਹੀ ਪਾਪ ਦਾ ਪੁਰਖ ਹੈ। ਉਹ ਇੱਕ ਹੀ ਮਨੁੱਖ ਵੱਖ-ਵੱਖ ਅਵਸਥਾਵਾਂ ਵਿੱਚ ਤਦ ਤੱਕ ਸਵਾਰ ਰਹਿੰਦਾ ਹੈ ਜਦ ਤੱਕ ਕਿ ਤੱਕ ਕਿ ਉਹ ਜਰਦ ਘੋੜੇ ਤੇ ਜੋ ਕਿ ਮੌਤ ਕਹਾਉਂਦਾ ਹੈ ਉੱਤੇ ਸਵਾਰ ਨਹੀਂ ਹੋ ਜਾਂਦਾ ਹੈ। ਮਸੀਹ ਧਾਰਮਿਕਤਾ, ਪਵਿੱਤਰੀ ਕਰਨ ਰਾਹੀਂ ਚਿੱਟੇ ਘੋੜੇ ਤੇ ਆਉਂਦਾ ਹੈ, ਅਤੇ ਇਹ ਜੀਵਨ ਲਈ ਹੈ। ਸਮਝੇ?

## 16. ਹੁਣ ਉਨ੍ਹਾਂ ਨਵਾਂ ਜਨਮ ਪਾਇਆਂ ਹੋਇਆਂ ਵਿਸ਼ਵਾਸ਼ੀਆਂ ਦਾ ਕੀ ਹੁੰਦਾ ਹੈ ਜਿਹੜੇ ਮਸੀਹ ਦੀ ਲਾੜੀ ਵਿੱਚ ਤਾਂ ਨਹੀਂ ਹਨ ਪਰ ਵੱਖ-ਵੱਖ ਮਿਸ਼ਨਾਂ ਵਿੱਚ ਹਨ?ਉਨ੍ਹਾਂ ਦਾ ਕੀ ਹੋਵੇਗਾ?

200 ਠੀਕ ਹੈ, ਮੈਂ ਸੋਚਦਾ ਹਾਂ ਕਿ ਮੈਂ ਇਸ ਗੱਲ ਨੂੰ ਥੋੜੀ ਦੇਰ ਹੀ ਪਹਿਲਾਂ ਸਮਝਾਇਆ ਹੈ। ਵੇਖਿਆ? ਉਹ ਕਸ਼ਟ ਕਾਲ ਵਿੱਚ ਚਲੇ ਜਾਣਗੇ। ਉਹ ਕਸ਼ਟ ਕਾਲ ਦੇ ਦੌਰਾਨ ਸ਼ਹੀਦ ਹੁੰਦੇ ਹਨ ਅਤੇ ਉਹ ਅੰਤ ਵਿੱਚ ਹਜ਼ਾਰ ਸਾਲ ਦੇ ਰਾਜ ਤੋਂ ਬਾਦ ਨਿਆਂ ਲਈ ਆਉਂਦੇ ਹਨ(ਸਮਝੇ?) ਕਿਉਂਕਿ ਬਾਈਬਲ ਆਖਦੀ ਹੈ ਕਿ ਬਾਕੀ ਦੇ ਜੀਉਂਦੇ ......."ਜਦ ਤੱਕ ਹਜ਼ਾਰ ਵਰ੍ਹਾ ਪੂਰਾ ਨਾ ਹੋਇਆ ਤਦ ਤੱਕ ਬਾਕੀ ਦੇ ਮੁਰਦੇ ਜੀ ਨਾ ਉੱਠੇ। " ਇਸ ਤੋਂ ਬਾਦ ਹੀ ਇੱਕ ਹੋਰ ਕਿਆਮਤ ਹੁੰਦੀ ਹੈ ਅਤੇ ਤਦ ਧਰਮੀ ਅਤੇ ਕੁਧਰਮੀਂ ਦੋਨੋਂ ਹੀ ਆਉਂਦੇ ਹਨ ਅਤੇ ਮਸੀਹ ਅਤੇ ਉਸਦੀ ਲਾੜੀ ਦੇ ਰਾਹੀਂ ਉਨ੍ਹਾਂ ਦਾ ਨਿਆਂ ਹੁੰਦਾ ਹੈ। ਉਹ ਆਪਣੇ ਲੱਖਾਂ ਹੀ ਸਵਰਗ ਦੂਤਾਂ ਦੇ ਨਾਲ ਉੱਪਰੋਂ ਧਰਤੀ 'ਤੇ ਆਉਂਦਾ ਹੈ। ਉਹ ਆਪਣੀ ਲਾੜੀ ਦੇ ਨਾਲ ਆਉਂਦਾ ਹੈ। ਕੀ ਇਹ ਠੀਕ ਹੈ?

201 ਨਿਆਂ ਦਾ ਸਿੰਘਾਸਣ ਲੱਗਾ ਹੋਇਆ ਸੀ, ਪੋਥੀਆਂ ਖੁੱਲੀਆਂ ਹੋਈਆਂ ਸਨ .....ਪੋਥੀਆਂ ਖੁੱਲ੍ਹੀਆਂ ਸਨ, ਅਤੇ ਇੱਕ ਹੋਰ ਪੋਥੀ ਖੋਲ੍ਹੀ ਗਈ ਜੋ ਕਿ ਜੀਵਨ ਦੀ ਪੋਥੀ ਸੀ। ਉਹ ਉੱਥੇ ਬੱਕਰੀਆਂ ਵਿੱਚੋਂ ਭੇਡਾਂ ਨੂੰ ਅਲੱਗ ਕਰਦਾ ਹੈ। ਕੀ ਇਹ ਠੀਕ ਹੈ? ਉਨ੍ਹਾਂ ਦਾ ਲਾੜੀ ਦੇ ਨਾਲ ਕੋਈ ਸਬੰਧ ਨਹੀਂ ਹੈ। ਉਹ ਤਾਂ ਨਿਆਂ ਵਿੱਚ ਆਪਣੀ ਰਾਣੀ ਦੇ ਨਾਲ ਖੜ੍ਹੀ ਸੀ ....... ਰਾਣੀ ਅਤੇ ਰਾਜਾ ਦੋਨੋਂ ਇਕੱਠੇ ਹੀ ਖੜ੍ਹੇ ਸਨ। ਉਹ ਆਪਣੀ ਪਤਨੀ ਦੇ ਨਾਲ ਆਉਂਦਾ ਹੈ। ਇਸ ਤੋਂ ਬਾਦ ਨਿਆਂ ਦਾ ਸਿੰਘਾਸਣ ਲੱਗਾ ਹੋਇਆ ਸੀ ਅਤੇ ਫਿਰ ਭੇਡਾਂ ਨੂੰ ਬੱਕਰੀਆਂ ਤੋਂ ਅਲੱਗ ਕੀਤਾ ਗਿਆ। ਤੁਸੀਂ ਯਾਦ ਰੱਖੋ, ਕਿਸੇ ਰਾਤ ਮੈਂ ਇਸ ਤੇ ਇੱਕ ਛੋਟਾ ਜਿਹਾ ਧਿਆਨ ਕਰਨ ਵਾਲਾ ਸੰਦੇਸ਼ ਲੈ ਕੇ ਆਇਆ ਸੀ

ਤਾਂ ਕਿ ਤੁਸੀਂ ਇਸਨੂੰ ਸਮਝ ਜਾਂਦੇ, ਕੀ ਤੁਹਾਨੂੰ ਗਵਾਲੇ ਵਾਲਾ ਉਹ ਮਨਧਿਆਨ ਕਰਨਾ ਯਾਦ ਹੈ?ਸਮਝੇ?ਤੁਸੀਂ ਉਸੇ ਹੀ ਹਾਲਤ ਵਿੱਚ ਹੋ।

202 ਨਹੀਂ ਉਹ --ਹਨ -ਜਿਹੜੇ ਲੋਕ ਮਿਸ਼ਨਾਂ ਵਿੱਚ ਹਨ, ਉਹ ਲੋਕ ਅਸਲੀ ਮਸੀਹੀ ਹਨ ਜਿਨ੍ਹਾਂ ਨੇ ਸੰਦੇਸ਼ ਕਬੂਲ ਕੀਤਾ ਹੈ ....ਅਤੇ ਉਹ ਇਸਨੂੰ ਕਦੇ ਨਹੀਂ ਵੇਖਣਗੇ। ਇਸਦਾ ਉਨ੍ਹਾਂ ਨੂੰ ਕਦੇ ਵੀ ਪ੍ਰਚਾਰ ਨਹੀਂ ਕੀਤਾ ਜਾਵੇਗਾ। ਅਤੇ ਉਨ੍ਹਾਂ ਮਿਲੇ-ਜੁਲੇ ਲੋਕਾਂ ਵਿੱਚ ਜਿਨ੍ਹਾਂ ਵਿੱਚ ਇਹ ਪ੍ਰਚਾਰ ਕੀਤਾ ਜਾਵੇਗਾ, ਇਹ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਵੇਗਾ, ਜਦ ਤੱਕ ਕਿ ਉਨ੍ਹਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਨਹੀਂ ਹਨ। ਜੀ ਹਾਂ। ਇਹ ਠੀਕ ਹੈ। ਪ੍ਰੰਤੂ ਉਹ ਭਲੇ ਲੋਕ ਹੋਣਗੇ।

203 ਅਤੇ ਉਹ ਫਿਰ ਦੁਬਾਰਾ ਜੀ ਉੱਠਣਗੇ ਅਤੇ ਉਨ੍ਹਾਂ ਦਾ ਨਿਆਂ ਹੋਵੇਗਾ ਅਤੇ ਉਨ੍ਹਾਂ ਦਾ ਨਿਆਂ ਉਨ੍ਹਾਂ ਲੋਕਾਂ ਦੇ ਰਾਹੀਂ ਹੋਵੇਗਾ ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰਚਾਰ ਕੀਤਾ ਹੈ। "ਕੀ ਤੁਸੀਂ ਨਹੀਂ ਜਾਣਦੇ ਹੋ ਕਿ ਧਰਮੀ ਲੋਕ ਧਰਤੀ ਦਾ ਨਿਆਂ ਕਰਨਗੇ?" ਉਹਨਾਂ ਨੂੰ ਪ੍ਰਚਾਰ ਕੀਤਾ ਜਾਵੇਗਾ। ਉਨ੍ਹਾਂ ਤੇ ਇਸਦਾ ਉਨ੍ਹਾਂ ਲੋਕਾਂ ਦੇ ਦੁਆਰਾ ਹੀ ਪ੍ਰਚਾਰ ਹੋਵੇਗਾ ਜੋ ਉਨ੍ਹਾਂ ਨੂੰ ਇਸ ਸੰਦੇਸ਼ ਦੀ ਗਵਾਹੀ ਦਿੰਦੇ ਹਨ, ਕਿ "ਤੁਸੀਂ ਉਨ੍ਹਾਂ ਵਿੱਚੋਂ ਬਾਹਰ ਨਿੱਕਲ ਆਓ। " ਸਮਝੇ?ਮੈਂ ਉਮੀਦ ਕਰਦਾ ਹਾਂ ਕਿ ਇਸਨੇ ਇਸ ਪ੍ਰਸ਼ਨ ਦਾ ਬਿਆਨ ਕਰ ਦਿੱਤਾ ਹੈ। ਮੇਰੇ ਕੋਲ ਇੱਥੇ ਬਹੁਤ ਸਾਰੇ ਸਵਾਲ ਹਨ ਕਿ ......

## 17. ਭਾਈ ਬ੍ਰਾਨਹਾਮ,ਕੀ ਸੱਤਵਾਂ ਦੂਤ ਜੋ ਏਲੀਯਾਹ ਦੇ ਆਤਮਾ ਵਿੱਚ ਹੈ, ਉਹ ਬਿਲਕੱਲ ਉਹ ਹੀ ਮਨੁੱਖ ਹੈ ਜਿਹੜਾ ਸੁਰਗ ਤੇ ਉਠਾਏ ਜਾਣ ਤੋਂ ਬਾਦ ਸਾਢੇ ਤਿੰਨ ਸਾਲ ਲਈ ਇੱਕ ਲੱਖ ਚਾਲੀ ਹਜ਼ਾਰ ਯਹੂਦੀਆਂ ਕੋਲ ਭੇਜਿਆ ਜਾਂਦਾ ਹੈ? ਸਾਡੇ ਵਿੱਚੋਂ ਕੁਝ ਜਣੇ ਇਸ ਬਾਰੇ ਗੜਬੜ ਵਿੱਚ ਹਨ।

204 ਜੀ ਨਹੀਂ, ਉਹ ਬਿਲਕੁੱਲ ਉਹ ਹੀ ਮਨੁੱਖ ਨਹੀਂ ਹੈ। ਇਹ ਤਾਂ ਦੋ ਵੱਖ-ਵੱਖ ਵਿਅਕਤੀ ਹਨ। ਅਲੀਸ਼ਾ ਜੋ ਕਿ ਏਲੀਯਾਹ ਦੇ ਰੂਪ ਵਿੱਚ ਆਇਆ ਸੀ ਉਹ ਏਲੀਯਾਹ ਨਹੀਂ ਸੀ। ਅਤੇ ਲਾਉਦੀਕੀਆ ਦੀ ਕਲੀਸਿਯਾ ਦੇ ਅਖੀਰ ਵਿੱਚ ਜਿਹੜਾ ਸੱਤਵਾਂ ਦੂਤ-ਸੰਦੇਸ਼ ਵਾਹਕ ਹੈ, ਉਹ ਅਸਲ ਵਿੱਚ ਬਿਲਕੁੱਲ ਉਹ ਹੀ ਏਲੀਯਾਹ ਨਹੀਂ ਹੈ । ਉਹ ਤਾਂ ਪਰਾਈਆਂ ਜਾਤੀਆਂ ਵਿੱਚੋਂ ਇੱਕ ਨਬੀ ਹੋਵੇਗਾ, ਉਹ ਤਾਂ ਆਪਣੇ ਲੋਕਾਂ ਲਈ ਦੂਤ ਹੋਵੇਗਾ।

205 ਇਸ ਤੋਂ ਬਾਦ ਜਿਹੜਾ ਏਲੀਯਾਹ .....ਏਲੀਯਾਹ ਦਾ ਆਤਮਾ ਆਵੇਗਾ,ਉਹ ਤਾਂ ਉੱਥੇ ਦੇ ਲੋਕਾਂ ਲਈ ਹੋਵੇਗਾ, ਉਹ ਤਾਂ ਯਹੂਦੀ ਹੋਵੇਗਾ, ਕਿਉਂਕਿ ਉਨ੍ਹਾਂ ਨੂੰ ਤਾਂ ਆਪਣੇ ਨਿੱਜ ਲੋਕਾਂ ਲਈ ਭੇਜਿਆ ਗਿਆ ਹੈ। ਇਹ ਮੇਰਾ ਪ੍ਰਕਾਸ਼ ਹੈ। ਇਹੋ ਹੀ ਕਾਰਨ ਹੈ ਕਿ ਮੈਂ ....ਟੋਮੀ ਆੱਸਬੋਰਨ ਨਾਲ .....ਜਦੋਂ ਉਸ ਵੇਲੇ ਅਸੀਂ ਇਸ ਤੇ ਗੱਲ ਕੀਤੀ ਸੀ, ਜਦੋਂ ਟੋਮੀ ਅਤੇ ਮੈਂ ਇਸ ਤੇ ਗੱਲ ਕੀਤੀ ਸੀ ਤਾਂ ਮੈਂ ਕਦੇ ਵੀ ਇਸਦੇ ਬਾਰੇ ਵਿੱਚ ਨਹੀਂ ਜਾਣਦਾ ਸੀ। ਮੈਂ ਤਾਂ ਬਸ ਬੀਮਾਰਾਂ ਲਈ ਦੁਆ ਕਰ ਰਿਹਾ ਸੀ।



ਨਹੀਂ ਚਲਾਈ ਸੀ। ਉਸਨੇ ਕਦੇ ਆਪਣੇ ਦੰਦਾਂ ਨੂੰ ਬੁਰਸ਼ ਨਹੀਂ ਕੀਤਾ ਸੀ। ਹੇ ਮੇਰੇ, ਖੁਦਾ, ਇਹ ਕਿਸ ਤਰ੍ਹਾਂ ਦਾ ਮਨੁੱਖ ਸੀ। ਬਿਲਕੁੱਲ ਨਹੀਂ ਕੀਤਾ ਸੀ।

241 ਇੱਥੇ ਉਹ ਆਉਂਦਾ ਹੈ, ਉਹ ਜੰਗਲ ਵਿੱਚੋਂ ਇਸੇ ਤਰ੍ਹਾਂ ਬਾਹਰ ਨਿੱਕਲ ਕੇ ਆਉਂਦਾ ਹੈ ਅਤੇ ਕਹਿੰਦਾ ਹੈ, "ਮੈਂ ਹੀ ਜੰਗਲ ਵਿੱਚ ਪੁਕਾਰਨ ਵਾਲੇ ਦੀ ਅਵਾਜ਼ ਹਾਂ। ਪ੍ਰਭੂ ਲਈ ਇੱਕ ਰਾਹ ਤਿਆਰ ਕਰੋ ਅਤੇ ਉਸਦੇ ਸ਼ਾਹੀ ਰਾਹ ਨੂੰ ਸਿੱਧਾ ਕਰੋ। "

242 ਕੁਝ ਉਪਦੇਸ਼ਕ ਜੋ ਉੱਥੇ ਖੜੇ ਸਨ ਉਨ੍ਹਾਂ ਨੇ ਕਿਹਾ ਹੋਵੇਗਾ, "ਹੇ ਦੱਸ ਮੁੰਡਿਆ, ਕੀ ਤੇਰੇ ਕੋਲ ਹੈ ..... ਅਸੀਂ ਇਸ ਅੰਦੋਲਨ ਵਿੱਚ ਤੈਨੂੰ ਸਹਿਯੋਗ ਨਹੀਂ ਦੇ ਸੱਕਦੇ ਹਾਂ। । ਅਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹਾਂ। ਚੰਗਾ, ਤੇਰਾ ਕਿੱਥੇ ਹੈ --ਤੇਰਾ ਕਾਰਡ ਕਿੱਥੇ ਹੈ?ਤੇਰਾ ਪਛਾਣ ਪੱਤਰ ਕਿੱਥੇ ਹੈ?" ਉਸਨੇ ਬਸ ਉਨ੍ਹਾਂ ਨੂੰ ਅਣਦੇਖਾ ਕਰ ਦਿੱਤਾ। ਉਸਦੇ ਕੋਲ ਤਾਂ ਇੱਕ ਸੰਦੇਸ਼ ਸੀ, ਇਸ ਲਈ ਉਹ ਤਾਂ ਉਸਦੇ ਨਾਲ ਅਗਾਂਹ ਵੱਧਦਾ ਗਿਆ, ਉਹ ਤਾਂ ਬਸ ਉਸਦਾ ਹੀ ਪ੍ਰਚਾਰ ਕਰਦਾ ਰਿਹਾ।

243 ਉਨ੍ਹਾਂ ਕਿਹਾ, "ਰੁਕ ਉਡੀਕ ਕਰ। ਚੰਗਾ, ਜੇ ਅਸੀਂ ਇੱਥੇ ਹੇਠਾਂ ਆਉਂਦੇ ਹਾਂ ਤਾਂ ਅਸੀਂ ਅੱਜ ਹੇਠਾਂ ਬਿਸ਼ਪ ਨੂੰ ਲੈ ਕੇ ਅਵਾਂਗੇ ਅਤੇ ਵੇਖਾਂਗੇ ਕਿ ਉਹ ਇਹਦੇ ਬਾਰੇ ਕੀ ਕਹਿੰਦਾ ਹੈ। ਜੇ ਅਸੀਂ ਜਾਣਦੇ ਹਾਂ ਤਾਂ ਅਸੀਂ ਇੱਥੇ ਹੇਠਾਂ ਜਾਵਾਂਗੇ। ਉਹ ਕਲੀਸਿਯਾ ਦਾ ਪ੍ਰਧਾਨ ਹੈ। ਅਤੇ ਅਸੀਂ ਜਾਣਦੇ ਹਾਂ ਕਿ ਉਹ ਉਹਨੂੰ ਪਛਾਣੇਗਾ। ਜੇ ਪ੍ਰਮੇਸ਼ੁਰ ਦਾ ਬੰਦਾ ਹੈ ਤਾਂ ਉਹ ਸਾਡੇ ਬਿਸ਼ਪ ਨੂੰ ਪਛਾਣੇਗਾ।"

244 ਉਹਨਾਂ ਸਾਰਿਆਂ ਉੱਚੀਆਂ ਉਪਾਧੀਆਂ ਵਾਲਿਆਂ ਨੂੰ ਇੱਕ ਹੀ ਲਾਈਨ ਵਿੱਚ ਲਿਆ ਕੇ ਉੱਥੇ ਖੜੇ ਕੀਤਾ ਗਿਆ।

245 ਉਸਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਸੱਪਾਂ ਦੀ ਸੰਤਾਨ ਹੋ। ਤੁਸੀਂ ਘਾਹ ਵਿੱਚੋਂ ਛੁਪੇ ਹੋਏ ਸੱਪ ਹੋ(ਉਸਨੇ ਇਹ ਉਨ੍ਹਾਂ ਨੂੰ ਕਿਹਾ ਜਿਨ੍ਹਾਂ ਦੇ ਕਾੱਲਰ ਚਾਰੇ ਪਾਸੇ ਮੁੜੇ ਹੋਏ ਸਨ ਅਤੇ ਜਿਹੜੇ ਪਵਿੱਤਰ ਪਿਤਾ ਆਦਿ ਕਹਾਉਂਦੇ ਸਨ। )ਤੁਹਾਨੂੰ ਆਉਣ ਵਾਲੇ ਕ੍ਰੋਧ ਤੋਂ ਭੱਜਣਾ ਕਿਹਨੇ ਸਿਖਾ ਦਿੱਤਾ ?ਤੁਸੀਂ ਜਾਣਦੇ ਹੋ ਤੁਹਾਡਾ ਸਮਾਂ ਨੇੜੇ ਆਣ ਪਹੁੰਚਿਆ ਹੈ। ਤੁਸੀਂ ਇਹ ਨਾ ਸੋਚੋ ਕਿ ......ਤੁਸੀਂ ਆਖਦੇ ਹੋ ਕਿ, "ਚੰਗਾ, ਮੈਂ ਤਾਂ ਇਸਦਾ ਹਾਂ, ਉਸਦਾ ਹਾਂ, ਜਾਂ ਮੇਰਾ ਸਬੰਧ ਫਲਾਣੇ ਨਾਲ ਹੈ, ਉਸਨੇ ਕਿਹਾ ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਜਿਸ ਪ੍ਰਮੇਸ਼ੁਰ ਦੀ ਮੈਂ ਸੇਵਾ ਕਰਦਾ ਹਾਂ ਉਹ ਇਨ੍ਹਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸੱਕਦਾ ਹੈ। " ਹੇ ਮੇਰੇ ਪ੍ਰਭੂ !

246 ਹੁਣ ਉਹ ਪਾਦਰੀਆਂ ਦੀ ਭਾਸ਼ਾ ਤੋਂ ਵੱਖਰੀ ਭਾਸ਼ਾ ਬੋਲਣ ਜਾ ਰਿਹਾ ਸੀ। ਉਸਨੇ ਕਿਹਾ ਸੀ, "ਮੈਂ ਕਹਿੰਦਾ ਹਾਂ ਕਿ ਕੁਲਹਾੜਾ ਰੁੱਖਾਂ ਦੀ ਜੜ੍ਹ ਉੱਤੇ ਰੱਖਿਆ ਗਿਆ ਹੈ ਅਰ ਜਿਹੜਾ ਰੁੱਖ ਚੰਗਾ ਫਲ ਨਹੀਂ ਦਿੰਦਾ ਉਸਨੂੰ ਕੱਟਿਆ ਅਤੇ ਅੱਗ ਵਿੱਚ ਸੁੱਟਿਆ ਜਾਵੇਗਾ। ਹਾਂ, ਮੈਂ ਤਾਂ ਤੁਹਾਨੂੰ ਪਾਣੀ ਨਾਲ ਤੋਬਾ ਦਾ ਬਪਤਿਸਮਾ ਦਿੰਦਾ ਹਾਂ,ਪਰ ਉਹ ਮੇਰੇ ਤੋਂ ਬਾਦ ਆਉਣ ਵਾਲਾ ਹੈ। ਚੰਦ ਲਹੂ ਵਰਗਾ ਬਣ ਜਾਵੇਗਾ ......"ਹੇ ਮੇਰੇ ਖੁਦਾ !ਉਹ ਆਪਣੇ ਪਿੜ ਨੂੰ ਚੰਗੀ ਤਰ੍ਹਾਂ ਸਾਫ ਕਰੇਗਾ। ਅਤੇ ਤੂੜੀ ਨੂੰ ਲੈ ਕੇ ਉਸਨੂੰ ਨਾ ਬੁਝਣ ਵਾਲੀ ਅੱਗ ਵਿੱਚ ਸੁੱਟ ਦੇਵੇਗਾ ਅਤੇ ਉਸ ਕਣਕ ਨੂੰ ਲੈ ਕੇ ਆਪਣੇ ਭੜੋਲੇ ਵਿੱਚ ਜਮਾ ਕਰ ਲਵੇਗਾ। ਉਹ ਤੂੜੀ ਅਤੇ ਕਣਕ ਨੂੰ ਅਲੱਗ ਕਰ ਕਰੇਗਾ। " ਹੇ ਮੇਰੇ ਪ੍ਰਭੂ !ਕਿਹਾ ਸੰਦੇਸ਼ ਸੀ!

ਚਿਹਰੇ ਤੇ ਲਟਕ ਰਹੀ ਹੈ ਅਤੇ ਭੇਡਾਂ ਦੀ ਖੱਲ ਪਹਿਨੇ ਹੋਏ ਹੈ ;ਉਹ ਸਾਨੂੰ ਕੀ ਦੱਸੇਗਾ?" ਪੱਕਾ ਉਹਨਾਂ ਨੇ ਉਸਦੀ ਨਹੀਂ ਸੁਣੀ ਹੋਵੇਗੀ।

236 ਪ੍ਰੰਤੂ ਬਾਈਬਲ ਨੇ ਮਲਾਕੀ ਚਾਰ ਬਾਬ ਵਿੱਚ --ਜਾਂ ਮਲਾਕੀ ਤਿੰਨ ਬਾਬ ਵਿੱਚ ਕਿਹਾ ਸੀ। "ਮੈਂ ਆਪਣੇ ਦੂਤ ਨੂੰ ਆਪਣੇ ਅੱਗੇ ਭੇਜਦਾ ਹਾਂ ਕਿ ਉਹ ਮੇਰੇ ਲਈ ਰਾਹ ਤਿਆਰ ਕਰੇ। " ਯੂਹੰਨਾ ਨੇ ਸੰਤ ਸੌ ਬਾਰਾਂ ਸਾਲ .....ਮਹਾਨ ਨਬੀ ਯਸਾਯਾਹ ਨੇ ਉਥੇ ਖੜਾ ਹੋ ਕੇ ਕਿਹਾ ਸੀ, " ਜੰਗਲ ਵਿੱਚ ਇੱਕ ਪੁਕਾਰਨ ਵਾਲੇ ਦੀ ਅਵਾਜ਼ ਹੋਵੇਗੀ ਕਿ ਪ੍ਰਭੂ ਦੇ ਰਾਹ ਨੂੰ ਤਿਆਰ ਕਰੋ ਅਤੇ ਉਸਦੇ ਰਾਹ ਨੂੰ ਸਿੱਧਾ ਕਰੋ। " ਇਹ ਠੀਕ ਹੈ। ਅਤੇ ਕਿਹਾ ....ਅਤੇ ....ਔਹ, ਉਹਨਾਂ ਵਿੱਚੋਂ ਬਹੁਤਿਆਂ ਨੇ ਉਸਦੇ ਬਾਰੇ ਵਿੱਚ ਕਿਹਾ ਸੀ । ਕਿਹਾ, "ਹਰੇਕ ਉੱਚੀ ਜਗ੍ਹਾ ਨੂੰ ਨੀਵਾਂ ਕੀਤਾ ਜਾਵੇਗਾ। "

237 "ਔਹ ", ਉਨ੍ਹਾਂ ਆਖਿਆ, "ਇੰਝ ਹੋਵੇਗਾ .....ਜਦੋਂ ਇਹ ਵਿਅਕਤੀ ਆਵੇਗਾ ਤਾਂ ਉਹ ਆਪਣੀ ਉਂਗਲ ਨਾਲ ਇਸ਼ਾਰਾ ਕਰੇਗਾ ਅਤੇ ਉਹ ਪਹਾੜਾਂ ਨੂੰ ਹਟਾ ਦੇਵੇਗਾ। ਅਤੇ ਔਹ, ਉਹ ਸਾਰੇ ਸਥਾਨ ਜਿਹੜੇ ਨੀਵੇਂ ਹਨ,ਖੱਡਾਂ ਭਰ ਦਿੱਤੀਆਂ ਜਾਣਗੀਆਂ,ਉੱਚੀਆਂ ਕੀਤੀਆਂ ਜਾਣਗੀਆਂ। ਫਿਰ ਦੁਬਾਰ ਉਹ ਸਾਰੀਆਂ ਥਾਵਾਂ ਜਿਹੜੀਆਂ ਟੇਡੀਆਂ ਅਤੇ ਉੱਚੀਆਂ-ਨੀਵੀਆਂ ਹਨ ਸਾਫ ਕੀਤੇ ਜਾਣਗੇ। ਭਾਈ, ਅਸੀਂ ਇੱਥੇ ਆਲੇ-ਦੁਆਲੇ ਹਰੇਕ ਖੇਤ ਵਿੱਚ ਫਸਲਾਂ ਉਗਾਵਾਂਗੇ ਅਤੇ ਔਹ, ਜਦੋਂ ਇਹ ਆਦਮੀ ਆਏਗਾ ਤਾਂ ਅਸੀਂ ਵੱਡੇ-ਵੱਡੇ ਕੰਮ ਕਰਾਂਗੇ। " ਸਮਝੇ?

238 ਉਹ ਖ਼ੁਦਾ ਤੋਂ ਇਹ ਉਮੀਦ ਕਰ ਰਹੇ ਸਨ ਕਿ ਉਹ ਟੇਡੇ ਸਥਾਨਾਂ ਨੂੰ ਲੈ ਕੇ ਉਨ੍ਹਾਂ ਨੂੰ ਸਿੱਧੀਆਂ ਕਰ ਦੇਵੇਗਾ ਅਤੇ ਪੌੜੀਆਂ ਨੂੰ ਹੇਠਾਂ ਲਗਾਏਗਾ ਅਤੇ ਕਹੇਗਾ, "ਮੇਰੇ ਮਸੀਹ ਦੇ ਅੱਗੇ ਚੱਲਣ ਵਾਲੇ ਮਹਾਨ ਦੂਤ, ਤੂੰ ਹੇਠਾਂ ਆ ਜਾਹ। " ਅਤੇ ਜਿਉਂ ਹੀ ਉਹ ਚਲਾ ਜਾਵੇਗਾ ਉਹ ਦੁਬਾਰਾ ਉਸਨੂੰ ਉੱਪਰ ਖਿੱਚ ਲੈਣਗੇ। ਅਤੇ ਉਸਦੀ ਸੇਵਕਾਈ ਸਮਾਪਤ ਹੋ ਗਈ ਹੈ, ਉਹ ਸੈਮਨਰੀਆਂ ਤੋਂ ਇਲਾਵਾ ਉਨ੍ਹਾਂ ਥਾਵਾਂ ਨੂੰ ਫਿਰ ਟੇਡੇ ਕਰ ਦੇਵੇਗਾ, ਅਤੇ ਕਹੇਗਾ, "ਠੀਕ ਹੈ, ਮੇਰੇ ਪਿਆਰੇ ਪੁੱਤਰ, ਇੱਥੇ ਹੇਠਾਂ ਆ ਅਤੇ ਉਹਨਾਂ ਨੂੰ ਦੱਸ। " ਵੇਖਿਆ?ਹੇ ਮੇਰੇ ਖੁਦਾ !

239 ਵੇਖੋ, ਜਦ ਉਹ ਉਨ੍ਹਾਂ ਕੋਲ ਆਇਆ ਤਾਂ ਕੀ ਹੋਇਆ ਸੀ?ਇੱਥੇ ਇੱਕ ਆਦਮੀ ਆਉਂਦਾ ਹੈ ਜੋ ਉਨ੍ਹਾਂ ਦੇ ਸਕੂਲਾਂ ਬਾਰੇ ਕੁਝ ਵੀ ਨਹੀਂ ਜਾਣਦਾ ਸੀ, ਇੱਥੋਂ ਤੱਕ ਕਿ ਉਸਦੇ ਕੋਲ ਸੰਗਤ ਦਾ ਪਛਾਣ ਪੱਤਰ ਵੀ ਨਹੀਂ ਸੀ, ਔਹ, ਉਸਦੇ ਕੋਲ ਕੋਈ ਵੀ ਉਪਾਧੀ ਨਹੀਂ ਸੀ। ਨਹੀਂ ਜੀ, ਕੋਈ ਵੀ ਇੱਥੋਂ ਤੱਕ ਨਹੀਂ ਜਾਣਦਾ ਸੀ ਕਿ ਉਹ ਆਪਣੇ ਜੀਵਨ ਵਿੱਚ ਕਦੇ ਸਕੂਲ ਵੀ ਗਿਆ ਹੈ ਜਾਂ ਨਹੀਂ। ਉਸਦੀ ਬੋਲ ਚਾਲ ਤੋਂ ਤੁਸੀਂ ਇਹ ਨਹੀਂ ਦੱਸ ਸੱਕਦੇ ਸਾਓਂ। ਉਹ ਤਾਂ ਸੱਪਾਂ, ਕੁਲਹਾੜੇ ਅਤੇ ਜੰਗਲ ਅਰ ਇਸੇ ਤਰ੍ਹਾਂ ਦੀਆਂ ਗੱਲਾਂ ਦੇ ਬਾਰੇ ਵਿੱਚ ਅਤੇ ਰੁੱਖਾਂ ਦੇ ਬਾਰੇ ਵਿੱਚ ਗੱਲਾਂ ਕਰਦਾ ਸੀ। ਉਹ ਉਨ੍ਹਾਂ ਦਿਨਾਂ ਦੇ ਪਾਦਰੀਆਂ ਦੀ ਸ਼ਬਦਾਵਲੀ ਵਿੱਚ ਨਹੀਂ ਬੋਲਦਾ ਸੀ।

240 ਉਹ ਤਾਂ ਸੱਸਾਫਰਾਸ (SASSAFRAS) ਵਾਂਗ ਆਇਆ, ਜਿਵੇਂ ਕਿ ਅਸੀਂ ਇਹਨੂੰ ਇੱਥੇ ਇੰਡੀਆਨਾ ਵਿੱਚ ਕਹਿੰਦੇ ਹਾਂ । ਉਹ ਕਿਤਿਓਂ ਝਾੜੀਆਂ ਵਿੱਚੋਂ ਨਿੱਕਲ ਕੇ ਆਉਂਦਾ ਹੈ,ਉਸਨੇ ਆਪਣੀ ਦਾੜ੍ਹੀ ਦੀ ਸ਼ੇਵ ਤੱਕ ਵੀ ਨਹੀਂ ਕੀਤੀ ਹੋਈ ਸੀ ਅਤੇ ਉਸਦੇ ਸਿਰ ਦੇ ਵਾਲ ਖੜ੍ਹੇ ਸਨ। ਮੈਂ ਇਹ ਕਲਪਨਾ ਨਹੀਂ ਕਰਦਾ ਕਿ ਉਸਨੇ ਮਹੀਨੇ ਵਿੱਚ ਇੱਕ ਜਾਂ ਦੋ ਵਾਰ ਵੀ ਨਹਾਇਆ ਹੋਵੇ। ਇਹ ਠੀਕ ਹੈ। ਉਸਨੇ ਰਾਤ ਨੂੰ ਕਦੇ ਪਜਾਮਾ ਨਹੀਂ ਪਾਇਆ ਸੀ। ਉਸਨੇ ਕਦੇ ਵੀ ਕੋਈ ਗੱਡੀ



206 ਮੈਂ ਉੱਥੇ ਉੱਪਰ ਆਇਆ ਅਤੇ ਉੱਥੇ ਇੱਕ ਜਨਾਨੀ ਸੀ ਜੋ ਫੋਰਟ ਵਾਈਨੇ ਗੋਸਪਿਲ ਟੈਬਰਨੇਕਲ ਤੋਂ ਆਈ ਸੀ । ਉਹ ਜਨਾਨੀ ਬਾਹਰ ਦੇ ਮੁਲਕਾਂ ਵਿੱਚ ਇੱਕ ਮਿਸ਼ਨਰੀ ਸੀ। ਉਸਦੀ ਛਾਤੀ ਏਡੀ ਵੱਡੀ ਸੀ ਕਿ, ਉਸਨੂੰ ਕੈਂਸਰ ਨੇ ਖਾ ਲਿਆ ਸੀ। ਅਤੇ ਉਹ ਜਨਾਨੀ ਉੱਥੇ ਉਸ ਘ ਰ ਵਿੱਚ ਸੀ ਜਿੱਥੇ ਅਸੀਂ ਰਹਿੰਦੇ ਹੁੰਦੇ ਸਾਂ ਅਤੇ ਇਹ ਘਰ ਉੱਪਰ ਇੱਕ ਗਲੀ ਵਿੱਚ ਸੀ। ਅਤੇ ਮੈਂ ਉਸ ਪਿਆਰੀ ਭੈਣ ਲਈ ਬੇਨਤੀ ਕੀਤੀ ਸੀ ਅਤੇ ਉਹ ਚੰਗੀ ਹੋ ਗਈ ਸੀ, ਅਤੇ ਉਹ ਆਪਣੇ ਕੰਮ ਤੇ ਚਲੀ ਗਈ ਸੀ। ਅਤੇ ਜਦੋਂ ......ਉਹ ਅਫਰੀਕਾ ਤੋਂ ਆਈ ਤਾਂ ਉਸਨੇ ਮਿਸ਼ਨਰੀ ਕੰਮਾਂ ਤੇ ਇੱਕ ਛੋਟੀ ਜਿਹੀ ਕਿਤਾਬ ਉੱਥੇ ਛੱਡ ਦਿੱਤੀ।

207 ਮੈਂ ਸੋਚਦਾ ਸੀ ਕਿ, ਚੰਗਾ, ਮਿਸ਼ਨਰੀ ਲੋਕ ਭਲੇ ਹੁੰਦੇ ਹਨ। ਅਤੇ ਮੈਂ ......ਮੈਂ ਮਿਸ਼ਨਰੀਆਂ ਦੇ ਬਾਰੇ ਵਿੱਚ ਕਦੇ ਵੀ ਬਹੁਤ ਜਿਆਦਾ ਨਹੀਂ ਸੋਚਿਆ ਹੈ। ਅਤੇ ਇਸ ਲਈ ਮੈਂ ਸੋਚਿਆ, "ਚੰਗਾ, ਉਹ ਤਾਂ ਬਸ ਬਾਹਰ ਉੱਥੇ ਪ੍ਰਮੇਸ਼ੁਰ ਦੇ ਕੰਮ ਵਿੱਚ ਲੱਗੇ ਹੋਏ ਹਨ। ਇਸ ਲਈ ਇਹ ਹੈ .....ਮੇਰੀ ਜਗ੍ਹਾ ਤਾਂ ਬਸ ਇੱਥੇ ਹੀ ਹੈ-ਮੇਰਾ ਸਥਾਨ ਤਾਂ ਅੱਠਵੀਂ ਪੈਨ ਗਲੀ ਵਿੱਚ ਹੀ ਹੈ। " ਇਸ ਲਈ ਮੈਂ ਬਸ ਜਿੰਨੀ ਵਧੀਆ ਸੇਵਕਾਈ ਕਰ ਸੱਕਦਾ ਸੀ ਓਨੀ ਵਧੀਆ ਸੇਵਕਾਈ ਕਰ ਰਿਹਾ ਸੀ।

208 ਪਰ ਇੱਕ ਦਿਨ ਜਦੋਂ ਮੈਂ ਬੈਠਾ ਹੋਇਆ ਪੜ੍ਹ ਰਿਹਾ ਸੀ ਤਾਂ ਮੈਂ ਉਹ ਕਿਤਾਬ ਚੁੱਕੀ । ਅਤੇ ਉਸ ਵਿੱਚ ਨੀਗਰੋ ਜਾਤ ਦੇ ਇੱਕ ਬੁੱਢੇ ਆਦਮੀ ਦੀ ਤਸਵੀਰ ਸੀ ਅਤੇ ਉਸ ਉੱਤੇ ਵਾਲਾਂ ਦਾ ਬਣਿਆ ਇੱਕ ਛੋਟਾ ਜਿਹਾ ਘੇਰਾ ਸੀ। ਅਤੇ ਉਸਦੇ ਹੇਠਾਂ ਇਸ ਤਰ੍ਹਾਂ ਲਿਖਿਆ ਹੋਇਆ ਸੀ, ਗੋਰੇ ਮਨੁੱਖ, ਗੋਰੇ ਮਨੁੱਖ ਤੇਰਾ ਪਿਤਾ ਕਿੱਥੇ ਸੀ? ਹੁਣ ਮੈਂ ਬੁੱਢਾ ਹੋ ਗਿਆ ਹਾਂ ਅਤੇ ਦਿਮਾਗ ਵੀ ਠੀਕ ਕੰਮ ਨਹੀਂ ਕਰਦਾ ਹੈ ਅਤੇ ਮੈਂ ਕਿਸੇ ਵੀ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਨਹੀਂ ਸਮਝਦਾ ਹਾਂ। ਜਦ ਮੈਂ ਇੱਕ ਜਵਾਨ ਮਨੁੱਖ ਹੀ ਸੀ ਜੇ ਮੈਂ ਉਦੋਂ ਪ੍ਰਭੂ ਯਿਸੂ ਨੂੰ ਜਾਣ ਲਿਆ ਹੁੰਦਾ ਤਾਂ ਮੈਂ ਉਸਨੂੰ ਆਪਣੇ ਲੋਕਾਂ ਦੇ ਵਿੱਚ ਲੈ ਜਾਣਾ ਸੀ। " ਅੱਛਾ, ਮੈਂ ਉਸ ਨੂੰ ਪੜ੍ਹਿਆ।

209 ਅਤੇ ਕੋਈ ਚੀਜ਼ ਮੈਨੂੰ ਕਹਿ ਰਹੀ ਸੀ ਇਸਨੂੰ ਫਿਰ ਦੁਬਾਰਾ ਪੜ੍ਹ। ਇਸਨੂੰ ਫਿਰ ਦੁਬਾਰਾ ਪੜ੍ਹ। ਅਤੇ ਮੈਂ ਇਸਨੂੰ ਪੜ੍ਹਦਾ ਰਿਹਾ । ਔਹ, ਕਾਸ਼ ਕਿ ਤੁਸੀਂ ਉਹਨੂੰ ਏਨੀ ਵਾਰ ਪੜ੍ਹਿਆ ਹੁੰਦਾ। ਕੋਈ ਚੀਜ਼ ਮੈਨੂੰ ਕਹਿ ਰਹੀ ਸੀ, "ਇਸਨੂੰ ਬਾਰ ਬਾਰ ਪੜ੍ਹ। ਇਸਦੇ ਅੰਦਰ ਕੋਈ ਚੀਜ਼ ਹੈ। "

210 ਇਹ ਬਿਲਕੁੱਲ ਉਸੇ ਤਰ੍ਹਾਂ ਹੀ ਹੋਇਆ ਸੀ ਜਿਵੇਂ ਤਦ ਹੋਇਆ ਸੀ ਜਦੋਂ ਮੈਂ ਗਰੀਨ ਮਿੱਲ ਵਿੱਚ ਸੀ ਜਦੋਂ ਮੈਂ ਗੁਫਾ ਵਿੱਚੋਂ ਬਾਹਰ ਨਿੱਕਲ ਆਇਆ ਸੀ। ਮੈਂ ਇਹ ਨਹੀਂ ਸਮਝ ਸੱਕਦਾ ਸੀ ਕਿ ਕਿਵੇਂ ਲੋਕ ਪਰਾਈਆਂ ਭਾਖਿਆਂ ਬੋਲ ਸੱਕਦੇ ਹਨ ਅਤੇ ਚੀਕਾਂ ਮਾਰ ਸੱਕਦੇ ਹਨ ਅਤੇ ਅਸਲੀ ਪਵਿੱਤਰ ਆਤਮਾ ਨਾਲ ਇਸ ਤਰ੍ਹਾਂ ਕਰ ਸੱਕਦੇ ਹਨ ਅਤੇ ਫਿਰ ਵੀ ਮਸੀਹ ਵਿਰੋਧੀ ਹੋ ਸੱਕਦੇ ਹਨ। ਉਹ ਪਰਾਈ ਭਾਖਿਆ ਵਿੱਚ ਬੋਲ ਸੱਕਦੇ ਹਨ, ਉਹ ਸੱਚੇ ਪਵਿੱਤਰ ਆਤਮਾ ਨਾਲ ਪਰਾਈਆਂ ਬੋਲੀਆਂ ਬੋਲ ਸੱਕਦੇ ਹਨ ਅਤੇ ਫਿਰ ਵੀ ਦੁਸ਼ਟ ਹੋ ਸੱਕਦੇ ਹਨ। ਇਹ ਸਹੀ ਗੱਲ ਹੈ। ਮੈਂ ਤੁਹਾਨੂੰ ਇਹ ਸਿੱਧ ਕਰਕੇ ਵਿਖਾ ਸੱਕਦਾ ਹਾਂ। ਜੀ ਹਾਂ, ਬਿਲਕੁੱਲ, ਮੈਂ ਇਸ ਤਰ੍ਹਾਂ ਕਰ ਸੱਕਦਾ ਹਾਂ। ਅਤੇ ਫਿਰ ਮੈਂ ਧਿਆਨ ਦਿੱਤਾ .....ਜਦੋਂ ਉਹ ਉੱਥੇ ਖੜੇ ਸਨ।

211 ਇਸ ਲਈ ਪਰਾਈ ਭਾਸ਼ਾ ਵਿੱਚ ਬੋਲਣਾ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਤੁਸੀਂ ਪਵਿੱਤਰ ਆਤਮਾ ਪਾਇਆ ਹੈ। ਇਹ ਤਾਂ ਪਵਿੱਤਰ ਆਤਮਾ ਦੇ ਵਰਦਾਨਾਂ ਵਿੱਚੋਂ ਸਿਰਫ ਇੱਕ

ਵਰਦਾਨ ਹੈ। ਸ਼ੈਤਾਨ ਹਰੇਕ ਉਸ ਚੀਜ਼ ਦੀ ਜਿਹੜੀ ਪ੍ਰਮੇਸ਼ੁਰ ਦੇ ਕੋਲ ਹੈ ਨਕਲ ਕਰ ਸੱਕਦਾ ਹੈ, ਉਹ ਰੱਬੀ ਚੰਗਾਈ ਅਤੇ ਇਸੇ ਤਰ੍ਹਾਂ ਦੀਆਂ ਹੋਰ ਦੂਸਰੀਆਂ ਗੱਲਾਂ ਦੀ ਨਕਲ ਕਰ ਸੱਕਦਾ ਹੈ।

ਉਸਨੇ ਕਿਹਾ ਸੀ, "ਉਸ ਦਿਨ ਬਹੁਤ ਮੇਰੇ ਕੋਲ ਆਉਣਗੇ ਅਤੇ ਕਹਿਣਗੇ, ਹੇ ਪ੍ਰਭੂ, ਕੀ ਮੈਂ ਭੂਤਾਂ ਨੂੰ ਨਹੀਂ ਕੱਢਿਆ ਸੀ; ਕੀ ਮੈਂ ਨਹੀਂ ਕੀਤਾ (ਇਹ ਤਾਂ ਖੁਸ਼ਖਬਰੀ ਦਾ ਪ੍ਰਚਾਰ ਕਰਨਾ ਹੈ) " ਕੀ ਮੈਂ ਤੇਰੇ ਨਾਮ ਵਿੱਚ ਵੱਡੇ-ਵੱਡੇ ਚਮਤਕਾਰ ਨਹੀਂ ਕੀਤੇ ਸਨ?" ਅਤੇ ਮੈਂ ਕਹਾਂਗਾ, ਹੇ ਬੁਰਿਆਰੋ, ਮੇਰੇ ਕੋਲੋਂ ਦੂਰ ਹੋ ਜਾਓ। ਮੈਂ ਤੁਹਾਨੂੰ ਨਹੀਂ ਜਾਣਦਾ ਹਾਂ। "

212 ਬਾਈਬਲ ਕਹਿੰਦੀ ਹੈ, "ਧਰਮੀ ਅਤੇ ਕੁਧਰਮੀ ਦੋਹਾਂ ਤੇ ਇੱਕ ਤਰ੍ਹਾਂ ਦੀ ਹੀ ਵਰਖਾ ਹੁੰਦੀ ਹੈ। "ਅਤੇ ਉਹ ਕੰਡਿਆਲੀ ਜਿਹੜੀ ਕਿ ਕਣਕ ਦੇ ਖੇਤ ਵਿੱਚ ਖੜੀ ਹੁੰਦੀ ਹੈ, ਉਸ ਵਰਖਾ ਦੇ ਨਾਲ ਜਿਹੜਾ ਕਿ ਉਸ ਤੇ ਡਿੱਗਦਾ ਹੈ ਓਨਾ ਹੀ ਅਨੰਦ ਮਾਣਦੀ ਹੈ ਅਤੇ ਚੀਕ ਸੱਕਦੀ ਹੈ ;ਜਿਹੜੀ ਵਰਖਾ ਉਨਾਂ ਦੋਨਾਂ ਦੇ ਉੱਪਰ ਭੇਜੀ ਜਾਂਦੀ ਹੈ ;ਪਰ ਉਨ੍ਹਾਂ ਦੇ ਫਲਾਂ ਤੋਂ ਤੁਸੀਂ ਉਨ੍ਹਾਂ ਨੂੰ ਪਛਾਣ ਲਵੋਗੇ। ਉਹ ਛੋਟੀ ਪੁਰਾਣੀ ਕੰਡਿਆਲੀ ਉੱਥੇ ਖੜੀ ਹੋ ਸੱਕਦੀ ਹੈ ਅਤੇ ਓਨੀ ਹੀ ਖੁਸ਼ ਹੋ ਸੱਕਦੀ ਹੈ ਓਨੀ ਹੀ ਚੀਕ ਸੱਕਦੀ ਹੈ ਜਿੰਨੀ ਕਿ ਉਹ ਚੀਕ ਸੱਕਦੀ ਹੈ, ਜਿਵੇਂ ਉਸੇ ਵਰਖਾ ਨਾਲ ਕਣਕ ਅਨੰਦ ਮਾਣ ਸੱਕਦੀ ਹੈ ਅਤੇ ਚੀਕਾਂ ਮਾਰ ਸੱਕਦੀ ਹੈ।

213 ਇਹ ਹੀ ਗੱਲ ਹੈ। ਸੋ ਉਹ ਚੀਕਾਂ ਮਾਰ ਸੱਕਦੇ ਹਨ,ਪਰਾਈ ਭਾਖਿਆ ਬੋਲ ਸੱਕਦੇ ਹਨ ਅਤੇ ਹਰੇਕ ਉਸ ਕੰਮ ਦੀ ਨਕਲ ਕਰ ਸੱਕਦੇ ਹਨ ਜਿਹਦੀ ਉਹ ਨਕਲ ਕਰਨਾ ਚਹੁੰਦੇ ਹਨ ਤਾਂ ਕਿ ਉਹ ਉਸ ਦਿਨ ਬੁਰਿਆਰ ਕਹਾਏ ਜਾ ਸਕਣ।

214 ਜਿਵੇਂ ਕਿ ਮੈਂ ਤੁਹਾਨੂੰ ਥੋੜੀ ਦੇਰ ਪਹਿਲਾਂ ਕਿਹਾ ਸੀ ਤੁਸੀਂ ਜੋ ਮੈਂ ਕਹਿੰਦਾ ਹਾਂ ਉਸਨੂੰ ਧਿਆਨ ਨਾਲ ਸੁਣੋ। ਆਪਣੇ ਆਪ ਦੀ ਜਾਂਚ ਵਚਨ ਨਾਲ ਕਰੋ ਅਤੇ ਵੇਖੋ ਕਿ ਤੁਸੀਂ ਕਿੱਥੇ ਹੋ।

215 ਤੁਸੀਂ ਔਰਤੋ ਜਿਨ੍ਹਾਂ ਨੇ ਆਪਣੇ ਵਾਲ ਛੋਟੇ-ਛੋਟੇ ਕੱਟੇ ਹੋਏ ਹਨ,ਤੁਸੀਂ ਆਪਣੇ ਵਾਲਾਂ ਨੂੰ ਵਧਣ ਦਿਓ। ਤੁਸੀਂ ਜਿਹੜੀਆਂ ਨਿੱਕੇ-ਨਿੱਕੇ ਕੱਪੜੇ ਪਾਉਂਦੀਆਂ ਹੋ,ਤੁਸੀਂ ਉਨ੍ਹਾਂ ਨੂੰ ਪਾਉਣਾ ਬੰਦ ਕਰ ਦਿਓ। ਤੁਸੀਂ ਇੱਕ ਔਰਤ ਵਾਂਗ ਵਿਹਾਰ ਕਰੋ। ਤੁਸੀਂ ਆਦਮੀਓ ਜਿਹੜੇ ਹਾਲੇ ਵੀ ਸਿਗਰਟ ਪੀ ਰਹੇ ਹੋ,ਅਤੇ ਪਾਣੀ ਦੇ ਨਾਲ ਭਰੇ ਹੋਏ ਤਲਾਬਾਂ ਵੱਲ ਭੱਜਦੇ ਹੋ, ਤੁਸੀਂ ਇਸ ਤਰ੍ਹਾਂ ਕਰਨਾ ਬੰਦ ਕਰ ਦਿਓ। ਮੈਂ ਇਹਦੀ ਪ੍ਰਵਾਹ ਨਹੀਂ ਕਰਦਾ ਕਿ ਤੁਸੀਂ ਕਿੰਨਾ ਕੁ ਪਖੰਡ ਕਰਦੇ ਹੋ। ਜੇ ਤੁਸੀਂ ਹਾਲੇ ਵੀ ਉਸੇ ਹੀ ਮਿਸ਼ਨ ਨੂੰ ਫੜ ਕੇ ਬੈਠੇ ਹੋਏ ਹੋ ਅਤੇ ਕਹਿ ਰਹੇ ਹੋ, "ਇਹੋ ਹੀ ਉਹ ਹੈ ਅਤੇ ਇਹ ਉਹ ਹੈ,"ਤਾਂ ਚੰਗਾ ਇਹ ਹੀ ਹੋਵੇਗਾ ਕਿ ਤੁਸੀਂ ਇਸ ਤਰ੍ਹਾਂ ਕਰਨਾ ਬੰਦ ਕਰ ਦਿਓ। ਤੁਸੀਂ ਆਪਣੇ ਆਪ ਦੀ ਜਾਂਚ ਕਰੋ ਅਤੇ ਆਪਣੀ ਪਰਖ ਵਚਨ ਦੇ ਨਾਲ ਕਰੋ। ਅਸੀਂ ਬਾਹਰ ਨਿੱਕਲ ਰਹੇ ਹਾਂ......

216 ਸਾਨੂੰ ਤਾਂ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਕੱਟੇ ਹੋਏ ਛੋਟੇ-ਛੋਟੇ ਵਾਲਾਂ ਅਤੇ ਇਸ ਯੁੱਗ ਦੀਆਂ ਇਸ ਤਰ੍ਹਾਂ ਦੀਆਂ ਦੂਸਰੀਆਂ ਚੀਜ਼ਾਂ ਤੋਂ ਕਿਤੇ ਉੱਪਰ ਉੱਠ ਕੇ ਜੀਵਨ ਬਤੀਤ ਕਰੀਏ ;ਅਸੀਂ ਕਿਸੇ ਚੀਜ਼ ਵਿੱਚ ਫਿਰ ਵਾਪਿਸ ਆ ਰਹੇ ਹਾਂ, ਇਹ ਉਹ ਯੁੱਗ ਹੈ ਜਿਹਦੇ ਵਿੱਚ ਪ੍ਰਮੇਸ਼ੁਰ ਉਨ੍ਹਾਂ ਸਾਰੇ ਗੁਪਤ ਭੇਤਾਂ ਨੂੰ ਜੋ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਪੋਥੀ ਵਿੱਚ ਰੱਖ ਦਿੱਤੇ ਸਨ ਪ੍ਰਗਟ ਕਰ ਰਿਹਾ ਹੈ। ਅਤੇ ਜਿਨ੍ਹਾਂ ਨੇ ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਵਿੱਚ ਪ੍ਰਮੇਸ਼ੁਰ ਦੀ ਆਗਿਆਕਾਰੀ



232 ਜਦੋਂ ਮਸੀਹ ਨੂੰ ਖੁਦਾ ਨੇ ਉਸਦੀ ਲਾੜੀ ਦਿੱਤੀ(ਆਤਮਾ ਨੇ ਸ਼ਰੀਰ, ਅਥਵਾ ਲਾੜੀ ਦਿੱਤੀ)ਤਾਂ ਮਸੀਹ ਨੂੰ ਮਾਰਿਆ ਕੁੱਟਿਆ ਗਿਆ ਸੀ ਅਤੇ ਉਸਨੂੰ ਉਸਦੇ ਹਿਰਦੇ ਦੇ ਥੱਲੇ ਪਸਲੀ ਵਿੱਚ ਛੇਦਿਆ ਗਿਆ ਸੀ ਅਤੇ ਪਾਣੀ ਅਤੇ ਲਹੂ ਬਾਹਰ ਨਿੱਕਲ ਕੇ ਆਇਆ ਸੀ ਕਿ ਉਹ," ਉਸਦੀ ਹੱਡੀ ਵਿੱਚੋਂ ਹੱਡੀ ਅਤੇ ਉਸਦੇ ਮਾਸ ਵਿੱਚੋਂ ਮਾਸ ਬਣ ਜਾਵੇ। " ਅਸੀਂ ਹੱਡੀ ਅਤੇ ਮਾਸ ਹਾਂ ਅਤੇ ਲਾੜੀ ਮਸੀਹ ਦੀ ਹੱਡੀ ਅਤੇ ਮਾਸ ਹੋਵੇਗੀ । ਉਹ ਹੈ ....ਉਸਦੀ ਲਾੜੀ ਇਸੇ ਤਰ੍ਹਾਂ ਦੀ ਹੀ ਹੈ।

## 22. ਕੀ ਮਸੀਹ ਦੀ ਲਾੜੀ ਦੀ ਹੋਵੇਗੀ ....ਕੀ ਮਸੀਹ ਦੀ ਲਾੜੀ ਦੀ ਸੁਰਗ ਤੇ ਉਠਾਏ ਜਾਣ ਤੋਂ ਪਹਿਲਾਂ ਕੋਈ ਸੇਵਕਾਈ ਹੋਵੇਗੀ?

233 ਬਿਲਕੁੱਲ। ਠੀਕ ਇਹ ਹੀ ਹੈ ਜੋ ਇਸ ਸਮੇਂ ਚੱਲ ਰਹੀ ਹੈ। ਸਮਝੇ?ਮਸੀਹ ਦੀ ਲਾੜੀ ......ਬਿਲਕੁੱਲ ਹੈ। ਇਹ ਹੀ ਇਸ ਸਮੇਂ ਦਾ ਸੰਦੇਸ਼ ਹੈ (ਵੇਖਿਆ?) ਮਸੀਹ ਦੀ ਲਾੜੀ। ਯਕੀਨਨ, ਉਸ ਵਿੱਚ, ਰਸੂਲ, ਨਬੀ, ਉਪਦੇਸ਼ਕ, ਪ੍ਰਚਾਰਕ ਅਤੇ ਪਾਸਬਾਨ ਪਾਏ ਜਾਂਦੇ ਹਨ। ਕੀ ਇਹ ਠੀਕ ਹੈ? [ਸੰਗਤ ਆਖਦੀ ਹੈ, "ਆਮੀਨ। "-ਸੰਪਾ] ਇਹ ਹੀ ਮਸੀਹ ਦੀ ਲਾੜੀ ਹੈ। ਬਿਲਕੁੱਲ,ਉਸਦੀ ਇੱਕ ਸੇਵਕਾਈ ਹੈ, ਉਸਦੇ ਕੋਲ ਇੱਕ ਬਹੁਤ ਹੀ ਵੱਡੀ ਸੇਵਕਾਈ ਹੈ, ਉਸਦੀ ਸੇਵਕਾਈ ਇਸ ਸਮੇਂ ਦੀ ਹੈ, ਇਹ ਬਹੁਤ ਹੀ ਹਲੀਮ ਹੋਵੇਗੀ ...

234 ਹੁਣ, ਯਾਦ ਰੱਖੋ। ਕਿੰਨੇ ਇੱਥੇ ਪਹਿਲੀ ਵਾਰ ਸਨ ...ਜਦ ਮੈਂ ਪਿਛਲੇ ਐਤਵਾਰ ਮੈਂ ...? ਵੇਖਿਆ?ਯਾਦ ਕਰੋ ਮੈ; ਕੀ ਪ੍ਰਚਾਰ ਕੀਤਾ ਸੀ?ਹਲੀਮੀ ਉੱਤੇ। ਔਹ, ਤੁਸੀਂ ਇਹਨੂੰ ਨਾ ਭੁੱਲਿਓ। ਮੈਂ ਇੱਕ ਪਲ ਉਸਦੀ ਫਿਰ ਚੇਤਾਵਨੀ ਦੇਣ ਲਈ ਰੁਕਣ ਜਾ ਰਿਹਾ ਹਾਂ। ਯਾਦ ਰੱਖੋ, ਜਦੋਂ ਖੁਦਾ ਕਿਸੇ ਮਹਾਨ ਘਟਨਾ ਦੇ ਘਟਣ ਦੀ ਭਵਿੱਖਬਾਣੀ ਕਰਦਾ ਹੈ ਤਾਂ ਲੋਕ ਆਪਣੀ ਅਕਲ ਦੇ ਅਨੁਸਾਰ ਉਸ ਗੱਲ ਤੋਂ ਹਟ ਕੇ ਬਹੁਤ ਦੂਰ ਵੇਖ ਰਹੇ ਹੁੰਦੇ ਹਨ ਕਿ ਜੋ ਹੋ ਰਿਹਾ ਹੁੰਦਾ ਹੈ ਲੋਕ ਉਸ ਤੋਂ ਰਹਿ ਜਾਂਦੇ ਹਨ। ਜਦੋਂ ਖੁਦਾ ਕਿਸੇ ਗੱਲ ਨੂੰ ਮਹਾਨ ਕਹਿੰਦਾ ਹੈ ਤਾਂ ਲੋਕ ਉਸ ਤੇ ਹੱਸਦੇ ਹਨ। ਲੋਕ ਕਹਿੰਦੇ ਹਨ, "ਉਹ ਤਾਂ ਮੂਰਖਾਂ ਦਾ ਝੁੰਡ ਹੈ!" ਇਹ ਸਹੀ ਗੱਲ ਹੈ। ਪ੍ਰੰਤੂ ਜਦੋਂ ਮਹਾਨ ਦੁਨੀਆਂ ਅਤੇ ਮਹਾਨ ਚਰਚ ਕਹਿੰਦੇ ਹਨ, "ਮੁੰਡਿਆ, ਇਹ ਸ਼ਾਨਦਾਰ ਹੈ!" ਤਾਂ ਖੁਦਾ ਕਹਿੰਦਾ ਹੈ,"ਇਹ ਤਾਂ ਮੂਰਖਾਂ ਦਾ ਝੁੰਡ ਹੈ। " ਸੋ ਤੁਸੀਂ ਵੇਖੋ, ਤੁਹਾਨੂੰ ਧਿਆਨ ਦੇਣਾ ਹੁੰਦਾ ਹੈ । ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਹੋ ਸੱਕਦਾ ਹੈ ਕਿ ਇਹ ਇਸੇ ਤਰ੍ਹਾਂ ਹੀ ਹੋਵੇ, ਇਹ ਬਿਲਕੁੱਲ ਉਸੇ ਤਰ੍ਹਾਂ ਹੀ ਹੋਵੇ, ਪ੍ਰੰਤੂ ਇਹ ਇਸੇ ਤਰ੍ਹਾਂ ਹੀ ਹੈ।

235 ਵੇਖੋ। ਇੱਕ ਮਹਾਨ ਪਵਿੱਤਰ ਰੂੜੀਵਾਦੀ ਕਲੀਸਿਯਾ ਸੀ। "ਸਾਨੂੰ ਵਚਨ ਦਾ ਗਿਆਨ ਹੈ; ਸਾਡੇ ਕੋਲ ਸਕੂਲ ਹਨ, ਸਾਡੇ ਕੋਲ ਸੈਮਨਰੀਆਂ ਹਨ। ਸਾਡੇ ਕੋਲ ਬਹੁਤ ਹੀ ਹੁਸ਼ਿਆਰ ਪੜ੍ਹੇ ਲਿਖੇ ਲੋਕ ਹਨ, ਕਿਉਂ, ਅਸੀਂ ਤਾਂ ਸੈਕੜੇਂ ਸਾਲਾਂ ਤੋਂ ਹੀ ਯਹੋਵਾਹ ਲਈ ਇਮਾਨਦਾਰ ਹਾਂ। ਅਸੀਂ ਹੀ ਕਲੀਸਿਯਾ ਹਾਂ। ਅਸੀਂ ਯਹੂਦੀਆਂ ਦੀ ਮਹਾਂਸਭਾ ਹਾਂ। ਸਾਡੇ ਕੋਲ ਤਾਂ ਚਰਚਾਂ ਦਾ ਇਕੱਠ ਹੈ। ਫਰੀਸੀ ਅਤੇ ਸਦੂਕੀ ਦੋਨੋਂ ਮਿਸ਼ਨਾਂ ਇੱਥੇ ਇਕੱਠੀਆਂ ਹੁੰਦੀਆਂ ਹਨ,ਜਿਵੇਂ ਅਸੀਂ ਇਕੱਠੇ ਹੋ ਰਹੇ ਹਾਂ। ਸਮਝੇ? "ਅਸੀਂ ਸੱਭ ਇੱਕ ਹੀ .....ਵੇਖਿਆ?ਅਸੀਂ ਸਾਰੇ ਇੱਕ ਹੀ ਗਿਰਜਿਆਂ ਦੀ ਮਹਾਂ ਸਭਾ ਵਿੱਚ ਇਕੱਠੇ ਹੋ ਰਹੇ ਹਾਂ। ਅਸੀਂ ਹੀ ਸਭਨਾਂ ਤੋਂ ਉੱਪਰ ਹਾਂ । ਅਸੀਂ ਵੱਧ ਵਚਨ ਜਾਣਦੇ ਹਾਂ। ਉਹ ਬੇਚਾਰਾ ਅਨਪੜ੍ਹ ਆਦਮੀ ਜੋ ਕਿ ਉੱਥੇ ਨਦੀ ਤੇ ਹੈ ਉਹ ਹੈ ਹੀ ਕੀ ਹੈ, ਉਹਦੀ ਦਾੜੀ ਉਹਦੇ

228 ਸੱਤ ਹਜ਼ਾਰ, ਮੇਰੇ ਕਹਿਣ ਤੋਂ ਭਾਵ ਸੱਤ ਹਜ਼ਾਰ ਹੀ ਸੀ। ਮੈਨੂੰ ਇਸਦੇ ਲਈ ਮਾਫ ਕਰਨਾ। ਸਮਝੇ?ਇਹ ਬਸ ....ਇਹ ਤਾਂ ਬਸ ਬੋਲਣ ਦੀ ਗੜਬੜੀ ਦੇ ਕਾਰਨ ਹੀ ਹੋਇਆ ਸੀ। ਮੈਂ ਤਾਂ ਬਸ ..... ਜਿਵੇਂ ਕਿ ਮੈਂ ਥੋੜੀ ਦੇਰ ਪਹਿਲਾਂ ਕਿਹਾ ਸੀ , ਕੀ ਤੁਸੀਂ ਮੇਰੇ ਇੱਥੇ ਖੜੇ ਹੋਣ ਤੇ ਧਿਆਨ ਦਿੱਤਾ ਸੀ ਕਿ ਮੈਂ ਕਿਹਾ ਸੀ, "ਅਤੇ ਉਸ ਲੇਲੇ ਨੂੰ ਵੇਖ ਕੇ ਉਨ੍ਹਾਂ ਨੇ ਗਵਾਹੀ ਦਿੱਤੀ ..." ਸਮਝੇ,ਵੇਖਿਆ?ਉਹ ਲੇਲਾ ਧਰਤੀ ਤੇ ਸੀ :(ਸਮਝੇ?) ਪ੍ਰਮੇਸ਼ੁਰ ਦੇ ਆਤਮਾ ਨੂੰ ਲੇਲੇ ਉੱਤੇ ਉਤਰਦੇ ਵੇਖ ਕੇ ਉਸਨੇ ਗਵਾਹੀ ਦਿੱਤੀ।

229 ਹੁਣ, ਇੱਥੇ ਇਹ ਕਿਹਾ ਗਿਆ ਹੈ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਤੋਂ ਮੈਂ ਬਹੁਤ ਪ੍ਰਸੰਨ ਹਾਂ। " ਤੁਸੀਂ ਸਮਝੇ? ਹੁਣ, ਇਹ ਯੂਨਾਨੀ ਭਾਸ਼ਾ ਦੇ ਮੂਲ ਰੂਪ ਵਿੱਚ ਲਿਖਿਆ ਗਿਆ ਸੀ ਜਿਹਦੇ ਵਿੱਚ ਕ੍ਰਿਆਂ ਵਿਸ਼ੇਸ਼ਣ ਤੋਂ ਬਾਦ ਕ੍ਰਿਆ ਲਗਾਈ ਗਈ ਹੈ । ਪ੍ਰੰਤੂ ਇੱਥੇ ਤੁਸੀਂ ਧਿਆਨ ਦਿਓ ਇਸ ਨੂੰ ਅਸਲ ਵਿੱਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ,ਹੁਣ ਤੁਸੀਂ ਬਸ ਵਚਨ ਨੂੰ ਲਓ। ਵੇਖਿਆ? ਸੰਤ ਯਕੂਬ ਦੇ ਅਨੁਵਾਦ ਵਿੱਚ ਬਾਈਬਲ ਕਹਿੰਦੀ ਹੈ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਵਿੱਚ ਵਾਸ ਕਰਨ ਨੂੰ ਮੈਂ ਬਹੁਤ ਪ੍ਰਸੰਨ ਹਾਂ। " ਪਰ ਅਸਲ ਵਿੱਚ ਜੇ ਅਸੀਂ ਇਹਨੂੰ ਇਸ ਤਰ੍ਹਾਂ ਕਹੀਏ ਜਿਵੇਂ ਕਿ ਅਸੀਂ ਅੱਜ ਇਸਨੂੰ ਕਹਿੰਦੇ ਹਾਂ ਤਾਂ ਇਹ ਇਸ ਤਰ੍ਹਾਂ ਹੋਵੇਗਾ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਅੰਦਰ ਵਾਸ ਕਰਨ ਲਈ ਮੈਂ ਬਹੁਤ ਪ੍ਰਸੰਨ ਹਾਂ। " ਲਫਜ਼ ਉਹ ਹੀ ਹਨ ਪਰ ਇਨ੍ਹਾਂ ਨੂੰ ਜਰਾ ਘੁਮਾ ਦਿੱਤਾ ਗਿਆ ਹੈ। ਸਮਝੇ? "ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਵਿੱਚ ਵਾਸ ਕਰਨ ਨੂੰ ਮੈਂ ਬਹੁਤ ਪ੍ਰਸੰਨ ਹਾਂ। " ਹੁਣ ਅੱਜ ਅਸੀਂ ਇਸਨੂੰ ਇਸ ਤਰ੍ਹਾਂ ਕਹਾਂਗੇ, "ਇਹ ਮੇਰਾ ਪਿਆਰਾ ਪੁੱਤਰ ਹੈ ਜਿਹਦੇ ਅੰਦਰ ਵਾਸ ਕਰਨ ਲਈ ਮੈਂ ਬਹੁਤ ਪ੍ਰਸੰਨ ਹਾਂ। ਉਹ ਹੀ ਸ਼ਬਦ ਹਨ ਪਰ ਉਨ੍ਹਾਂ ਨੂੰ ਜਰਾ ਘੁਮਾ-ਫਿਰਾ ਦਿੱਤਾ ਗਿਆ ਹੈ। ਵੇਖੋ ?

230 ਹੁਣ, ਮੇਰਾ ਕਹਿਣ ਦਾ ਅਰਥ .......ਕਿਰਪਾ ਕਰਕੇ ਤੁਸੀਂ ਮੈਨੂੰ ਮਾਫ ਕਰ ਦਿਓ। ਮੈਂ .....ਅਤੇ ਭਾਈਓ, ਅਤੇ ਮਿੱਤਰੋ, ਜਿਹੜੇ ਤੁਸੀਂ ਬਾਹਰ ਇਨ੍ਹਾਂ ਨੂੰ ਟੇਪਾਂ ਤੇ ਸੁਣਦੇ ਹੋ, ਤੁਸੀਂ ਇਹਨੂੰ ਸੁਣੋ। ਮੇਰਾ ਮਤਲਬ ਇਸਨੂੰ ਇਸ ਤਰ੍ਹਾਂ ਕਹਿਣ ਦਾ ਨਹੀਂ ਸੀ। ਮੈਂ -ਮੈਂ ਖੁਸ਼ਖਬਰੀ ਦਾ ਸੇਵਕ ਹਾਂ; ਜਿਵੇਂ ਕਿ ਮੈਂ ਇਹਦਾ ਕਈ ਵਾਰ ਪ੍ਰਚਾਰ ਕੀਤਾ ਹੈ ਮੈਂ ਜਾਣਦਾ ਸੀ ਕਿ ਇਹ ਸੱਤ ਹਜ਼ਾਰ ਹੀ ਸੀ । ਪਰ ਇਸ ਤਰ੍ਹਾਂ ਹੋਇਆ ਕਿ ਮੇਰੇ ਕੋਲੋਂ ਇਹ ਸੱਤ ਸੌ ਕਹਿ ਹੋ ਗਿਆ। ਮੇਰਾ ਮਤਲਬ ਸੱਤ ਸੌ ਨਹੀਂ ਸੀ। ਮੇਰਾ ਮਤਲਬ ਸੀ .....ਤੁਸੀਂ ....ਮੈਂ ਇਹਨੂੰ ਵਚਨ ਵਿੱਚੋਂ ਨਹੀਂ ਪੜ੍ਹਿਆ ਸੀ। ਜਦੋਂ ਮੈਂ ਦੱਸ ਰਿਹਾ ਸੀ ਤਾਂ ਇਹ ਮੇਰੇ ਦਿਮਾਗ ਵਿੱਚ ਆ ਗਿਆ ਸੀ ;ਮੈਂ ਸੱਤ ਹਜ਼ਾਰ ਕਹਿਣ ਦੀ ਬਜਾਏ ਸੱਤ ਸੌ ਕਹਿ ਦਿੱਤਾ ਸੀ। ਮੇਰੇ ਕੋਲੋਂ ਹੀ ਉਹ ਗਲਤੀ ਹੋਈ ਹੈ। ਮੈਂ ਬਿਲਕੁੱਲ ਹੀ ਇੱਕ ਮੂਰਖ ਹਾਂ, ਇਸ ਲਈ ਮੈਨੂੰ ਮਾਫ ਕਰਨਾ। ਸਮਝੇ? ਮੇਰਾ ਇਸ ਤਰ੍ਹਾਂ ਕਹਿਣ ਦਾ ਮਤਲਬ ਨਹੀਂ ਸੀ।

## 21. ਕੀ ਮਸੀਹ ਦੀ ਲਾੜੀ, ਅਤੇ ਮਸੀਹ ਦੀ ਦੇਹ ਇੱਕ ਹੀ ਹੈ?

231 ਹਾਂ ਜੀ, ਸ਼੍ਰੀਮਾਨ। ਸਮਝੇ?ਹੁਣ, ਇੱਥੇ ......ਹੁਣ, ਵੇਖੋ, ਮੈਂ ਇਹਦੇ ਤੇ ਪ੍ਰਚਾਰ ਕਰਨਾ ਸ਼ੁਰੂ ਨਹੀਂ ਕਰਨਾ ਚਾਹੁੰਦਾ ਹਾਂ, ਕਿਉਂਕਿ ਮੈਂ .......ਮੈਂ ਇਹਦੇ ਤੇ ਪ੍ਰਚਾਰ ਕਰ ਚੁੱਕਾ ਹਾਂ। ਪਰ ਹੁਣ ਮੈਂ ਇਸ ਤਰ੍ਹਾਂ ਨਹੀਂ ਕਰਾਂਗਾ। ਪ੍ਰੰਤੂ ਮੈਂ ਇਹ ਤੁਹਾਨੂੰ ਵਿਖਾਉਣਾ ਚਾਹੁੰਦਾ ਹਾਂ। ਜਦ ਪ੍ਰਮੇਸ਼ੁਰ ਨੇ ਆਦਮ ਨੂੰ ਉਸਦੀ ਪਸਲੀ ਵਿੱਚੋਂ ਕੱਢ ਕੇ ਇੱਕ ਲਾੜੀ ਦਿੱਤੀ ਤਾਂ ਉਸਨੇ ਕਿਹਾ ਸੀ, "ਇਹ ਮੇਰੇ ਮਾਸ ਵਿੱਚੋਂ ਮਾਸ ਅਤੇ ਮੇਰੀ ਹੱਡੀ ਵਿੱਚੋਂ ਹੱਡੀ ਹੈ। " ਕੀ ਇਹ ਠੀਕ ਹੈ?

ਕੀਤੀ ਹੈ ਉਹ ਹੀ ਉਨ੍ਹਾਂ ਬਾਕੀ ਗੱਲਾਂ ਨੂੰ ਸਮਝਣਗੇ। ਜੇ ਉਨ੍ਹਾਂ ਨੇ ਆਗਿਆਕਾਰੀ ਨਹੀਂ ਕੀਤੀ ਹੈ ਤਾਂ ਇਹ ਉਨ੍ਹਾਂ ਦੇ ਸਿਰ ਦੇ ਉੱਪਰ ਦੀ ਚਲੀਆਂ ਜਾਣਗੀਆਂ ਅਤੇ ਇਹ ਗੱਲਾਂ ਉਨ੍ਹਾਂ ਲਈ ਉਸੇ ਤਰ੍ਹਾਂ ਹੀ ਦੂਰ ਹੋਣਗੀਆਂ ਜਿਵੇਂ ਪੂਰਬ ਤੋਂ ਪੱਛਮ ਹੈ। ਇਹ ਬਸ ....

217 ਜਿਵੇਂ ਗਿਦਾਊਨ ਆਪਣੇ ਪੁਰਖਾਂ ਨੂੰ ਅਲੱਗ ਕਰ ਰਿਹਾ ਸੀ,ਉਹ ਹਜ਼ਾਰਾਂ ਹਜ਼ਾਰ ਸਨ। ਖੁਦਾ ਨੇ ਕਿਹਾ, "ਉਹ ਬਹੁਤ ਜਿਆਦਾ ਹਨ। ਉਨ੍ਹਾਂ ਨੂੰ ਫਿਰ ਦੁਬਾਰਾ ਅਲੱਗ ਕਰ। " ਉਸਨੇ ਉਨ੍ਹਾਂ ਨੂੰ ਇੱਕ ਹੋਰ ਪ੍ਰੀਖਿਆ ਦਿੱਤੀ ਅਤੇ ਉਨ੍ਹਾਂ ਨੂੰ ਫਿਰ ਅਲੱਗ ਕੀਤਾ ਅਤੇ ਉਹ ਉਨ੍ਹਾਂ ਨੂੰ ਤਦ ਤੱਕ ਅਲੱਗ ਕਰਦਾ ਰਿਹਾ ਜਦ ਤੱਕ ਕਿ ਬਹੁਤ ਥੋੜੇ ਜਿਹੇ ਨਾ ਰਹਿ ਗਏ। ਫਿਰ ਉਸਨੇ ਕਿਹਾ, "ਇਹ ਉਹ ਝੁੰਡ ਹੈ ਜਿਹਦੇ ਤੋਂ ਮੈਂ ਚਾਹੁੰਦਾ ਹਾਂ ਕਿ ਉਹ ਇਸ ਕੰਮ ਨੂੰ ਕਰਨ। " ਬਿਲਕੁੱਲ ਇਹ ਹੀ ਵਾਪਰਿਆ ਸੀ।

218 ਪੈਂਟੀਂਕਾਸਟਲ ਜਨਾਨੀਆਂ ਜੋ ਕਿ ਅੱਗੇ-ਪਿੱਛੇ ਚੱਲ ਰਹੀਆਂ ਹਨ,ਜੋ ਕਿ ਇੱਥੇ ਬੈਠੀਆਂ ਸੁਣ ਰਹੀਆਂ ਹਨ ਅਤੇ ਵਚਨ ਦੇ ਰਾਹੀਂ ਜਾਣਦੀਆਂ ਹਨ ਕਿ ਇਸ ਤਰ੍ਹਾਂ ਗਲਤ ਹੈ । ਕੀ ਤੁਸੀਂ ਸੋਚਦੇ ਹੋ ਕਿ ਉਹ ਵਚਨ ਦੇ ਅਨੁਸਾਰ ਕੰਮ ਕਰਨਗੀਆਂ? ਨਹੀਂ ਜੀ, ਸ਼੍ਰੀਮਾਨ। ਹਰੇਕ ਸਾਲ ਜਦੋਂ ਵੀ ਮੈਂ ਉੱਥੋਂ ਦੀ ਲੰਘਦਾ ਹਾਂ ਤਾਂ ਉੱਥੇ ਵਾਲ ਕੱਟੀਆਂ ਹੋਈਆਂ ਜਨਾਨੀਆਂ ਦੀ ਗਿਣਤੀ ਉਸ ਨਾਲੋਂ ਕਿਤੇ ਵੱਧ ਹੁੰਦੀ ਹੈ ਜਦੋਂ ਮੈਂ ਉੱਥੋਂ ਦੀ ਲੰਘਣਾ ਸ਼ੁਰੂ ਕੀਤਾ ਹੀ ਸੀ।

219 ਲੋਕ ਕਹਿੰਦੇ ਹਨ, "ਇਸ ਤਰ੍ਹਾਂ ਕੀ ਕਰਨਾ ਹੈ, .....ਤੁਹਾਨੂੰ ਜੋ ਚਾਹੀਦਾ ਹੈ ......ਕਿਸੇ ਨੇ ਮੈਨੂੰ ਕਿਹਾ ਸੀ, "ਕਿਉਂ ਭਾਈ ਬ੍ਰਾਨਹਾਮ ਤੈਨੂੰ ਲੋਕ ਇੱਕ ਨਬੀ ਮੰਨਦੇ ਹਨ, ਤੈਨੂੰ ਨਬੀਆਂ ਵਰਗਾ ਆਦਰ ਦਿੰਦੇ ਹਨ। " ਹੁਣ, ਮੈਂ ਨਹੀਂ ਕਹਿੰਦਾ ਹਾਂ ਕਿ ਮੈਂ ਇੱਕ ਨਬੀ ਹਾਂ । ਕੋਈ ਵੀ ਮੈਨੂੰ ਇਸ ਤਰ੍ਹਾਂ ਕਹਿੰਦੇ ਹੋਏ ਨਹੀਂ ਸੁਣਦਾ ਹੈ। ਪਰ ਮੈਂ ਇਹ ਕਹਾਂਗਾ ਜੇ ਤੁਸੀਂ ਇਸ ਤਰ੍ਹਾਂ ਕੀਤਾ ਹੈ,ਜੇ ਤੁਸੀਂ ਇਸ ਤਰ੍ਹਾਂ ਮੰਨਦੇ ਹੋ ..... ਉਸਨੇ ਕਿਹਾ ਸੀ, "ਕਿਉਂ ਤੂੰ ਲੋਕਾਂ ਨੂੰ ਇਹ ਨਹੀਂ ਸਿਖਾਉਂਦਾ ਕਿ ਕਿਵੇਂ ਪਵਿੱਤਰ ਆਤਮਾ ਪਾਉਣਾ ਹੈ, ਅਤੇ ਕਿਵੇਂ ਇਹ ਪਾਉਣਾ ਹੈ ਅਤੇ ਕਿਵੇਂ ਉਹ ਪਾਉਣਾ ਹੈ ;ਅਤੇ ਕਿਵੇਂ ਵੱਡੇ-ਵੱਡੇ ਆਤਮਿਕ ਵਰਦਾਨਾਂ ਨੂੰ ਪ੍ਰਾਪਤ ਕਰਨਾ ਹੈ ਅਤੇ ਕਲੀਸਿਯਾ ਦੀ ਸਹਾਇਤਾ ਕਰਨੀ ਹੈ ?" ਮੈਂ ਉਨ੍ਹਾਂ ਨੂੰ ਗਣਿਤ ਦਾ ਐਲਜ਼ਬਰਾ ਕਿਵੇਂ ਸਿਖਾ ਸੱਕਦਾ ਹਾਂ ਜਦਕਿ ਉਹ ਹਾਲੇ ਆਪਣਾ ੳ ਅ ੲ ਹੀ ਨਹੀਂ ਸੁਣਦੇ? ਇਹ ਠੀਕ ਗੱਲ ਹੈ। ਤੁਸੀਂ ਪਹਿਲਾਂ ਇਨ੍ਹਾਂ ਛੋਟੇ ਕੰਮਾਂ ਨੂੰ ਕਰੋ। ਤੁਸੀਂ ਇੱਥੇ ਹੇਠਾਂ ਹਲੀਮ ਹੋ ਜਾਓ ਅਤੇ ਇਹਨੂੰ ਖਤਮ ਕਰ ਦਿਓ ਅਤੇ ਚੰਗੇ ਕੰਮ ਕਰਨੇ ਸ਼ੁਰੂ ਕਰੋ। ਆਮੀਨ। ਠੀਕ ਹੈ।

220 ਖੈਰ ਮੈਂ ਕਿਹੜੀ ਗੱਲ ਕਰ ਰਿਹਾ ਸੀ? ਆਓ, ਅਸੀਂ ਇਹਨੂੰ ਵੇਖੀਏ । ਮੇਰਾ ਮਤਲਬ ਉਸ ਵਿਸ਼ੇ ਤੋਂ ਲਾਂਭੇ ਹੋਣਾ ਨਹੀਂ ਸੀ। ਮਾਫ ਕਰਨਾ। ਠੀਕ ਹੈ। ਸਮਝੇ? "ਸਾਡੇ ਵਿੱਚੋਂ ਕੁਝ -ਸਾਡੇ ਵਿੱਚੋਂ ਕੁਝ ਲੋਕ ਇਸ ਗੱਲ ਤੇ ਗੜਬੜ ਵਿੱਚ ਹਨ । ਕੀ ਏਲੀਯਾਹ ਉਹ ਹੀ ਹੈ ਜੋ .....ਜੀ ਹਾਂ ਇਹ ਠੀਕ ਹੈ, ਇਹ ਹੀ ਇਹ ਪ੍ਰਸ਼ਨ ਸੀ।

ਜੀ ਨਹੀਂ,ਇਹ ਏਲੀਯਾਹ ਜੋ ਪਰਾਈਆਂ ਜਾਤੀਆਂ ਦੇ ਲੋਕਾਂ ਕੋਲ ਆਵੇਗਾ ਉਹ ਪਰਾਈਆਂ ਜਾਤੀਆਂ ਵਿੱਚੋਂ ਹੀ ਇੱਕ ਆਦਮੀ ਹੋਵੇਗਾ ਜੋ ਕਿ ਉਸੇ ਆਤਮਾ ਨਾਲ ਮਸ੍ਹਾ ਹੋਵੇਗਾ ਕਿਉਂਕਿ ਪ੍ਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਹਮੇਸ਼ਾਂ ਗੜਬੜ ਵਿੱਚੋਂ ਬਾਹਰ ਕੱਢਣ ਲਈ ਉਸੇ ਹੀ

ਆਤਮਾ ਦਾ ਇਸਤੇਮਾਲ ਕੀਤਾ ਹੈ। ਅਤੇ ਉਸ ਆਤਮਾ ਨੇ ਪ੍ਰਮੇਸ਼ੁਰ ਦੇ ਕੰਮ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ ਹੈ ਸੋ ਉਹ ਫਿਰ ਹੇਠਾਂ ਆਉਂਦਾ ਹੈ। ਕਿਉਂਕਿ (ਸਮਝੇ?) .....ਜੇ ਉਹ ਕਿਸੇ ਬਹੁਤ ਪੜ੍ਹੇ ਲਿਖੇ ਵਿਦਵਾਨ ਨੂੰ ਇਸਤੇਮਾਲ ਕਰਦਾ ਤਾਂ ਉਹ ਇਸੇ ਤਰ੍ਹਾਂ ਦੇ ਬੰਦਿਆਂ ਨੂੰ ਫੜ੍ਹਦਾ।

221 ਉਹ ਤਾਂ ਇੱਕ ਅਜਿਹੇ ਆਦਮੀ ਨੂੰ ਲੈ ਕੇ ਆਉਂਦਾ ਹੈ ਜੋ ਮੁਸ਼ਕਿਲ ਨਾਲ ਹੀ ੳ ਅ ਜਾਣਦਾ ਹੋਵੇ ਅਤੇ ਆਪਣੀ ਭਾਸ਼ਾ ਦਾ ਠੀਕ ਢੰਗ ਨਾਲ ਉਚਾਰਣ ਨਾ ਕਰ ਸੱਕਦਾ ਹੋਵੇ ਅਤੇ ਉਹ ਇਸੇ ਤਰ੍ਹਾਂ ਦਾ ਆਦਮੀ ਹੁੰਦਾ ਹੈ ਜੋ ਜੰਗਲ ਦੀ ਕਿਸੇ ਪੁਰਾਣੀ ਜਿਹੀ ਗੱਲ ਨੂੰ ਹੀ ਲੈ ਕੇ ਉਸੇ ਦੇ ਵਿੱਚ ਦੀ ਹੀ ਵਚਨ ਨੂੰ ਲੈ ਕੇ ਆਉਂਦਾ ਹੈ ਅਤੇ ਅੱਗੇ ਆ ਕੇ ਸਧਾਰਨ ਸਮਝ ਦੇ ਲੋਕਾਂ ਨੂੰ ਸੌਂਪ ਦਿੰਦਾ ਹੈ। [ਭਾਈ ਬ੍ਰਾਨਹਾਮ ਇੱਕ ਵਾਰ ਆਪਣੀਆਂ ਉਂਗਲੀਆਂ ਚਲਾਉਂਦੇ ਹਨ-ਸੰਪਾ] ਅਤੇ ਉਹ ਲੋਕ ਉਸਨੂੰ ਉਸੇ ਤਰ੍ਹਾਂ ਸਮਝ ਜਾਂਦੇ ਹਨ। ਜੇ ਇਹ ਪੜ੍ਹੇ ਲਿਖੇ ਵਿਦਵਾਨ ......

222 ਜਿਵੇਂ ਕਿ ਪੋਲੂਸ ਨੇ ਕਿਹਾ ਸੀ, "ਮੈਂ ਤੁਹਾਡੇ ਕੋਲ ਪੜ੍ਹਾਈ ਦੀ ਸਿੱਖਿਆ ਦੀਆਂ ਗੱਲਾਂ ਲੈ ਕੇ ਨਹੀਂ ਆਇਆ ਬਲਕਿ ਮੈਂ ਤੁਹਾਡੇ ਕੋਲ ਮਸੀਹ ਦੀ ਜੀ ਉੱਠਣ ਦੀ ਸ਼ਕਤੀ ਨਾਲ ਆਇਆ ਹਾਂ। " ਪ੍ਰਮੇਸ਼ੁਰ ਨੂੰ ਅਰਬ ਵਿੱਚ ਉਸ ਵਿੱਚੋਂ ਉਸਦੀ ਸਿੱਖਿਆ ਨੂੰ ਬਾਹਰ ਕੱਢਣ ਲਈ ਸਾਢੇ ਤਿੰਨ ਸਾਲ ਲੱਗੇ ਸਨ। ਮੂਸਾ ਵਿੱਚੋਂ ਇਸਨੂੰ ਬਾਹਰ ਕੱਢਣ ਲਈ ਚਾਲੀ ਸਾਲ ਲੱਗੇ ਸਨ। ਸਮਝੇ? ਇਸੇ ਤਰ੍ਹਾਂ ਹੀ ਹੈ। ਗੱਲ ਇਹ ਹੈ ਕਿ .........ਮੈਂ ਨਹੀਂ ਜਾਣਦਾ ਹਾਂ ਕਿ ਪ੍ਰਮੇਸ਼ੁਰ ਨਹੀਂ .......ਹੁਣ ਮੈਂ ਅਨਪੜ੍ਹਤਾ ਨੂੰ ਬੜਾਵਾ ਨਹੀਂ ਦੇ ਰਿਹਾ ਹਾਂ ਪ੍ਰੰਤੂ ਮੈਂ ਤੁਹਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਉਸਨੂੰ ਨਹੀਂ ਚਾਹੀਦਾ .....ਸਿੱਖਿਆ ਨਹੀਂ .....

223 ਇਸ ਦੁਨੀਆਂ ਦੀ ਬੁੱਧੀ ਪ੍ਰਮੇਸ਼ੁਰ ਦੇ ਉਲਟ ਹੈ। ਖੁਸ਼ਖਬਰੀ ਦੇ ਰਾਹ ਵਿੱਚ ਹਮੇਸ਼ਾਂ ਜੋ ਸੱਭ ਤੋਂ ਵੱਡੀ ਰੁਕਾਵਟ ਆਈ ਹੈ ਉਹ ਪੜ੍ਹਾਈ ਹੈ। ਜੇ ਸਾਡੇ ਕੋਲ ਪੜ੍ਹਾਈ ਨਾ ਹੁੰਦੀ ਤਾਂ ਸਾਡੇ ਕੋਲ ਇਹ ਵੱਡੀਆਂ-ਵੱਡੀਆਂ ਸੈਮਨਰੀਆਂ ਅਤੇ ਇਸੇ ਤਰ੍ਹਾਂ ਦੇ ਧਾਰਮਿਕ ਸਕੂਲ ਜਿਹੜੇ ਹੁਣ ਸਾਡੇ ਕੋਲ ਹਨ ਨਾ ਹੁੰਦੇ। ਤਦ ਤਾਂ ਬਸ ਲੋਕ ਹੁੰਦੇ -ਸਧਾਰਨ ਸਮਝ ਵਾਲੇ ਉਹ ਲੋਕ ਜੋ ਵਚਨ ਨੂੰ ਸੁਣਦੇ ਹੁੰਦੇ। ਪ੍ਰੰਤੂ ਉਹ ਤਾਂ ਬਹੁਤ ਹੀ ਹੁਸ਼ਿਆਰ ਅਤੇ ਉਲਝੇ ਹੋਏ ਹਨ ਅਤੇ ਉੱਥੇ ਬਹੁਤ ਜਕੜੇ ਹੋਏ ਹਨ,ਉਹ ਇਨ੍ਹਾਂ ਮਿਸ਼ਨਾਂ ਵਿੱਚ ਇੰਨੇ ਜਕੜੇ ਹੋਏ ਹਨ ਕਿ ਉਹ ਉਨ੍ਹਾਂ ਦੇ ਨਾਲ ਹੀ ਰਹਿਣਾ ਚਾਹੁੰਦੇ ਹਨ। ਉਨ੍ਹਾਂ ਦੇ ਬਾਰੇ ਵਿੱਚ ਬਸ ਇਹੋ ਹੀ ਹੈ। ਉਹ ਤਾਂ ਉਸੇ ਆਤਮਾ ਨੂੰ ਹੀ ਲੈਂਦੇ ਹਨ। ਕੀ ਤੁਸੀਂ ਕਿਸੇ ਭਲੀ ਔਰਤ ਨੂੰ ਲੈ ਕੇ ਉਸਦਾ ਵਿਆਹ ਕਿਸੇ ਨੀਚ ਆਦਮੀਂ ਨਾਲ ਕੀਤਾ ਹੈ ? ਜਾਂ ਤਾਂ ਉਹ ਨੀਚ ਆਦਮੀ ਉਸ ਔਰਤ ਵਾਂਗ ਇੱਕ ਭਲਾ ਆਦਮੀ ਬਣ ਜਾਵੇਗਾ ਜਾਂ ਫਿਰ ਉਹ ਔਰਤ ਉਸੇ ਤਰ੍ਹਾਂ ਹੀ ਨੀਚ ਬਣ ਜਾਵੇਗੀ ਜਿਸ ਤਰ੍ਹਾਂ ਉਹ ਆਦਮੀ ਹੈ। ਸਮਝੇ? ਇਹ ਠੀਕ ਗੱਲ ਹੈ।

224 ਇਹ ਹੀ ਕਾਰਨ ਹੈ ਕਿ ਉਸਨੇ ਕਿਹਾ ਸੀ, "ਤੁਸੀਂ ਉਹਨਾਂ ਵਿੱਚੋਂ ਬਾਹਰ ਨਿੱਕਲ ਆਓ, ਜਦ ਕਿ ਮੈਂ ਸੁਰਗ ਤੇ ਉਠਾਏ ਜਾਣ -ਸੁਰਗ ਤੇ ਉਠਾਏ ਜਾਣ ਲਈ ਤਿਆਰੀ ਕਰ ਰਿਹਾ ਹਾਂ। ਤੁਹਾਡੇ ਕੋਲ ਤਾਂ ਕਿਸੇ ਤਰ੍ਹਾਂ ਦਾ ਇੱਕ ਵਿਸ਼ਵਾਸ਼ ਹੋਣਾ ਚਾਹੀਦਾ ਹੈ ਜੋ ਤੁਹਾਨੂੰ ਇੱਥੋਂ ਬਾਹਰ ਕੱਢੇਗਾ।

## 18. ਦਾਨੀਏਲ 9:27 ਦਾ ਨੇਮ ਕਦੋਂ ਇੱਕ ਹਫਤੇ ਲਈ ਬੰਨ੍ਹਿਆ ਗਿਆ ਸੀ?

225 ਇਸ ਨੇਮ ਦਾ ਅੱਧਾ ਭਾਗ ਉਸ ਸਮੇਂ ਬੰਨ੍ਹਿਆ ਗਿਆ ਸੀ ਜਦ ਯਿਸੂ ਮਸੀਹ ਧਰਤੀ ਉੱਤੇ ਯਹੂਦੀਆਂ ਨੂੰ ਪ੍ਰਚਾਰ ਕਰ ਰਿਹਾ ਸੀ। ਉਹ ਕਦੇ ਵੀ ਪਰਾਈਆਂ ਜਾਤੀਆਂ ਦੇ ਕੋਲ ਨਹੀਂ ਗਿਆ



ਸੀ। ਅਤੇ ਉਸਨੇ ਆਪਣੇ ਚੇਲਿਆਂ ਨੂੰ ਦੱਸਿਆ ਸੀ ਕਿ, "ਪਰਾਈਆਂ ਜਾਤੀਆਂ ਦੇ ਰਾਹ ਨਾ ਜਾਣਾ।" ਉਹ ਸਮਾਂ ਸਿਰਫ ਯਹੂਦੀਆਂ ਲਈ ਹੀ ਸੀ। ਸਮਝੇ? ਅਤੇ ਉਸਨੇ ਸਾਢੇ ਤਿੰਨ ਸਾਲ ਪ੍ਰਚਾਰ ਕੀਤਾ ਸੀ। ਹੁਣ, ਇਹ ਸੱਤਰਵੇਂ ਸਾਤੇ ਦਾ ਆਖਰੀ ਭਾਗ ਹੈ ਜਿਵੇਂ ਕਿ ਦਾਨੀਏਲ ਨੇ ਕਿਹਾ ਸੀ ਕਿ ਉਹ ਕਰੇਗਾ।

226 ਹੁਣ ਯਾਦ ਰੱਖੋ ਉਸਦੀ ਪੱਕੇ ਤੋਰ ਤੇ ਯਹੂਦੀਆਂ ਨੂੰ ਪਛਾਣ ਕਰਵਾਈ ਗਈ ਸੀ। ਪਰ ਉਹਨਾਂ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਗਈਆਂ ਸਨ ਤਾਂ ਕਿ ਉਹਦੇ ਦਰਮਿਆਨ ਪਰਾਈਆਂ ਜਾਤੀਆਂ ਨੂੰ ਸਮਾਂ ਦਿੱਤਾ ਜਾ ਸਕੇ। ਕੀ ਤੁਸੀਂ ਸਾਰੀ ਯੋਜਨਾ ਨੂੰ ਨਹੀਂ ਵੇਖ ਸੱਕਦੇ ਹੋ ?ਅਤੇ ਉਸਨੇ ਆਪਣੇ ਆਪ ਨੂੰ ਇੱਕ ਨਬੀ ਸਾਬਤ ਕੀਤਾ ਸੀ, ਉਸਨੇ ਉਨ੍ਹਾਂ ਨੂੰ ਇੱਕ ਨਬੀ ਵਾਲਾ ਚਿੰਨ੍ਹ ਵਿਖਾਇਆ ਸੀ ਜਦਕਿ ਤੁਹਾਡੀ ਆਪਣੀ ਲਿਖਤ ਕਹਿੰਦੀ ਹੈ ਕਿ ਜੇ ਕੋਈ ਆਖਦਾ ਹੈ ਕਿ ਉਹ ਆਤਮਿਕ ਜਾਂ ਨਬੀ ਹੈ ਤਾਂ ਉਸਦੀ ਗੱਲ ਵੱਲ ਧਿਆਨ ਦਿਓ ਉਹ ਕੀ ਕਹਿੰਦਾ ਹੈ, ਅਤੇ ਜੇ ਉਹ ਪੂਰਾ ਹੁੰਦਾ ਹੈ ਅਤੇ ਵਾਰ ਵਾਰ ਪੂਰਾ ਹੁੰਦਾ ਹੈ ਤਾਂ ਉਹ ਕਹਿੰਦਾ ਹੈ ....."

227 ਤੁਸੀਂ ਬਾਈਬਲ ਵਿੱਚ ਵੇਖੋ, ਕਿਹਾ ਗਿਆ ਹੈ, "ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ,ਲੱਭੋ ਤਾਂ ਤੁਹਾਨੂੰ ਮਿਲੇਗਾ। " ਹੁਣ ਜੇ ਤੁਸੀਂ ਧਿਆਨ ਦਿਓ ਤਾਂ ਇਹ ਖੜਕਾਉਣਾ ਹੈ [ਭਾਈ ਬ੍ਰਾਨਹਾਮ ਤੇਈ ਵਾਰ ਪੁਲਪਿਟ ਖੜਕਾਉਂਦੇ ਹਨ] ਤੁਸੀਂ ਬਸ ਉੱਥੇ ਹੀ ਖੜੇ ਰਹੋ । ਜਿਵੇਂ ਉਹ ਕੁਧਰਮੀ ਰਾਜਾ ਉਸ ਔਰਤ ਨੂੰ ਜਵਾਬ ਨਹੀਂ ਦਿੰਦਾ ਸੀ, ਉਹ ਔਰਤ ਉਸਦੇ ਦਰਵਾਜੇ ਨੂੰ ਖੜਕਾਉਂਦੀ ਰਹੀ। "ਮੈਂ ਤੇਰੇ ਹੱਥਾਂ ਵਿੱਚ ਹਾਂ। " [ਭਾਈ ਬ੍ਰਾਨਹਾਮ ਪੁਲਪਿਟ ਨੂੰ ਖੜਕਾਉਣਾ ਬੰਦ ਕਰਦੇ ਹਨ]ਤੁਸੀਂ ਲੱਭਣਾ ਤਾਂ ਚਾਹੁੰਦੇ ਨਹੀਂ ਹੋ ਪ੍ਰੰਤੂ ਕਹਿੰਦੇ ਹੋ, "ਪ੍ਰਭੂ ਮੈਂ ਚਾਹੁੰਦਾ ਹਾਂ ਕਿ ਸਾਡੇ ਕੋਲ ਇਹ ਹੀ ਹੋਵੇ। ਆਮੀਨ। " ਇਸ ਤਰ੍ਹਾਂ ਨਹੀਂ ਕਰਨਾ ਹੈ। ਤੁਸੀਂ ਉੱਥੇ ਤਦ ਤੱਕ ਖੜੇ ਰਹੋ ਜਦ ਤੱਕ ਕਿ ਤੁਹਾਨੂੰ ਉਹ ਮਿਲ ਨਹੀਂ ਜਾਂਦਾ ਹੈ। ਤੁਸੀਂ ਜਾਣਦੇ ਹੋ ਕਿ ਉਹ ਤੁਹਾਨੂੰ ਮਿਲਣ ਜਾ ਰਿਹਾ ਹੈ। ਸੋ ਉਸਨੇ ਇਹਦਾ ਵਾਅਦਾ ਕੀਤਾ ਹੈ ਇਸ ਲਈ ਤੁਸੀਂ ਉੱਥੇ ਤਦ ਤੱਕ ਖੜੇ ਰਹੋ ਜਦ ਤੱਕ ਕਿ ਤੁਸੀਂ ਉਹ ਪ੍ਰਾਪਤ ਨਹੀਂ ਕਰ ਲੈਂਦੇ ਹੋ। ਸਮਝੇ?

ਹੁਣ, ਸੱਤਰਵੇਂ ਸਾਤੇ ਦਾ ਆਖਰੀ ਭਾਗ, ਇਸਦਾ ਆਖਰੀ ਭਾਗ ਕਲੀਸਿਯਾ ਦੇ ਸੁਰਗ ਵਿੱਚ ਉਠਾਏ ਜਾਣ ਤੋਂ ਬਾਦ ਕਸ਼ਟ ਕਾਲ ਦੇ ਸਮੇਂ ਦੋਰਾਨ ਹੁੰਦਾ ਹੈ। ਫਿਰ ਇੱਥੇ ਸਾਢੇ ਤਿੰਨ ਸਾਲ ਬਾਕੀ ਹਨ ਅਤੇ ਉਸ ਦਾ ਸਬੂਤ ਪ੍ਰਕਾਸ਼ ਪੋਥੀ 11 ਬਾਬ ਦੇ ਦੋ ਨਬੀਆਂ ਮੂਸਾ ਅਤੇ ਏਲੀਯਾਹ ਦੇ ਰਾਹੀਂ ਹੋਵੇਗਾ। ਹੁਣ ਆਓ ਅਸੀਂ ਵੇਖੀਏ ਕਿ ਇਹ ਪ੍ਰਸ਼ਨ ਕੀ ਹੈ।

## 19. ਜੇ ਤੁਸੀਂ ਉਸਦੇ ਚੁਣਿਆਂ ਹੋਇਆਂ ਵਿੱਚੋਂ ਇੱਕ ਹੋ, ਤਾਂ ਕੀ ਤੁਸੀਂ ਲਾੜੀ ਦੇ ਨਾਲ ਉੱਪਰ ਜਾਓਗੇ ?

ਹਾਂ, ਹਾਂ ਸ਼੍ਰੀਮਾਨ ਜੀ ਇਹ ਬੜਾ ਅਸਾਨ ਸਵਾਲ ਹੈ।

## 20. ਭਾਈ ਬ੍ਰਾਨਹਾਮ ਕੀ ਤੁਹਾਡਾ ਮਤਲਬ ਇਹ ਸੱਤ ਹਜ਼ਾਰ ਸੀ ਜਿਨ੍ਹਾਂ ਨੇ ਆਪਣੇ ਗੋਡੇ ਬਆਲ ਦੇ ਅੱਗ ਨਹੀ ਟੇਕੇ ਸਨ। ਜਾਂ ਤੁਹਾਡਾ ਮਤਲਬ ਸੱਤ ਸੌ ਤੋਂ ਸੀ ?